Punjabi Parwaz

# ਪੰਜਾਬੀ ਪਰਵਾਜ਼

ਅੰਕ 49ਵਾਂ (ਸ਼ਿਕਾਗੋ): 29 ਮਾਰਚ ਤੋਂ 11 ਅਪਰੈਲ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਦਿਸ਼ਾ ਤੇ ਲਕਸ਼ਹੀਨ ਹੈ ਪੰਜਾਬ ਦੀ ਸਿਆਸਤ

### *ਕਿਸਾਨ ਆਗੂਆਂ ਦਾ ਪੱਧਰ- ਜਿਹੜੇ ਰੋਗ ਨਾਲ ਬੱਕਰੀ ਮਰਗੀ, ਉਹੀਓ ਰੋਗ ਪਠੋਰੀ ਨੂੰ

**ਜਸਵੀਰ ਸਿੰਘ ਸ਼ੀਰੀ**

ਕਿਸੇ ਖਿੱਤੇ/ਮੁਲਕ ਦੀ ਸਿਆਸਤ ਜਦੋਂ ਆਪਣੇ ਰੁਤਬੇ ਕਇਮ ਰੱਖਣ ਜਾਂ ਕਿਸੇ ਵੀ ਕੀਮਤ 'ਤੇ ਆਪਣੀ ਕੁਰਸੀ ਨੂੰ ਬਚਾਈ ਰੱਖਣ 'ਤੇ ਕੇਂਦਰਿਤ ਹੋ ਜਾਵੇ ਤਾਂ ਉਸ ਨੂੰ ਆਪਣੇ ਨਿਸ਼ਾਨੇ (ਲਕਸ਼, ਗੋਲਜ਼) ਭੁੱਲ ਜਾਂਦੇ ਹਨ। ਆਪਣੇ ਨਿਸ਼ਾਨਿਆਂ ਨੂੰ ਵਿਸਾਰ ਦੇਣ ਕਾਰਨ ਇਹ ਦਿਸ਼ਾਹੀਣ ਵੀ ਹੋ ਜਾਂਦੀ ਹੈ। ਇਸ ਹਾਲਤ ਵਿੱਚ ਜਿਹੜਾ ਰੋਲ-ਘਚੋਲਾ ਅਤੇ ਆਪਾਧਾਪੀ ਪੈਦਾ ਹੁੰਦੀ ਹੈ, ਉਸ ਵਿੱਚ ਰਾਜਨੀਤਿਕ ਪਾਰਟੀਆਂ ਦਾ ਆਪਣਾ ਕਾਡਰ ਅਤੇ ਆਮ ਲੋਕ ਬੇਹੱਦ ਨਿਰਾਸ਼, ਬੇਲਾਗ ਜਾਂ ਸਰੋਕਾਰਹੀਣ ਹੋ ਜਾਂਦੇ ਹਨ। ਅਜਿਹੀ ਹੀ ਹਾਲਤ ਅੱਜ ਪੰਜਾਬ ਵਿੱਚ ਹੋਈ ਪਈ ਹੈ।

ਪੰਜਾਬ ਦੇ ਆਮ ਲੋਕਾਂ ਨੂੰ ਕੁੱਝ ਵੀ ਪਤਾ ਨਹੀਂ ਲੱਗ ਰਿਹਾ ਕਿ ਕਿਸ ਦੇ ਨੇੜੇ ਜਾਈਏ ਅਤੇ ਕਿਸ ਤੋਂ ਦੂਰੀ ਬਣਾਈਏ। ਜਾਂ ਇਹ ਕਿ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਿਹੜੀ ਪਾਰਟੀ ਜਾਂ ਕਿਹੜਾ ਆਗੂ ਕਰ ਸਕਦਾ ਹੈ।

ਵਿਸ਼ੇਸ਼ ਕਰਕੇ ਅਕਾਲੀ ਦਲ ਦਾ ਖੱਖੜੀਆਂ ਕਰੇਲੇ ਹੋਣਾ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਕਿਸੇ ਹੋਰ ਪਾਰਟੀ ਦੇ ਨਾ ਉਭਰ ਸਕਣ ਕਾਰਨ ਸਿੱਖ ਆਵਾਮ ਵਿੱਚ ਵਧਰੇ ਬੇਚੈਨੀ ਨਜ਼ਰ ਆ ਰਹੀ ਹੈ। ਪੰਜਾਬ ਦੇ ਪ੍ਰਸ਼ਾਸਨ ਨੂੰ ਸਾਫ ਸੁਥਰਾ ਅਤੇ ਟਣਾ-ਟਣ ਕਰ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਵੀ ਪਿਛਲੇ ਸਾਡੇ ਤਿੰਨ ਸਾਲਾਂ ਵਿੱਚ ਬਹੁਤਾ ਕੁਝ ਨਹੀਂ ਕਰ ਸਕੀ। ਹਾਲਾਤ ਜੈਸੇ ਥੇ ਵਾਲੀ ਹੈ। ਸਗੋਂ ਪੰਜਾਬ ਸਿਰ ਕਰਜ਼ਾ ਪਹਿਲੀਆਂ ਸਰਕਾਰਾਂ ਨਾਲੋਂ ਵੀ ਤੇਜ਼ੀ ਨਾਲ ਵਧਿਆ ਹੈ। ਹੋਰ ਕਰਜ਼ਾ ਚੁੱਕ-ਚੁੱਕ ਕੇ ਵਧ ਰਹੇ ਕਰਜ਼ੇ ਦਾ ਵਿਆਜ਼ ਮੋੜਿਆ ਜਾ ਰਿਹਾ। ਜਦੋਂ ਕਿਸੇ ਵਿਅਕਤੀ/ਕੌਮ ਦਾ ਕਰਜ਼ਾ ਉਸ ਦੀ ਆਪਣੀ ਆਰਥਿਕ ਹੈਸੀਅਤ/ਆਮਦਨੀ ਨਾਲੋਂ ਵਧ ਜਾਵੇ ਅਤੇ ਅਗਾਂਹ ਹੋਰ ਲਿਆ ਜਾਣ ਵਾਲਾ ਕਰਜ਼ਾ ਗੈਰ-ਪੈਦਾਵਾਰੀ ਖੇਤਰਾਂ ਵਿੱਚ ਖਪਾਇਆ ਜਾਣ ਲੱਗੇ, ਤਾਂ ਤਬਾਹੀ ਤੈਅ ਹੁੰਦੀ ਹੈ।

ਇਸ ਸਾਰੀ ਸਥਿਤੀ ਦਰਮਿਆਨ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਕਿਸਾਨ ਮੋਰਚਿਆਂ ਨੂੰ ਬਿਨਾ ਕਿਸੇ ਪ੍ਰਾਪਤੀ ਦੇ ਪੰਜਾਬ ਪੁਲਿਸ ਅਤੇ ਸਰਕਾਰ ਵੱਲੋਂ ਖਦੇੜ ਦਿੱਤੇ ਜਾਣ ਨਾਲ ਇਹ ਨਿਰਾਸ਼ਾ ਅਤੇ ਬੇਚੈਨੀ ਹੋਰ ਵਧ ਗਈ ਹੈ, ਭਾਵੇਂ ਕਿ ਇਸ ਦਾ ਕਿਧਰੇ ਪ੍ਰਗਟਾਵਾ ਅਤੇ ਫੁਟਾਰਾ ਹਾਲ ਦੀ ਘੜੀ ਨਹੀਂ ਹੋ ਰਿਹਾ। ਸਾਡੇ ਕਿਸਾਨ ਲੀਡਰ ਵੀ ਉਸੇ ਕਿਸਮ ਦੀ ਮਰਜ਼ ਦਾ ਸ਼ਿਕਾਰ ਹਨ, ਜਿਹੜੀ ਸਿਆਸੀ ਲੀਡਰਾਂ ਨੂੰ ਲੱਗੀ ਹੋਈ ਹੈ। ਇਹ ਹੈ ਆਪਣੀ ਹੈਸੀਅਤ/ਸ਼ਖਸੀਅਤ ਨੂੰ ਅਸਲ ਨਾਲੋਂ ਵਧਾ ਕੇ ਵੇਖਣਾ ਜਾਂ ਪੇਸ਼ ਕਰਨਾ। ਬੋਦੀਆਂ ਸ਼ਖਸੀਅਤਾਂ ਦੇ ਇਹ ਲਿਫਾਫੇ ਹਉਮੈ ਦੀ ਹਵਾ ਨਾਲ ਭਰੇ ਹੁੰਦੇ ਹਨ। ਕੋਈ ਕੰਡਾ ਵੀ ਚੁਭ ਜਾਵੇ ਤਾਂ ਖਾਲੀ ਹਵਾ ਨਾਲ ਭਰੇ ਗੁਬਾਰੇ ਵਾਂਗ ਪਿਚਕ ਜਾਂਦੇ ਹਨ।

ਪਿਛਲੇ ਸਾਲ ਫਰਵਰੀ ਮਹੀਨੇ ਵਿੱਚ ਗੈਰ-ਸਿਆਸੀ ਸੰਯੁਕਤ ਕਿਸਾਨ ਮੋਰਚਾ ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਦੀ ਅਗਵਾਈ ਵਿੱਚ ਕਿਸਾਨ ਇੱਕ ਵਾਰ ਫਿਰ ਕਿਸਾਨ ਮੋਰਚਾ ਲਗਾਉਣ ਲਈ ਦਿੱਲੀ ਨੂੰ ਤੁਰ ਪਏ ਸਨ। ਇਹ ਵੀ ਨਹੀਂ ਸੋਚਿਆ ਕਿ ਪਹਿਲੇ ਕਿਸਾਨ ਮੋਰਚੇ ਦੇ ਤਜ਼ਰਬੇ ਕਾਰਨ ਸਰਕਾਰ ਪਹਿਲਾਂ ਨਾਲੋਂ ਵੱਧ ਸੁਚੇਤ ਅਤੇ ਸਤਰਕ ਹੈ। ਉਨ੍ਹਾਂ ਵੀ ਕੁਝ ਸਬਕ ਸਿੱਖੇ ਹੋਣਗੇ ਪਿਛਲੇ ਮੋਰਚੇ ਤੋਂ। ਅਗਲਿਆਂ ਪੰਜਾਬ-ਹਰਿਆਣਾ ਦਾ ਬਾਰਡਰ ਵੀ ਨਹੀਂ ਟੱਪਣ ਦਿੱਤਾ, ਪਹਿਲਾਂ ਰੋਕ ਲਏ। ਅੱਗੇ ਵਧਣ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ, ਪਰ ਹਰਿਆਣਾ ਵਿੱਚ ਡਬਲ ਇੰਜਣ ਦੀ ਸਰਕਾਰ, ਅਗਲਿਆਂ ਫਿਰ ਕਿੱਲ ਗੱਡ ਦਿੱਤੇ ਜੀ.ਟੀ. ਰੋਡ 'ਤੇ ਕੰਕਰੀਟ ਦੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ। ਇਨ੍ਹਾਂ ਪਿੱਛੇ ਫੌਜ, ਪੁਲਿਸ ਅਤੇ ਨੀਮ ਸੁਰੱਖਿਆ ਦਸਤੇ ਇੰਜ ਤਾਣ ਦਿੱਤੇ ਜਿਵੇਂ ਕਿਸੇ ਦੁਸ਼ਮਣ ਦੇਸ਼ ਨਾਲ ਜੰਗ ਦਾ ਡਰ ਹੋਵੇ। ਪੰਜਾਬ-ਹਰਿਆਣਾ ਦਾ ਬਾਰਡਰ ਸ਼ੰਭੂ ਅਤੇ ਖਨੌਰੀ ਵਿੱਚ ਇੰਝ ਜਾਪਣ ਲੱਗਾ ਜਿਵੇਂ ਭਾਰਤ-ਪਾਕਿਸਤਾਨ ਦੀ ਸਰਹੱਦ ਹੋਵੇ। ਕਿਸਾਨਾਂ ਨੇ ਬਹੁਤ ਵਾਰ ਅੱਗੇ ਵਧਣ ਦਾ ਯਤਨ ਕੀਤਾ, ਪਰ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਦੀ ਬੌਛਾੜ ਇੰਨੀ ਤਿੱਖੀ ਸੀ ਕਿ ਅਜਿਹਾ ਸੰਭਵ ਹੀ ਨਹੀਂ ਸੀ। ਕਿਸਾਨਾਂ ਦੇ ਸਿਰਾਂ 'ਤੇ ਦੁਸ਼ਮਣ ਦੇ ਜਹਾਜ਼ਾਂ ਵਾਂਗ ਡਰੋਨਾਂ ਉੱਡਣ ਲੱਗੀਆਂ- ਸਰਵੀਲੈਂਸ ਲਈ ਅਤੇ ਅੱਥਰੂ ਗੈਸ ਦੇ ਗੋਲੇ ਵਰ੍ਹਾਉਣ ਲਈ ਵੀ। ਮੁੱਢ ਵਿੱਚ ਕੇਂਦਰ ਸਰਕਾਰ ਨੇ ਗੱਲ ਤੋਰੀ, ਪਰ ਫਿਰ ਲੰਮੀ ਚੁੱਪ ਵੱਟ ਲਈ, ਨਾ ਚੂੰ ਨਾ ਚਾਂ। ਰਬੜ ਦੀਆਂ ਗੋਲੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਦੇ ਰਹੇ, ਜਿਨ੍ਹਾਂ ਨਾਲ 450 ਦੇ ਕਰੀਬ ਕਿਸਾਨ ਫੱਟੜ ਹੋਏ। ਕਈ ਗੰਭੀਰ ਜ਼ਖਮੀ ਵੀ ਹੋਏ, ਜਿਨ੍ਹਾਂ ਨੂੰ ਵੱਡੇ ਹਸਪਤਾਲਾਂ ਵਿੱਚ ਦਾਖਲ ਕਰਵਾਉਣਾ ਪਿਆ। ਅਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਲੱਗਣ ਕਾਰਨ ਕਈਆਂ ਦੀ ਨਜ਼ਰ ਵੀ ਚਲੀ ਗਈ।

ਖਨੌਰੀ ਬਾਰਡਰ 'ਤੇ ਵੀ ਇਹ ਸਾਰਾ ਕੁਝ ਵਾਪਰਿਆ। ਇਸ ਤੋਂ ਵੀ ਵੱਧ। ਸਿੱਧੀ ਸਿਰ ਵਿੱਚ ਗੋਲੀ ਲੱਗਣ ਕਾਰਨ ਮਾਲਵੇ ਦੇ ਨੌਜਵਾਨ ਸ਼ੁਭਕਰਨ ਦੀ ਮੌਤ ਹੋ ਗਈ। ਹਰਿਆਣਾ ਪੁਲਿਸ ਅਤੇ ਨੀਮ ਸੁਰੱਖਿਆ ਦਸਤਿਆਂ ਨੇ ਪੰਜਾਬ ਵਾਲੇ ਪਾਸੇ ਦਾਖਲ ਹੋ ਕੇ ਕਿਸਾਨਾਂ ਦੇ ਟਰੈਕਟਰ, ਕਾਰਾਂ, ਏ.ਸੀ., ਰਿਹਾਇਸ਼ ਲਈ ਬਣਾਏ ਆਰਜੀ ਘਰੌਂਦੇ ਭੰਨੇ। ਬਹੁਤ ਸਾਰੇ ਟਰੈਕਟਰਾਂ, ਕਾਰਾਂ ਦੇ ਇੰਜਣਾ ਵਿੱਚ ਮਿੱਟੀ ਪਾ ਦਿੱਤੀ। ਦੋ ਨੌਜਵਾਨਾਂ ਨੂੰ ਚੁੱਕ ਕੇ ਬੋਰੀ ਵਿੱਚ ਪਾ ਕੇ ਡੰਗਰਾਂ ਵਾਂਗ ਕੁੱਟਿਆ। ਹੱਡ ਪੈਰ ਤੋੜੇ, ਇੱਕ ਦਾ ਜਬ੍ਹਾੜਾ ਤੋੜ ਦਿੱਤਾ। ਕੋਈ ਪੁੱਛ ਗਿੱਛ ਨਹੀਂ। ਨਾ ਕੋਈ ਜਵਾਬਦੇਹੀ। ਕਈ ਬਿਮਾਰੀਆਂ ਕਾਰਨ ਮੋਰਚਿਆਂ 'ਤੇ ਚੱਲ ਵੱਸੇ। ਇਸ ਤੋਂ ਇਲਾਵਾ ਕਾਫੀ ਗਿਣਤੀ ਉਨ੍ਹਾਂ ਦੀ ਵੀ ਹੈ, ਜਿਨ੍ਹਾਂ ਦੀ ਸੜਕ ਹਾਦਸਿਆਂ ਵਿੱਚ ਮੌਤ ਹੋਈ। ਜਿਨ੍ਹਾਂ ਘਰਾਂ ਵਿੱਚ ਸੱਥਰ ਵਿਛੇ, ਉਨ੍ਹਾਂ ਦੇ ਜੀਆਂ ਨੇ ਮੁੜ ਕੇ ਨਹੀਂ ਆਉਣਾ। ਇਨ੍ਹਾਂ ਵਿੱਚੋਂ ਜਿਹੜੇ ਕਮਾਊ ਸਨ, ਉਨ੍ਹਾਂ ਦੇ ਟੱਬਰਾਂ ਦਾ ਘਾਟਾ

⇒ ਬਾਕੀ ਸਫਾ 6 ਉਤੇ ਪੜ੍ਹੋ

## ਫਿਰ ਹੋਣ ਲੱਗੀ ਗਾਜ਼ਾ ਦੇ ਥੇਹਾਂ 'ਤੇ ਇਜ਼ਰਾਇਲੀ ਬੰਬਾਰੀ

**ਜਸਵੀਰ ਸਿੰਘ ਮਾਂਗਟ**

ਗਾਜ਼ਾ ਜੰਗ ਦੇ ਮਾਮਲੇ ਵਿੱਚ ਇਜ਼ਰਾਇਲੀਆਂ ਨੇ ਇਕਪਾਸੜ ਤੌਰ 'ਤੇ ਜੰਗਬੰਦੀ ਤੋੜ ਦਿੱਤੀ ਹੈ ਅਤੇ ਤਕਰੀਬਨ ਪਿਛਲੇ ਇੱਕ ਹਫਤੇ ਤੋਂ ਹਵਾਈ ਹਮਲੇ ਮੁੜ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਹਮਲਿਆਂ ਵਿੱਚ ਦਰਜਨਾਂ ਲੋਕ ਹਰ ਰੋਜ਼ ਮਾਰੇ ਜਾ ਰਹੇ ਹਨ। ਬੇਬਸ ਅਤੇ ਬੇਹਥਿਆਰ ਲੋਕਾਂ 'ਤੇ ਬੰਬਾਰੀ ਕੀਤੀ ਜਾ ਰਹੀ ਹੈ। ਇਨ੍ਹਾਂ ਹਮਲਿਆਂ ਵਿੱਚ ਸਭ ਤੋਂ ਜ਼ਿਆਦਾ ਮੌਤਾਂ ਬੱਚਿਆਂ ਦੀਆਂ ਹੋ ਰਹੀਆਂ ਹਨ। ਤਕਰੀਬਨ 270 ਬੱਚੇ ਇਨ੍ਹਾਂ ਹਮਲਿਆਂ ਵਿੱਚ ਪਿਛਲੇ ਇੱਕ ਹਫਤੇ ਵਿੱਚ ਹੀ ਮਾਰੇ ਗਏ ਹਨ। ਇਸ ਬੰਬਾਰੀ ਵਿੱਚ ਕਤਰ ਦੇ ਅਲਜਜ਼ੀਰਾ ਚੈਨਲ ਦੇ ਪੱਤਰਕਾਰ ਹੋਸਮ ਸ਼ਬਾਤ ਦੀ ਵੀ ਮੌਤ ਹੋ ਗਈ ਹੈ। ਇਜ਼ਰਾਇਲੀ ਹਮਲਿਆਂ ਵਿੱਚ ਮੀਡੀਆ ਕਰਮੀਆਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਹਨ। ਵੈਸਟ ਬੈਂਕ ਦੇ ਵਸਨੀਕ ਅਤੇ ਆਸਕਰ ਐਵਾਰਡ ਜਿੱਤਣ ਵਾਲੀ 'ਨੋ ਅਦਰ ਲੈਂਡ' ਫਿਲਮ ਬਣਾਉਣ ਵਾਲੇ ਫਲਿਸਤੀਨੀ ਫਿਲਮਕਾਰ ਹਾਦਮ ਬਲਾਲ ਦੀ ਇਜ਼ਰਾਇਲੀ ਸੁਰੱਖਿਆ ਦਸਤਿਆਂ ਨੇ ਹਿਰਾਸਤ ਵਿੱਚ ਲੈਣ ਤੋਂ ਬਾਅਦ ਕੁੱਟਮਾਰ ਕੀਤੀ। ਉਸ ਨੂੰ ਜਦੋਂ ਰਿਹਾਅ ਕੀਤਾ ਗਿਆ ਤਾਂ ਚਿਹਰੇ ਉਤੇ ਝਰੀਟਾਂ ਪਈਆਂ ਹੋਈਆਂ ਸਨ ਅਤੇ ਸਿਰ ਦੇ ਜਖਮਾਂ 'ਚੋਂ ਖੂਨ ਵਹਿ ਰਿਹਾ ਸੀ।

⇒ ਬਾਕੀ ਸਫਾ 17 ਉਤੇ ਪੜ੍ਹੋ









# ਡੀਲਿਮੀਟੇਸ਼ਨ ਦੀ ਮੁਹਿੰਮ ਨੇ ਫਿਰ ਉਭਾਰਿਆ ਸੱਤਾ ਦੇ ਵਿਕੇਂਦਰੀਕਰਨ ਦਾ ਮਸਲਾ

ਪੰਜਾਬੀ ਪਰਵਾਜ਼ ਬਿਊਰੋ


***ਤਾਮਿਲਨਾਡੂ ਦੇ ਮੁੱਖ ਮੰਤਰੀ ਦੀ ਅਗਵਾਈ 'ਚ ਸਾਂਝੀ ਐਕਸ਼ਨ ਕਮੇਟੀ ਕਾਇਮ***

***ਪੰਜਾਬ ਵੀ ਬਣਿਆ ਇਸ ਮੁਹਿੰਮ ਦਾ ਹਿੱਸਾ***

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਵੱਲੋਂ ਭਾਰਤ ਸਰਕਾਰ ਦੁਆਰਾ ਤਜਵੀਜ਼ਤ ਡੀਲਿਮੀਟੇਸ਼ਨ ਸਕੀਮ ਦਾ ਵਿਰੋਧ ਇਨ੍ਹੀਂ ਦਿਨੀਂ ਅਸਾਵੇਂ ਕੇਂਦਰ-ਰਾਜ ਸੰਬੰਧਾਂ ਦੇ ਮਾਮਲੇ ਨੂੰ ਇੱਕ ਵਾਰ ਫਿਰ ਉਭਾਰ ਰਿਹਾ ਹੈ। ਇਸ ਮੁੱਦੇ ਦੇ ਉੱਠਣ ਨਾਲ ਲਗਾਤਾਰ ਵਧ ਰਹੇ ਸਰਮਾਏ ਅਤੇ ਸ਼ਕਤੀ ਦੇ ਕੇਂਦਰੀਕਰਨ ਨੇ ਸਿਆਸੀ ਜਾਣਕਾਰਾਂ ਦਾ ਇੱਕ ਵਾਰ ਫਿਰ ਧਿਆਨ ਖਿੱਚਿਆ ਹੈ। ਇਸ ਮੁੱਦੇ ਨੂੰ ਲੈ ਕੇ ਤਾਮਿਲ ਮੁੱਖ ਮੰਤਰੀ ਨੇ 22 ਮਾਰਚ ਨੂੰ ਚੇਨੱਈ ਵਿੱਚ ਖੇਤਰੀ ਪਾਰਟੀਆਂ ਦੇ ਆਗੂਆਂ ਦੀ ਇੱਕ ਮੀਟਿੰਗ ਵੀ ਬੁਲਾਈ। ਇਸ ਮੀਟਿੰਗ ਲਈ ਸਟਾਲਿਨ ਨੇ 7 ਰਾਜਾਂ ਦੀਆਂ 29 ਪਾਰਟੀਆਂ ਨੂੰ ਲਿਖਤੀ ਸੱਦਾ ਪੱਤਰ ਭੇਜਿਆ ਸੀ। ਮੀਟਿੰਗ ਵਿੱਚ ਅਕਾਲੀ ਦਲ (ਬਾਦਲ) ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਹਿੱਸਾ ਲਿਆ। ਉਨ੍ਹਾਂ ਇਸ ਮੀਟਿੰਗ ਵਿੱਚ ਆਪੋ-ਆਪਣੇ ਵਿਚਾਰ ਰੱਖੇ। ਉਨ੍ਹਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਕੇਰਲਾ ਦੇ ਮੁੱਖ ਮੰਤਰੀ ਅਤੇ ਕਾਂਗਰਸ ਪਾਰਟੀ ਦੇ ਆਗੂ ਸਿਧਾਰਮਈਆ, ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ, ਕੇਰਲਾ ਦੇ ਮੁੱਖ ਮੰਤਰੀ ਅਤੇ ਮਾਰਕਸਵਾਦੀ ਪਾਰਟੀ ਦੇ ਆਗੂ ਪਿਨਾਰਾਈ ਵਿਜਿਯਨ, ਬੀ.ਆਰ.ਐਸ. ਦੇ ਆਗੂ ਕੇ.ਟੀ. ਰਾਓ ਨੇ ਹਿੱਸਾ ਲਿਆ। ਇਸ ਮੁੱਦੇ ਨੂੰ ਲੈ ਕੇ ਸੰਬੰਧਤ ਰਾਜਾਂ ਦੇ ਆਗੂਆਂ ਨੇ ਇੱਕ ਸਾਂਝੀ ਐਕਸ਼ਨ ਕਮੇਟੀ ਵੀ ਕਾਇਮ ਕੀਤੀ ਹੈ।

ਯਾਦ ਰਹੇ, ਡੀਲਿਮੀਟੇਸ਼ਨ ਦੇ ਤਹਿਤ ਕੇਂਦਰ ਸਰਕਾਰ ਆਬਾਦੀ ਦੇ ਆਧਾਰ 'ਤੇ ਲੋਕ ਸਭਾ ਸੀਟਾਂ ਦੀ ਵੰਡ ਨਵੇਂ ਸਿਰਿਉਂ ਕਰਨਾ ਚਾਹੁੰਦੀ ਹੈ। ਇਹ ਪ੍ਰਕਿਰਿਆ ਅਗਲੇ ਸਾਲ ਹੋਣ ਦੀ ਸੰਭਾਵਨਾ ਹੈ। ਇਸ ਦਾ ਵਿਰੋਧ ਕਰ ਰਹੇ ਆਗੂਆਂ ਦਾ ਆਖਣਾ ਹੈ ਕਿ ਇਸ ਨਾਲ ਹਿੰਦੀ ਬੈਲਟ ਦੇ ਉਨ੍ਹਾਂ ਰਾਜਾਂ ਨੂੰ ਫਾਇਦਾ ਹੋਵੇਗਾ, ਜਿਨ੍ਹਾਂ ਨੇ ਆਬਾਦੀ 'ਤੇ ਕਾਬੂ ਪਾਉਣ ਦਾ ਕੋਈ ਯਤਨ ਨਹੀਂ ਕੀਤਾ ਜਾਂ ਜਿਨ੍ਹਾਂ ਦੀ ਅਬਾਦੀ ਤੇਜ਼ੀ ਨਾਲ ਵਧ ਰਹੀ ਹੈ। ਇਸ ਨਾਲ ਪੰਜਾਬ, ਕੇਰਲਾ ਅਤੇ ਤਾਮਿਲਨਾਡੂ ਸਮੇਤ ਹੋਰ ਦੱਖਣੀ ਰਾਜਾਂ ਨੂੰ ਨੁਕਸਾਨ ਹੋਵੇਗਾ, ਜਿਨ੍ਹਾਂ ਨੇ ਆਪਣੀ ਆਬਾਦੀ 'ਤੇ ਅਸਰਦਾਰ ਢੰਗ ਨਾਲ ਕਾਬੂ ਪਾਇਆ ਹੈ। ਵਿਰੋਧ ਕਰ ਰਹੇ ਆਗੂਆਂ ਨੂੰ ਖਦਸ਼ਾ ਹੈ ਕਿ ਡੀਲਿਮੀਟੇਸ਼ਨ ਨਾਲ ਉਨ੍ਹਾਂ ਦੇ ਰਾਜਾਂ ਦੀ ਪਾਰਲੀਮੈਂਟ ਵਿੱਚ ਨੁਮਾਇੰਦਗੀ ਘਟ ਜਾਵੇਗੀ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਅਗਲੇ 25 ਸਾਲਾਂ ਲਈ 1971 ਦੀ ਮਰਦਮਸ਼ੁਮਾਰੀ ਨੂੰ ਹੀ ਆਧਾਰ ਮੰਨਿਆ ਜਾਵੇ। ਜ਼ਿਕਰਯੋਗ ਹੈ ਕਿ ਨਵੀਂ ਮਰਦਮਸ਼ੁਮਾਰੀ ਹਾਲੇ ਪੈਂਡਿੰਗ ਹੈ, ਕੇਂਦਰ ਸਰਕਾਰ ਇਸ ਤੋਂ ਪਹਿਲਾਂ ਹੀ ਡੀਲਿਮੀਟੇਸ਼ਨ ਕਰਵਾਉਣਾ ਚਾਹੁੰਦੀ ਹੈ।

22 ਮਾਰਚ ਨੂੰ ਵਿਰੋਧ ਕਰ ਰਹੇ ਰਾਜਾਂ ਦੀ ਸਾਂਝੀ ਐਕਸ਼ਨ ਕਮੇਟੀ ਦੀ ਇਸ ਸੰਬੰਧ ਵਿੱਚ ਚੇਨੱਈ ਵਿੱਚ ਹੋਈ ਮੀਟਿੰਗ 'ਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਸੰਸਦੀ ਇਲਾਕਿਆਂ ਦੀ ਕਰਵਾਈ ਜਾਣ ਵਾਲੀ ਹੱਦਬੰਦੀ ਗੈਰ-ਵਾਜਬ, ਨੁਕਸਦਾਰ ਅਤੇ ਗੈਰ-ਜ਼ਮਹੂਰੀ ਹੋਵੇਗੀ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਮੀਟਿੰਗ ਵਿੱਚ ਬੋਲਦਿਆ ਕਿਹਾ ਕਿ ਇਸ ਮਾਮਲੇ ਵਿੱਚ ਸਿਆਸੀ ਅਤੇ ਕਾਨੂੰਨੀ ਯੋਜਨਾ ਤਿਆਰ ਕਰਨ ਲਈ ਇੱਕ 'ਤਿਆਰੀ ਕਮੇਟੀ' ਦਾ ਗਠਨ ਕੀਤਾ ਜਾਵੇ। ਇੱਥੇ ਉਨ੍ਹਾਂ ਨੇ ਇਸ ਕਮੇਟੀ ਦਾ ਨਾਂ ਵੀ ਸੁਝਾਇਆ- 'ਨਿਰਪੱਖ ਹੱਦਬੰਦੀ ਲਈ ਸਾਂਝੀ ਕਾਰਵਾਈ ਕਮੇਟੀ।' ਉਨ੍ਹਾਂ ਡੀਲਿਮੀਟੇਸ਼ਨ ਦੇ ਮੁੱਦੇ 'ਤੇ ਸਿਆਸੀ ਲੜਾਈ ਲੜਨ ਦੇ ਨਾਲ-ਨਾਲ ਕਾਨੂੰਨ ਦਾ ਆਸਰਾ ਲੈਣ ਦੀ ਵੀ ਸਲਾਹ ਦਿੱਤੀ।




ਉਨ੍ਹਾਂ ਨਾਲ ਹੀ ਕਿਹਾ ਕਿ ਅਸੀਂ ਹੱਦਬੰਦੀ ਦੇ ਵਿਰੋਧ ਵਿੱਚ ਨਹੀਂ ਹਾਂ, ਪਰ ਇਹ ਨਿਰਪੱਖ ਹੋਣੀ ਚਾਹੀਦੀ ਹੈ।

ਕੇਰਲ ਦੇ ਮੁੱਖ ਮੰਤਰੀ ਪੀ. ਵਿਜਿਯਨ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਲੋਕ ਸਭਾ ਸੀਟਾਂ ਦੀ ਹੱਦਬੰਦੀ ਸਿਰ 'ਤੇ ਲਟਕੀ ਤਲਵਾਰ ਵਾਂਗ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਦਮ ਸੰਵਿਧਾਨ, ਸਿਧਾਂਤ ਜਾਂ ਲੋਕਤੰਤਰੀ ਕਦਰਾਂ ਕੀਮਤਾਂ ਤੋਂ ਪ੍ਰੇਰਤ ਨਹੀਂ ਹੈ, ਸਗੋਂ ਸਿਆਸੀ ਤੰਗਦਿਲੀ ਦੀ ਉਪਜ ਹੈ। ਕਰਨਾਟਕ ਦੇ ਮੁੱਖ ਮੰਤਰੀ ਡੀ.ਕੇ. ਸ਼ਿਵ ਕੁਮਾਰ ਨੇ ਕਿਹਾ ਕਿ ਕੇਂਦਰ ਦੱਖਣੀ ਸੂਬਿਆਂ ਦੀ ਨੁਮਾਇੰਦਗੀ ਸੀਮਤ ਕਰਨ ਦੇ ਯਤਨ ਵਿੱਚ ਹੈ। ਇਸ ਦੌਰਾਨ ਕੇਰਲਾ ਦੇ ਕਾਂਗਰਸੀ ਮੁੱਖ ਮੰਤਰੀ ਰੇਵੰਤ ਰੈਡੀ ਨੇ ਕਿਹਾ ਕਿ ਆਬਾਦੀ ਆਧਾਰਤ ਹੱਦਬੰਦੀ ਨਾਲ ਦੱਖਣੀ ਭਾਰਤ ਆਪਣੀ ਆਵਾਜ਼ ਗੁਆ ਬੈਠੇਗਾ।

ਇਸ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਬਾਦਲ ਦਲ ਦੇ ਆਗੂਆਂ ਬਲਵਿੰਦਰ ਸਿੰਘ ਭੂੰਦੜ ਅਤੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੱਦਬੰਦੀ ਦੌਰਾਨ ਉਨ੍ਹਾਂ ਰਾਜਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਜਨਸੰਖਿਆ ਕੰਟਰੋਲ ਦੇ ਕੌਮੀ ਪ੍ਰੋਗਰਾਮ ਅਬਾਦੀ ਨੀਤੀ ਮੁਤਾਬਕ ਅਪਣਾਏ ਹਨ। ਇਨ੍ਹਾਂ ਰਾਜਾਂ ਨੂੰ ਸਜ਼ਾ ਨਹੀਂ, ਸਗੋਂ ਇਨਾਮ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 'ਪੰਜਾਬ' ਵੀ ਇੱਕ ਅਜਿਹਾ ਹੀ ਰਾਜ ਹੈ। ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅਨੰਦਪੁਰ ਸਾਹਿਬ ਦੇ ਐਲਾਨਾਮੇ ਦਾ ਜ਼ਿਕਰ ਵੀ ਕੀਤਾ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਪਵਾਰ ਗੁੱਟ) ਦੀ ਆਗੂ ਸੁਪਰੀਆ ਸੂਲੇ ਅਨੁਸਾਰ ਹੱਦਬੰਦੀ ਨਿਰਪੱਖ ਹੋਣੀ ਚਾਹੀਦੀ ਹੈ। ਦੱਖਣੀ ਰਾਜਾਂ ਦੇ ਆਗੂਆਂ ਦੀ ਇਹ ਵੀ ਚਿੰਤਾ ਹੈ ਕਿ ਭਾਰਤੀ ਜਨਤਾ ਪਾਰਟੀ ਉਨ੍ਹਾਂ ਰਾਜਾਂ ਵਿੱਚ ਲੋਕ ਸਭਾ ਦੀਆਂ ਸੀਟਾਂ ਘੱਟ ਕਰ ਦੇਵੇਗੀ, ਜਿੱਥੇ ਇਹ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਰਹੀ ਹੈ।

ਇਸ ਦਰਮਿਆਨ ਭਾਰਤੀ ਜਨਤਾ ਪਰਟੀ ਅਤੇ ਆਰ.ਐਸ.ਐਸ. ਦੇ ਆਗੂਆਂ ਨੇ ਡੀਲਿਮੀਟੇਸ਼ਨ ਦੇ ਵਿਰੋਧ ਨੂੰ ਮੰਦਭਾਗਾ ਅਤੇ ਨਿੰਦਣਯੋਗ ਕਿਹਾ ਹੈ। ਆਰ.ਐਸ.ਐਸ. ਦੇ ਜੁਆਇੰਟ ਜਨਰਲ ਸਕੱਤਰ ਅਰੁਣ ਕੁਮਾਰ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਕੇਂਦਰ ਨੇ ਹੱਦਬੰਦੀ ਦੀ ਪ੍ਰਕਿਰਿਆ ਹਾਲੇ ਸ਼ੁਰੂ ਵੀ ਨਹੀਂ ਕੀਤੀ ਕਿ ਕੁਝ ਖੇਤਰੀ ਪਾਰਟੀਆਂ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਉਨ੍ਹਾਂ ਅਜਿਹੀਆਂ ਚਰਚਾਵਾਂ ਵਿੱਚ ਹਿੱਸਾ ਲੈਣ ਵਾਲੇ ਆਗੂਆਂ ਨੂੰ ਆਤਮ ਚੀਨਣ ਕਰਨ ਦੀ ਸਲਾਹ ਦਿੱਤੀ ਹੈ। ਇਸ ਦੌਰਾਨ ਭਾਜਪਾ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਜ਼ਿਆਦਾ ਤਿੱਖਾ ਪ੍ਰਤੀਕਰਮ ਦਿੱਤਾ ਅਤੇ ਕਿਹਾ ਕਿ ਹੁਣ ਵੱਖ-ਵੱਖ ਖੇਤਰਾਂ ਅਤੇ ਭਾਸ਼ਾਵਾਂ ਦੇ ਕੱਟੜਵਾਦ ਦਾ ਸਮਾਂ ਨਹੀਂ ਹੈ। ਇਹ ਵੰਡ ਪਾਊ ਸਿੱਧ ਹੋਵੇਗਾ।

ਉਂਝ ਤਾਂ ਕੋਈ ਵੀ ਰਾਜਨੀਤਿਕ ਪਾਰਟੀ ਜਾਂ ਸਿਆਸੀ ਆਗੂ ਤਾਕਤ ਵਿੱਚ ਆਉਣ ਤੋਂ ਬਾਅਦ ਆਪਣੀ ਸੱਤਾ ਨੂੰ ਸਦੀਵੀ ਬਣਾਉਣ ਦਾ ਯਤਨ ਕਰਦਾ ਹੈ। ਇਹ ਵਰਤਾਰੇ ਅਸੀਂ ਰੂਸ, ਚੀਨ ਅਤੇ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵਿੱਚ ਵੀ ਵਾਪਰਦੇ ਵੇਖ ਰਹੇ ਹਾਂ। ਹੁਣ ਅਮਰੀਕਾ ਦਾ ਰਾਸ਼ਟਰਪਤੀ ਵੀ ਆਪਣੇ ਲਈ ਤੀਜੀ ਟਰਮ ਹਾਸਲ ਕਰਨ ਦੇ ਰਸਤੇ ਖੋਜ ਰਿਹਾ ਹੈ। ਸੰਵਿਧਾਨਕ ਤੌਰ 'ਤੇ ਅਮਰੀਕਾ ਵਿੱਚ ਕੋਈ ਵੀ ਆਗੂ ਤੀਜੀ ਵਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਰਾਜਮਾਨ ਨਹੀਂ ਹੋ ਸਕਦਾ; ਪਰ ਸੰਸਾਰ ਭਰ ਦੇ ਵੱਡੇ ਮੁਲਕਾਂ ਵਿੱਚ ਹਾਵੀ ਹੋ ਰਿਹਾ ਸੱਜਾ ਪੱਖ ਸੱਤਾ 'ਤੇ ਆਪਣੀ ਪਕੜ ਮਜਬੂਤ ਕਰਨ ਲਈ ਆਪੋ ਆਪਣੇ ਸੰਵਿਧਾਨਾਂ ਅਤੇ ਕਾਨੂੰਨਾਂ ਵਿੱਚ ਸੋਧ ਕਰਨ ਤੋਂ ਵੀ ਗੁਰੇਜ ਨਹੀਂ ਕਰ ਰਿਹਾ। ਚੀਨ ਅਤੇ ਰੂਸ ਦੇ ਰਾਸ਼ਟਰਪਤੀ ਪਹਿਲਾਂ ਹੀ ਅਜਿਹਾ ਕਰ ਚੁਕੇ ਹਨ ਤੇ ਅਮਰੀਕਾ ਦੀ ਤਿਆਰੀ ਹੈ।

ਭਾਰਤ ਵਿੱਚ ਵੀ ਭਾਰਤੀ ਜਾਨਤਾ ਪਾਰਟੀ ਦੇ ਤਾਕਤ ਵਿੱਚ ਆਉਣ ਤੋਂ ਬਾਅਦ ਇਸੇ ਕਿਸਮ ਦੀ ਰੁਚੀ ਭਾਰੂ ਹੁੰਦੀ ਵਿਖਾਈ ਦੇ ਰਹੀ ਹੈ। ਨਰਿੰਦਰ ਮੋਦੀ ਨੇ ਪਹਿਲੀ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਰਾਜਨੀਤਿਕ ਆਗੂਆਂ ਲਈ ਉੱਚਤਮ ਅਹੁਦੇ ਹਾਸਲ ਕਰਨ ਦੀ ਉਮਰ ਹੱਦ 70 ਸਾਲ ਨਿਸ਼ਚਤ ਕਰ ਦਿੱਤੀ ਸੀ, ਪਰ ਜਦੋਂ ਆਪਣੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਆਇਆ ਤਾਂ ਉਨ੍ਹਾਂ ਨੇ ਇਹ ਅਸੂਲ ਬਦਲ ਲਿਆ। ਆਪਣੀ ਰਾਜ ਸੱਤਾ ਦੀ ਉਮਰ ਪੱਕੀ ਕਰਨ ਲਈ ਭਾਰਤੀ ਜਨਤਾ ਪਾਰਟੀ 'ਤੇ ਵੋਟਾਂ ਦੀ ਗਿਣਤੀ ਵਿੱਚ ਹੇਰਾਫੇਰੀ ਕਰਨ, ਈ.ਵੀ.ਐਮ. ਮਸ਼ੀਨਾਂ ਦੀ ਦੁਰਵਰਤੋਂ ਕਰਨ ਅਤੇ ਚੋਣ ਅਧਿਕਾਰੀਆਂ ਰਾਹੀ ਨਤੀਜੇ ਬਦਲਣ ਦੇ ਦੋਸ਼ ਵੀ ਲਗਦੇ ਹਨ।

ਪਿਛੇ ਜਿਹੇ ਹੋਈਆਂ ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਚੋਣਾਂ ਦੇ ਨਤੀਜਿਆਂ ਦੇ ਸੰਦਰਭ ਵਿੱਚ ਵਿਰੋਧ ਦੀਆਂ ਆਵਾਜ਼ਾਂ ਜ਼ਿਆਦਾ ਮੁਖ਼ਰ ਹੋ ਗਈਆਂ ਹਨ। ਕਾਂਗਰਸ ਪਾਰਟੀ ਵੱਲੋਂ ਹਾਲ ਹੀ ਵਿੱਚ ਅਸਲ ਵੋਟਾਂ ਤੋਂ ਵੱਧ ਜਾਂ ਘੱਟ ਗਿਣਤੀ ਕਰਨ ਦਾ ਮੁੱਦਾ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਨੇ ਬਾਕਾਇਦਾ ਇੱਕ ਪ੍ਰੈਸ ਕਾਨਫਰੰਸ ਵਿੱਚ ਉਠਾਇਆ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਬੈਲਟ ਪੇਪਰ 'ਤੇ ਚੋਣ ਕਰਵਾਉਣ ਦੀ ਵਕਾਲਤ ਕੀਤੀ। ਭਾਰਤ ਦੇ ਪਿਛਲੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਵੀ ਇਨ੍ਹਾਂ ਕਾਰਨਾਂ ਕਰਕੇ ਵਿਵਾਦਾਂ ਵਿੱਚ ਰਹੇ। ਇਸ ਦੇ ਬਾਵਜੂਦ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਕਾਫੀ ਕਾਮਯਾਬ ਰਹੀਆਂ ਸਨ। ਇਸੇ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਕੁਲੀਸ਼ਨ ਸਰਕਾਰ ਬਣਾਉਣ ਲਈ ਮਜਬੂਰ ਹੋਣਾ ਪਿਆ।

ਡੀਲਿਮੀਟੇਸ਼ਨ ਦਾ ਵਿਰੋਧ ਕਰ ਰਹੇ ਆਗੂਆਂ ਵੱਲੋਂ ਉਭਾਰਿਆ ਜਾ ਰਿਹਾ ਰਾਜਾਂ ਲਈ ਵਧੇਰੇ ਅਧਿਕਾਰਾਂ ਅਤੇ ਖੁਦਮੁਖਤਾਰੀ ਦਾ ਮੁੱਦਾ ਵੀ ਮਹੱਤਵਪੂਰਨ ਹੈ। ਜਦੋਂ ਸਰਮਾਏ ਅਤੇ ਸੱਤਾ ਦਾ ਵਿਕੇਂਦਰੀਕਰਨ ਹੋਵੇਗਾ ਉਦੋਂ ਫੈਡਰੇਲਿਜ਼ਮ, ਮਨੁੱਖੀ ਅਤੇ ਨਾਗਰਿਕ ਅਧਿਕਾਰਾਂ ਦਾ ਉਭਾਰ ਵੀ ਯਕੀਨੀ ਹੋਵੇਗਾ। ਇਸ ਦੇ ਉਲਟ ਕੇਂਦਰੀਕਰਨ, ਇਹ ਭਾਵੇਂ ਵਿਦਿਅਕ ਨੀਤੀ ਦਾ ਹੋਵੇ, ਸਰਕਾਰੀ ਮਾਲੀਏ ਜਾਂ ਸਰਮਾਏ ਅਤੇ ਆਰਥਕ ਸੋਮਿਆਂ ਦਾ, ਮਨੁੱਖੀ ਸੁਤੰਤਰਤਾ, ਅਧਿਕਾਰਾਂ ਅਤੇ ਫੈਡਰੇਲਿਜ਼ਮ ਨੂੰ ਖੋਰਾ ਹੀ ਲਾਵੇਗਾ। ਇਹ ਰੁਚੀਆਂ ਅਥੌਰੀਟੇਰੀਅਨ, ਡਕਟੇਟਰਾਨਾ ਅਤੇ ਫਾਸ਼ੀ ਕਿਸਮ ਦੀਆਂ ਹਨ। ਧਰਤੀ 'ਤੇ ਮਨੁੱਖ ਨੇ ਜੇ ਜਿਉਂਦੇ ਰਹਿਣਾ ਹੈ ਤਾਂ ਮਨੁੱਖੀ ਡਿਗਨਿਟੀ (ਸ਼ਾਨ), ਸਵੈਮਾਣ, ਆਰਥਿਕ-ਸਿਆਸੀ ਸੋਮਿਆਂ ਦਾ ਵਿਕੇਂਦਰਕਰਣ ਆਦਿ, ਕੇਂਦਰੀ ਮਸਲੇ ਹਨ। ਇਸ ਤੋਂ ਅੱਖਾਂ ਮੀਟ ਕੇ ਸੱਭਿਅਤਾਵਾਂ ਅੱਗੇ ਨਹੀਂ ਤੁਰ ਸਕਦੀਆਂ। ਉਂਝ ਖੇਤਰੀ ਪਾਰਟੀਆਂ, ਸਥਾਨਕ ਅਤੇ ਛੋਟੀਆਂ ਕੌਮਾਂ ਦੇ ਆਗੂਆਂ ਨੂੰ ਵੀ ਇਸ ਮਾਮਲੇ ਵਿੱਚ ਜ਼ੁਬਾਨੀ ਜਮ੍ਹਾਂ ਖ਼ਰਚ ਤੋਂ ਅੱਗੇ ਤੁਰਨਾ ਪਏਗਾ। ਖਾਸ ਕਰਕੇ ਅਕਾਲੀਆਂ ਅਤੇ ਹੋਰ ਸਿੱਖ/ਪੰਜਾਬੀ ਆਗੂਆਂ ਨੂੰ।




Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਦਿੱਲੀ ਹਾਈਕੋਰਟ ਦੇ ਜੱਜ ਦੇ ਘਰੋਂ ਸੜੇ ਨੋਟਾਂ ਦੀਆਂ ਬੋਰੀਆਂ ਮਿਲੀਆਂ!

***ਵਿਭਾਗੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਕਾਇਮ** ***ਭਾਰਤ ਦੇ ਚੀਫ ਜਸਟਿਸ ਵੱਲੋਂ ਜਨਤਕ ਕੀਤੀ ਗਈ ਸੜੇ ਨੋਟਾਂ ਦੀ ਵੀਡੀਓ**

ਕਈ ਮਰਜ਼ਾਂ ਹਿੰਦੋਸਤਾਨੀ ਸਮਾਜ ਵਿੱਚ ਲਾਇਲਾਜ ਹਨ। ਭ੍ਰਿਸ਼ਟਾਚਾਰ ਵੀ ਸ਼ਾਇਦ ਇਨ੍ਹਾਂ ਵਿੱਚੋਂ ਇੱਕ ਹੈ। ਜਦੋਂ ਇਸ ਦੇਸ਼ ਦੀ ਸਿਆਸੀ ਜਮਾਤ ਦੇਸੀ /ਵਿਦੇਸ਼ੀ ਧਨਕੁਬੇਰਾਂ ਨੇ ਪਹਿਲਾਂ ਹੀ ਭ੍ਰਿਸ਼ਟ ਕੀਤੀ ਹੋਈ ਹੈ ਅਤੇ ਮੇਨ ਸਟਰੀਮ ਮੀਡੀਆ ਤੇ ਬਿਊਰੋਕਰੇਸੀ ਸੱਤਾ ਦੀ ਪਰਿਕਰਮਾ ਵਿੱਚ ਰੁੱਝੇ ਹੋਏ ਹਨ ਤਾਂ ਇੱਕ ਨਿਆਂਇਕ ਸਿਸਟਮ ਹੀ ਬਚਦਾ ਹੈ, ਜਿਸ ਤੋਂ ਪਿਸਦੇ ਲੋਕ ਕੋਈ ਇਨਸਾਫ ਦੀ ਆਸ ਕਰ ਸਕਦੇ ਹਨ; ਪਰ ਇਹ ਭਰਮ ਵੀ ਹੁਣ ਰਹਿੰਦਾ-ਖੂਹੰਦਾ ਟੁੱਟਦਾ ਵਿਖਾਈ ਦੇ ਰਿਹਾ ਹੈ।

ਬੀਤੀ 14 ਮਾਰਚ ਨੂੰ ਦੇਰ ਰਾਤ ਦਿੱਲੀ ਹਾਈ ਕੋਰਟ ਦੇ ਇੱਕ ਜੱਜ ਯਸ਼ਵੰਤ ਵਰਮਾ ਦੇ ਸਰਕਾਰੀ ਘਰ ਵਿੱਚ ਅੱਗ ਲੱਗਣ ਤੋਂ ਬਾਅਦ ਜਦੋਂ ਫਾਇਰ ਬ੍ਰਿਗੇਡ ਨੇ ਅੱਗ ਬੁਝਾਈ ਤਾਂ ਇਸ ਵਿੱਚੋਂ ਸੜੇ ਹੋਏ ਨੋਟਾਂ ਦੀਆਂ ਬੋਰੀਆਂ ਮਿਲੀਆਂ। ਇਸ ਘਟਨਾ ਵਾਲੇ ਦਿਨ ਜਸਟਿਸ ਵਰਮਾ ਭੁਪਾਲ ਗਏ ਹੋਏ ਸਨ। ਜਸਟਿਸ ਯਸ਼ਵੰਤ ਵਰਮਾ ਨੇ ਇਸ ਘਟਨਾ ਨੂੰ ਆਪਣੇ ਖਿਲਾਫ ਘੜੀ ਜਾ ਰਹੀ ਇੱਕ ਸਾਜ਼ਿਸ਼ ਦਾ ਹਿੱਸਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੇਰੇ ਮਕਾਨ ਦਾ ਸਟੋਰ, ਜਿਸ ਵਿੱਚ ਜ਼ਿਆਦਾਤਰ ਕਬਾੜ ਰੱਖਿਆਂ ਹੁੰਦਾ, ਉਸ ਨੂੰ ਜਿੰਦਾ ਨਹੀਂ ਲਗਾਇਆ ਜਾਂਦਾ। ਉਨ੍ਹਾਂ ਦਲੀਲ ਦਿੱਤੀ ਕਿ ਕੋਈ ਵਿਅਕਤੀ ਆਪਣੇ ਕਬਾੜਖ਼ਾਨੇ ਵਿੱਚ ਕਰੰਸੀ ਕਿਉਂ ਰੱਖੇਗਾ?

ਇਸ ਘਟਨਾ ਸੰਬੰਧੀ ਜਾਣਕਾਰੀ ਅਸਲ ਵਿੱਚ ਦਿੱਲੀ ਹਾਈਕੋਰਟ ਦੇ ਚੀਫ ਜਸਟਿਸ ਦਿਵੇਂਦਰ ਕੁਮਾਰ ਉਪਾਧਿਆਏ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੰਜੀਵ ਖੰਨਾ ਨੂੰ ਸੌਂਪੀ ਗਈ। ਇਹ 25 ਪੰਨਿਆਂ ਦੀ ਰਿਪੋਰਟ ਹੈ। ਸੁਪਰੀਮ ਕੋਰਟ ਵੱਲੋਂ ਇਹ ਰਿਪੋਰਟ 22 ਮਾਰਚ ਨੂੰ ਦੇਰ ਸ਼ਾਮ ਤਸਵੀਰਾਂ ਸਮੇਤ ਆਪਣੀ ਵੈਬਸਾਈਟ ਉੱਪਰ ਪਾ ਦਿੱਤੀ ਗਈ।

ਇੱਥੇ ਜ਼ਿਕਰਯੋਗ ਹੈ ਕਿ ਜਸਟਿਸ ਯਸ਼ਵੰਤ ਵਰਮਾ ਦੇ ਘਰ ਨੇੜਿਉਂ ਮਿਲੀਆਂ ਸੜੇ ਹੋਏ 500-500 ਦੇ ਨੋਟਾਂ ਦੀਆਂ ਬੋਰੀਆਂ ਦੀਆਂ ਤਸਵੀਰਾਂ ਇਸ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਸਨ। ਦਿੱਲੀ ਪੁਲਿਸ ਦੇ ਕਮਿਸ਼ਨਰ ਸੰਜੇ ਅਰੋੜਾ ਵੱਲੋਂ ਦਿੱਲੀ ਹਾਈਕੋਰਟ ਦੇ ਚੀਫ ਜਸਟਿਸ ਦਿਵੇਂਦਰ ਕੁਮਾਰ ਉਪਾਧਿਆਏ ਨਾਲ ਸਾਂਝੀ ਕੀਤੀ ਗਈ ਕਥਿਤ ਤੌਰ 'ਤੇ ਜਸਟਿਸ ਵਰਮਾ ਦੀ ਵੀਡੀਓ ਵਿੱਚ ਵੀ ਅੱਗ ਬੁਝਾਉਂਦੇ ਕਰਮਚਾਰੀ ਅਤੇ ਸੜੀ ਹੋਈ ਨਕਦੀ ਵਿਖਾਈ ਦੇ ਰਹੀ ਹੈ। ਯਾਦ ਰਹੇ, ਦਿੱਲੀ ਅੱਗ ਬੁਝਾਊ ਮਹਿਕਮੇ ਦੇ ਮੁਖੀ ਨੇ 21 ਮਾਰਚ ਨੂੰ ਦਿੱਤੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਨੂੰ ਕੋਈ ਨਕਦੀ ਨਹੀਂ ਸੀ ਮਿਲੀ, ਪਰ ਉਕਤ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੰਜੀਵ ਖੰਨਾ ਨੇ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਅਤੇ ਨਿਰਦੇਸ਼ ਦਿੱਤੇ ਕਿ ਜਸਟਿਸ ਵਰਮਾ ਨੂੰ ਕੋਈ ਵੀ ਅਦਾਲਤੀ ਕੰਮ-ਕਾਜ਼ ਨਾ ਸੌਂਪਿਆ ਜਾਵੇ।





ਵਿਭਾਗੀ ਜਾਂਚ ਲਈ ਗਠਿਤ ਕੀਤੀ ਗਈ ਕਮੇਟੀ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ, ਹਿਮਾਚਲ ਪ੍ਰਦੇਸ ਹਾਈਕੋਰਟ ਦੇ ਚੀਫ ਜਸਟਿਸ ਜੀ.ਐਸ. ਸੰਧਾਵਾਲੀਆ ਅਤੇ ਕਰਨਾਟਕ ਹਾਈਕੋਰਟ ਚੀਫ ਜਸਟਿਸ ਅੰਨੂ ਸ਼ਿਵਰਾਮਨ ਸ਼ਾਮਲ ਹਨ।

ਇਸ ਮਾਮਲੇ ਨੂੰ ਲੈ ਕਿ ਕੁਝ ਸੀਨੀਅਰ ਜੱਜਾਂ ਵੱਲੋਂ ਸੁਆਲ ਉਠਾਏ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੰਜੀਵ ਖੰਨਾ ਵੱਲੋਂ ਸੁਪਰੀਮ ਕੋਰਟ ਦੇ ਕੌਲੇਜੀਅਮ ਦੇ ਮੈਂਬਰਾਂ ਨੂੰ ਦੱਸੇ ਬਿਨਾ ਹੀ ਉਕਤ ਵੀਡੀਓ ਜਨਤਕ ਕਰ ਦਿੱਤੀ ਗਈ। ਕੌਲੇਜੀਅਮ ਦੇ ਮੈਂਬਰ ਜੱਜਾਂ ਦਾ ਕਹਿਣਾ ਹੈ ਕਿ ਅਜਿਹਾ ਕਰਨਾ ਜ਼ਰੂਰੀ ਨਹੀਂ ਸੀ। ਯਾਦ ਰਹੇ, ਜੱਜਾਂ ਦੀਆਂ ਨਿਯੁਕਤੀਆਂ ਸੰਬੰਧੀ ਸਰਕਾਰ ਨੂੰ ਸਿਫਾਰਸ਼ ਕਰਨ ਲਈ ਬਣੇ ਇਸ ਕੌਲੇਜੀਅਮ ਦੇ ਜਸਟਿਸ ਭੂਸ਼ਨ ਆਰ ਗਵਈ, ਜਸਟਿਸ ਸੂਰੀਆ ਕਾਂਤ, ਜਸਟਿਸ ਅਭੈਅ ਐਸ ਓਕਾ, ਅਤੇ ਜਸਟਿਸ ਵਿਕਰਮ ਨਾਥ ਮੈਂਬਰ ਹਨ। ਇਨ੍ਹਾਂ ਜੱਜਾਂ ਦਾ ਇਤਰਾਜ਼ ਹੈ ਕਿ ਚੀਫ ਜਸਟਿਸ ਵੱਲੋਂ ਇਹ ਰਿਪੋਰਟ ਜਨਤਕ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਰਸਮੀ ਜਾਂ ਗੈਰ-ਰਸਮੀ ਰੂਪ ਵਿੱਚ ਸਾਂਝੀ ਕਰ ਲਈ ਜਾਣੀ ਚਾਹੀਦੀ ਸੀ। ਇਸ ਸੰਬੰਧ ਵਿੱਚ ਨਜ਼ਦੀਕੀ ਜਾਣਕਾਰਾਂ ਤੋਂ ਪਤਾ ਲੱਗਾ ਹੈ ਕਿ ਸੁਪਰੀਮ ਕੋਰਟ ਦੇ ਕੌਲੇਜੀਅਮ ਦੇ ਘੱਟੋ ਘੱਟ ਦੋ ਜੱਜ ਇਹ ਮਹਿਸੂਸ ਕਰ ਰਹੇ ਹਨ ਕਿ ਇਹ ਰਿਪੋਰਟ ਜਨਤਕ ਨਹੀਂ ਸੀ ਕੀਤੀ ਜਾਣੀ ਚਾਹੀਦੀ। ਕਿਹਾ ਜਾ ਰਿਹਾ ਹੈ ਕਿ ਇਹ ਪੜਤਾਲ ਵੀ ਨਹੀਂ ਕੀਤੀ ਗਈ ਕਿ ਇਹ ਵੀਡੀਓ ਕਿਨ੍ਹਾਂ ਸੋਮਿਆਂ ਤੋਂ ਆਈ ਹੈ। ਫਿਰ ਵੀ ਸੁਪਰੀਮ ਕੋਰਟ ਦੇ ਕੌਲੇਜੀਅਮ ਦੇ ਸਾਰੇ ਮੈਂਬਰ ਇਸ ਪੱਖੋਂ ਸਹਿਮਤ ਹਨ ਕਿ ਵਿਭਾਗੀ ਪੜਤਾਲ ਨਿਰਪੱਖਤਾ ਨਾਲ ਹੋਣੀ ਚਾਹੀਦੀ ਹੈ ਤਾਂ ਕਿ ਭਾਰਤੀ ਨਿਆਂਇਕ ਪ੍ਰਬੰਧ ਦੇ ਵੱਕਾਰ ਦੀ ਰਾਖੀ ਕੀਤੀ ਜਾ ਸਕੇ।

ਹਾਲਾਂਕਿ ਪੜਤਾਲ ਕਰਵਾਉਣ ਦਾ ਮੁਕੰਮਲ ਅਧਿਕਾਰ ਸੁਪਰੀਮ ਕੋਰਟ ਦੇ ਚੀਫ ਜਸਟਿਸ ਕੋਲ ਹੈ, ਫਿਰ ਵੀ ਕੌਲੇਜੀਅਮ ਮੈਂਬਰ ਮਹਿਸੂਸ ਕਰਦੇ ਹਨ ਕਿ ਵੀਡੀਓ ਜਨਤਕ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਵਿਚਾਰ ਲਈ ਜਾਣੀ ਚਾਹੀਦੀ ਸੀ।

ਯਾਦ ਰਹੇ, ਉਪਰੋਕਤ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਜਸਟਿਸ ਯਸ਼ਵੰਤ ਵਰਮਾ ਨੂੰ ਉਨ੍ਹਾਂ ਦੀ ਪਹਿਲੀ ਨਿਯੁਕਤੀ ਵਾਲੇ ਹਾਈਕੋਰਟ ਇਲਾਹਾਬਾਦ ਬਦਲ ਦਿੱਤਾ ਗਿਆ ਸੀ, ਪਰ ਇਲਾਹਾਬਾਦ ਬਾਰ ਐਸੋਸੀਏਸ਼ਨ ਵੱਲੋਂ ਜ਼ੋਰਦਾਰ ਵਿਰੋਧ ਕੀਤੇ ਜਾਣ ਤੋਂ ਬਾਅਦ ਇਹ ਫੈਸਲਾ ਵਾਪਸ ਲੈ ਲਿਆ ਗਿਆ। ਬਾਰ ਐਸੋਸੀਏਸ਼ਨ ਦੇ ਮੁਖੀ ਨੇ ਜਸਟਿਸ ਵਰਮਾ ਦੀ ਵਾਪਸੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਲਾਹਾਬਾਦ ਹਾਈਕੋਰਟ ਡੰਪਿੰਗ ਗਰਾਊਂਡ ਨਹੀਂ ਹੈ। ਬੀਤੇ 20 ਮਾਰਚ ਵਾਲੇ ਦਿਨ ਸੁਪਰੀਮ ਕੋਰਟ ਦੇ ਕੌਲੇਜੀਅਮ ਵੱਲੋਂ ਸਾਂਝੇ ਤੌਰ 'ਤੇ ਜਸਟਿਸ ਵਰਮਾ ਨੂੰ ਇਲਾਹਾਬਾਦ ਬਦਲ ਦੇਣ ਦਾ ਫੈਸਲਾ ਲਿਆ ਗਿਆ ਸੀ।

ਬੀਤੇ ਕਈ ਦਿਨਾਂ ਤੋਂ ਸੁਲਘਦਾ ਇਹ ਵਿਵਾਦ ਆਖਰ ਨੂੰ ਪਾਰਲੀਮੈਂਟ ਤੱਕ ਵੀ ਪਹੁੰਚ ਗਿਆ। ਬੀਤੀ 21 ਮਾਰਚ ਨੂੰ ਕਾਂਗਰਸ ਦੇ ਰਾਜ ਸਭਾ ਮੈਂਬਰ ਜੈਰਾਮ ਰਮੇਸ਼ ਨੇ ਸਦਨ ਦੇ ਚੇਅਰਮੈਨ ਨੂੰ ਸਵਾਲ ਕਰਦਿਆਂ ਵਧੇਰੇ ਨਿਆਂਇਕ ਜਵਾਬਦੇਹੀ ਦੀ ਮੰਗ ਕੀਤੀ ਹੈ। ਇਸ ਦਾ ਜੁਆਬ ਦਿੰਦਿਆਂ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ 'ਸਟਰਕਚਰਡ' ਬਹਿਸ ਕਰਵਾਉਣਗੇ? ਉਨ੍ਹਾਂ ਦਾ ਇਹ ਇਸ਼ਾਰਾ ਸ਼ਾਇਦ ਨੈਸ਼ਨਲ ਜੁਡੀਸ਼ੀਅਲ ਨਿਯੁਕਤੀ ਕਮਿਸ਼ਨ ਸੰਬੰਧੀ ਹੈ। ਯਾਦ ਰਹੇ, ਇਸ ਸੰਬੰਧ ਵਿੱਚ 2015 ਵਿੱਚ ਚੱਲੀ ਬਹਿਸ ਨੂੰ ਸੁਪਰੀਮ ਕੋਰਟ ਨੇ ਠੱਪ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਜਸਟਿਸ ਵਰਮਾ ਦੀ ਸਰਕਾਰੀ ਰਿਹਾਇਸ਼ ਕੌਮੀ ਰਾਜਧਾਨੀ ਦੇ ਤੁਗਲੁਕ ਰੋਡ 'ਤੇ ਸਥਿਤ ਹੈ। ਇੱਥੇ 14 ਮਾਰਚ ਨੂੰ ਦੇਰ ਰਾਤ ਅੱਗ ਲੱਗਣ ਦੀ ਖ਼ਬਰ ਮਿਲੀ ਸੀ। ਕੁਝ ਹੀ ਸਮੇਂ ਵਿੱਚ ਦਿੱਲੀ ਫਾਇਰ ਸਰਵਿਸ ਦੇ ਮੁਲਾਜ਼ਮਾਂ ਵੱਲੋਂ ਇਹ ਅੱਗ ਬੁਝਾ ਦਿੱਤੀ ਗਈ। ਇਸੇ ਦੌਰਾਨ ਫਾਇਰ ਸਰਵਿਸ ਦੇ ਅਧਿਕਾਰੀਆਂ ਜਾਂ ਦਿੱਲੀ ਪੁਲਿਸ ਨੂੰ ਕਥਿਤ ਤੌਰ 'ਤੇ ਨੋਟਾਂ ਦੀਆਂ ਦੱਥੀਆਂ ਮਿਲੀਆਂ, ਜਿਨ੍ਹਾਂ 'ਚੋਂ ਕੁਝ ਸੜੀਆਂ ਹੋਈਆਂ ਸਨ।





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# 'ਸਵੇਰਾ' ਸੰਸਥਾ ਨੇ ਮਨਾਈ ਹਰ ਜੀਅ ਦੀ ਲੋਹੜੀ

**ਕੁਲਜੀਤ ਦਿਆਲਪੁਰੀ**

## *ਨੱਚਣ ਦੇ ਪਿੜ ਵਿੱਚ ਬੀਬੀਆਂ ਦੀ ਝੰਡੀ ਰਹੀ

**ਸ਼ਿਕਾਗੋ:** ਪਰਦੇਸ 'ਚ ਰਹਿੰਦਿਆਂ ਪੰਜਾਬ ਦੇ ਤਿਓਹਾਰ ਮਨਾ ਕੇ ਆਪਣੇ ਆਪ ਨੂੰ ਜੰਮਣ ਭੋਇੰ ਨਾਲ ਜੁੜੇ ਹੋਣ ਦਾ ਅਹਿਸਾਸ ਕਰਵਾਉਣਾ ਪੰਜਾਬੀਆਂ ਲਈ ਕਿਸੇ ਸੱਜਰੇ ਚਾਅ ਤੋਂ ਘੱਟ ਨਹੀਂ। ਇਸੇ ਤਰਜ 'ਤੇ ਇੱਥੋਂ ਦੀ ਸੰਸਥਾ "ਸਵੇਰਾ" ਵੱਲੋਂ ਲੋਹੜੀ ਦਾ ਪ੍ਰੋਗਰਾਮ ਕਰਵਾ ਕੇ ਪੰਜਾਬ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ। ਇਹ ਸਮਾਗਮ 'ਲੋਹੜੀ ਹਰ ਜੀਅ ਦੀ' ਨਾਅਰੇ ਹੇਠ ਕਰਵਾਇਆ ਗਿਆ, ਜਿਸ ਦੌਰਾਨ ਨਵ-ਜੰਮੇ ਬੱਚਿਆਂ, ਨਵ-ਵਿਆਹੀਆਂ ਜੋੜੀਆਂ ਤੇ ਹੋਰਨਾਂ ਜੀਆਂ ਦੇ ਲੋਹੜੀ ਦੇ ਸ਼ਗਨ ਮਨਾਏ ਗਏ ਅਤੇ ਉਨ੍ਹਾਂ ਨੂੰ ਗਿਫਟ ਦਿੱਤੇ ਗਏ। ਸਮਾਗਮ ਦਾ ਉਚੇਚਾ ਮਕਸਦ ਸ਼ਗਨਾਂ ਦੀ ਖੁਸ਼ੀ ਰਲ਼-ਮਿਲ ਕੇ ਮਨਾਉਣੀ, ਤਿਓਹਾਰ ਨਾਲ ਜੁੜੇ ਰਹਿਣਾ ਅਤੇ ਨਵੀਂ-ਪੁਰਾਣੀ ਪੀੜ੍ਹੀ ਨੂੰ ਵਿਰਸੇ ਨਾਲ ਜੋੜੀ ਰੱਖਣਾ ਸੀ।

ਇਹ ਸਮਾਗਮ ਜਿੱਥੇ ਰੌਣਕਾਂ ਭਰਪੂਰ ਰਿਹਾ, ਉਥੇ ਇਸ ਮੌਕੇ ਕੀਤੀਆਂ ਗਈਆਂ ਪੇਸ਼ਕਾਰੀਆਂ ਦਾ ਹਾਜ਼ਰੀਨ ਨੇ ਅਨੰਦ ਮਾਣਿਆ। ਦਾਜ ਦੇ ਸੰਜੀਦਾ ਵਿਸ਼ੇ ਉੱਤੇ ਕੀਤੀ ਗਈ ਸਕਿੱਟ 'ਗਿਫਟ' ਆਪਣਾ ਸੁਨੇਹਾ ਛੱਡਣ ਵਿੱਚ ਕਾਮਯਾਬ ਰਹੀ। ਇੱਕਾ-ਦੁੱਕਾ ਤਰੁਟੀਆਂ ਦੇ ਬਾਵਜੂਦ ਇਸ ਪੇਸ਼ਕਸ਼ ਜ਼ਰੀਏ ਸੁਨੇਹਾ ਦੇਣ ਦਾ ਜੋ ਮਨੋਰਥ ਸੀ, ਉਹ ਆਪਣੇ ਆਪ ਵਿੱਚ ਸਾਰਥਕ ਸੀ। ਉਂਝ ਇਸ ਮੌਕੇ ਗਿੱਧਾ-ਭੰਗੜਾ, ਡੀ.ਜੇ. ਉੱਤੇ ਬੋਲੀਆਂ ਅਤੇ ਗਾਇਕਾਂ ਵੱਲੋਂ ਗਾਇਕੀ ਦੇ ਮੁਜ਼ਾਹਰੇ ਦਾ ਦੌਰ ਚੱਲਿਆ। ਇਹ ਲੋਹੜੀ ਪ੍ਰੋਗਰਾਮ ਭੇਦ-ਭਾਵ ਦੀਆਂ ਬੰਦਿਸ਼ਾਂ ਤੋਂ ਵੀ ਮੁਕਤ ਸੀ, ਕਿਉਂਕਿ ਇਸ ਵਿੱਚ ਇਕੱਲੀ ਮੁੰਡਿਆਂ ਦੀ ਹੀ ਨਹੀਂ, ਸਗੋਂ ਧੀਆਂ, ਨੂੰਹਾਂ- ਯਾਨਿ 'ਲੋਹੜੀ ਹਰ ਜੀਅ ਦੀ' ਮਨਾਈ ਗਈ।





ਗੁਰਲੀਨ ਕੌਰ



ਸੀਰਤ ਕੌਰ ਕਲੇਰ



ਮਿੰਨੀ ਕੌਰ



ਮਨਮੀਤ ਕੌਰ

ਇਸ ਮੌਕੇ ਜਿਹੜੇ ਨਵੇਂ ਜਨਮੇ ਬੱਚਿਆਂ ਦੀ ਲੋਹੜੀ ਮਨਾਈ ਗਈ, ਉਨ੍ਹਾਂ ਵਿੱਚ ਕਰਮ ਸਿੰਘ ਜੱਜ, ਜਸਨੂਰ ਕੌਰ ਕਲੇਰ, ਤਾਜ ਕੌਰ ਰਾਏ ਤੇ ਜ਼ੋਰਾਵਰ ਸਿੰਘ ਸੇਖੋਂ ਸ਼ਾਮਲ ਸਨ। ਕਰਮ ਸਿੰਘ ਜੱਜ- ਸੁਲੱਖਣ ਸਿੰਘ ਜੱਜ ਤੇ ਕੰਵਲਜੀਤ ਕੌਰ ਜੱਜ ਦਾ ਪੁੱਤਰ, ਬਲਜਿੰਦਰ ਸਿੰਘ ਜੱਜ ਤੇ ਰਸ਼ਪਾਲ ਕੌਰ ਜੱਜ ਦਾ ਪੋਤਰਾ ਅਤੇ ਦਵਿੰਦਰ ਸਿੰਘ ਰੰਗੀ ਤੇ ਨਰਿੰਦਰ ਕੌਰ ਰੰਗੀ ਦਾ ਦੋਹਤਾ ਹੈ। ਜਸਨੂਰ ਕੌਰ ਕਲੇਰ- ਜਸਕਰਨਜੀਤ ਸਿੰਘ ਕਲੇਰ ਤੇ ਕਿਰਨਦੀਪ ਕੌਰ ਕਲੇਰ ਦੀ ਧੀ, ਮੱਖਣ ਸਿੰਘ ਕਲੇਰ ਤੇ ਜਤਿੰਦਰ ਕੌਰ ਕਲੇਰ ਦੀ ਪੋਤਰੀ ਅਤੇ ਵਰਿੰਦਰ ਸਿੰਘ ਪਰਮਾਰ ਤੇ ਕੁਲਵੰਤ ਕੌਰ ਪਰਮਾਰ ਦੀ ਦੋਹਤੀ ਹੈ। ਤਾਜ ਕੌਰ ਰਾਏ- ਨਵਜੋਤ ਸਿੰਘ ਰਾਏ ਤੇ ਨਵਨੀਤ ਕੌਰ ਰਾਏ ਦੀ ਧੀ ਹੈ ਅਤੇ ਸੁਖਜੀਵਨ ਸਿੰਘ ਰਾਏ ਤੇ ਬਲਜੀਤ ਕੌਰ ਰਾਏ ਉਹਦੇ ਦਾਦਾ-ਦਾਦੀ ਹਨ, ਜਦਕਿ ਸਤਵਿੰਦਰ ਸਿੰਘ ਧਨੋਆ ਤੇ ਰੁਪਿੰਦਰ ਕੌਰ ਧਨੋਆ ਨਾਨਾ-ਨਾਨੀ ਹਨ। ਜ਼ੋਰਾਵਰ ਸਿੰਘ ਸੇਖੋਂ- ਦਿਲਰਾਜ ਸਿੰਘ ਸੇਖੋਂ ਤੇ ਮਨਪ੍ਰੀਤ ਕੌਰ ਸੇਖੋਂ ਦਾ ਪੁੱਤਰ, ਸਵਰਨ ਸਿੰਘ ਸੇਖੋਂ ਤੇ ਨਿੱਕੀ ਸੇਖੋਂ ਦਾ ਪੋਤਰਾ ਅਤੇ ਹਰਮੀਤ ਸਿੰਘ ਧਾਲੀਵਾਲ ਤੇ ਸਤਪਾਲ ਕੌਰ ਧਾਲੀਵਾਲ ਦਾ ਦੋਹਤਾ ਹੈ।



ਰੈਵ ਇੰਦਰ

ਇਸ ਤੋਂ ਇਲਾਵਾ ਨਵੀਆਂ ਵਿਆਹੀਆਂ ਜੋੜੀਆਂ- ਹਰਪ੍ਰੀਤ ਸਿੰਘ ਮਾਨ ਤੇ ਸਿਡਨੀ ਪੇਜ ਸਮਿਥ ਅਤੇ ਗੁਲਨੀਰ ਕੌਰ ਨਾਗਰਾ ਤੇ ਅਰਸ਼ਪਾਲ ਸਿੰਘ ਗਿੱਲ ਦੀ ਲੋਹੜੀ ਵੀ ਪਾਈ ਗਈ। ਨਵੇਂ ਜਨਮੇ ਬੱਚਿਆਂ ਨੂੰ ਗਿਫਟ ਹੈਂਪਰ ਦਿੱਤੇ ਗਏ, ਜਿਹੜੇ ਕਿ ਸਵੇਰਾ ਟੀਮ ਦੀਆਂ ਦੋ ਮੈਂਬਰਾਨ- ਸੁਖਵੀਰ ਕੌਰ ਢਿੱਲੋਂ ਅਤੇ ਡਿੰਪੀ ਕੌਰ ਨੇ ਤਿਆਰ ਕੀਤੇ ਸਨ। ਪਰਿਵਾਰਾਂ ਨੂੰ ਗਿਫਟ ਹੈਂਪਰ ਦੇਣ ਦੀ ਰਸਮ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੈ ਰਾਮ ਸਿੰਘ ਕਾਹਲੋਂ, 'ਪੰਜਾਬੀ ਪਰਵਾਜ਼' ਦੇ ਬੋਰਡ ਮੈਂਬਰ ਦਵਿੰਦਰ ਸਿੰਘ ਰੰਗੀ ਅਤੇ 'ਸਵੇਰਾ' ਟੀਮ ਨੇ ਸਾਂਝੇ ਤੌਰ 'ਤੇ ਦਿੱਤੇ। ਇਸ ਮੌਕੇ ਬੋਲਦਿਆਂ ਜੈ ਰਾਮ ਸਿੰਘ ਕਾਹਲੋਂ ਨੇ 'ਸਵੇਰਾ' ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਇਹ ਟੀਮ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਧ-ਚੜ੍ਹ ਕੇ ਕੰਮ ਕਰੇ। ਮੱਖਣ ਸਿੰਘ ਕਲੇਰ ਨੇ ਸਵੇਰਾ ਸੰਸਥਾ ਦਾ ਸਾਥ ਦੇਣ ਦਾ ਵਾਅਦਾ ਕੀਤਾ। ਲਾਡੀ ਕੇ. ਸਿੰਘ ਅਤੇ ਕਮਲਜੀਤ ਕੌਰ ਸਹੋਤਾ ਨੇ ਵੀ ਟੀਮ ਦੀ ਹੌਸਲਾ ਅਫਜ਼ਾਈ ਕੀਤੀ ਤੇ ਮਾਇਕ ਮਦਦ ਵੀ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਸੀਰਤ ਕੌਰ ਕਲੇਰ ਨੇ 'ਸਵੇਰਾ' ਟੀਮ ਦੇ ਕੰਮਾਂ ਅਤੇ ਨਿਸ਼ਾਨਿਆਂ ਦੀ ਵਿਆਖਿਆ ਕਰਦਿਆਂ ਪ੍ਰਭਾਵਸ਼ਾਲੀ ਤਕਰੀਰ ਨਾਲ ਕੀਤੀ। ਉਸ ਨੇ ਕਿਹਾ ਕਿ ਸਿਹਤ ਪੱਖੋਂ ਚੁਣੌਤੀਆਂ ਦੇ ਬਾਵਜੂਦ ਬੀਬੀ ਜਸਬੀਰ ਕੌਰ ਮਾਨ ਕਿਵੇਂ ਕੁੜੀਆਂ ਲਈ ਕਿਸੇ ਵੀ ਕਿਸਮ ਦੀ ਮਦਦ ਲਈ ਅੱਗੇ ਰਹਿੰਦੇ ਹਨ। ਸੀਰਤ ਕਲੇਰ ਨੇ ਕਿਹਾ ਕਿ ਬੀਬੀ ਮਾਨ 'ਸਵੇਰਾ ਟੀਮ' ਅਤੇ ਮੇਰੇ ਵਰਗੀਆਂ ਕੁੜੀਆਂ ਲਈ ਰੋਲ ਮਾਡਲ ਹਨ।

ਇਸ ਮੌਕੇ 'ਸਵੇਰਾ' ਸੰਸਥਾ ਦੀ ਕਰਤਾ-ਧਰਤਾ ਬੀਬੀ ਜਸਬੀਰ ਕੌਰ ਮਾਨ ਨੇ ਸਭ ਦਾ ਧੰਨਵਾਦ ਕਰਦਿਆਂ 'ਸਵੇਰਾ' ਟੀਮ ਨਾਲ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ, "ਗੁਰੂ ਗ੍ਰੰਥ ਸਾਹਿਬ, ਗੀਤਾ, ਕੁਰਾਨ, ਬਾਈਬਲ ਕਦੇ ਆਪਸ ਵਿੱਚ ਲੜਦੇ ਨਹੀਂ; ਲੜਦੇ ਸਿਰਫ਼ ਉਹੀ ਨੇ, ਜਿਹੜੇ ਇਨ੍ਹਾਂ ਨੂੰ ਪੜ੍ਹਦੇ ਨਹੀਂ।" ਉਨ੍ਹਾਂ ਨੇ ਦੱਸਿਆ ਕਿ 'ਸਵੇਰਾ' ਸੰਸਥਾ ਦਾ ਮਨੋਰਥ ਪੰਜਾਬੀ ਸੱਭਿਆਚਾਰ ਦਾ ਹਰ ਤਿਓਹਾਰ ਵਧ-ਚੜ੍ਹ ਕੇ ਮਨਾਉਣ ਦੇ ਨਾਲ ਨਾਲ ਲੋੜਵੰਦ ਕੁੜੀਆਂ ਦੀ ਮਦਦ ਕਰਨਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਸੰਸਥਾ ਮੁਸੀਬਤ ਵਿੱਚ ਘਿਰੀਆਂ ਕੁੜੀਆਂ, ਭਾਵੇਂ ਉਹ ਕਿਸੇ ਵੀ ਧਰਮ ਜਾਂ ਸੂਬੇ ਤੋਂ ਹੋਣ, ਉਨ੍ਹਾਂ ਨੂੰ ਸਹੀ ਦਿਸ਼ਾ-ਨਿਰਦੇਸ਼ ਦੇ ਕੇ ਜਾਂ ਜਿੱਥੋਂ ਵੀ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਦਾ ਵਸੀਲਾ ਹੋ ਸਕੇ, ਉਸ ਲਈ ਲੋੜੀਂਦੀ ਭੂਮਿਕਾ ਨਿਭਾਉਂਦੀ ਹੈ। 'ਸਵੇਰਾ' ਸੰਸਥਾ ਕੁੜੀਆਂ ਦੀ ਇੱਕੋ ਇੱਕ ਸੰਸਥਾ ਹੈ, ਜੋ ਲੋੜ ਅਨੁਸਾਰ ਕੁੜੀਆਂ ਦੀ ਮਦਦ ਕਰਦੀ ਹੈ।

ਇਸ ਮੌਕੇ ਸਟੇਜ ਦੀ ਕਾਰਵਾਈ ਮੰਚ ਸੰਚਾਲਕਾ ਗੁਰਲੀਨ ਕੌਰ ਨੇ ਆਪਣੇ ਸ਼ੇਅਰੋ-ਸ਼ਾਇਰੀ ਭਰੇ ਅੰਦਾਜ਼ ਵਿੱਚ ਅੱਗੇ ਵਧਾਈ ਅਤੇ ਪ੍ਰੋਗਰਾਮ ਨੂੰ ਤਰਤੀਬਬੱਧ ਪੇਸ਼

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ























ਕਰਦਿਆਂ ਆਪਣੇ ਬੋਲਾਂ ਨਾਲ ਸ਼ਾਇਰਾਨਾ ਰੰਗ ਬਿਖੇਰਿਆ। ਪੰਜਾਬੀ ਬੋਲੀ ਦੇ ਹੱਕ ਵਿੱਚ ਉਸ ਦੇ ਬੋਲ ਸਨ, 'ਮੈਂ ਕਿਹੜੀ ਵਸੀਅਤ ਬਣਾਵਾਂ, ਜਿਹੜੀ ਖੁਦ ਮੇਰੇ ਨਾਂ ਨਾ ਰਹੀ, ਮੈਂ ਪੰਜਾਬ ਦੀ ਧੀ ਹਾਂ, ਪਰ ਪੰਜਾਬੀ ਮੇਰੀ ਮਾਂ ਨਾ ਰਹੀ।'

ਮਿੰਨੀ ਕੌਰ ਨੇ ਅਮਰੀਕਨ ਨੈਸ਼ਨਲ ਐਨਥਮ ਗਾ ਕੇ ਪ੍ਰੋਗਰਾਮ ਦੀ ਪਹਿਲੀ ਆਈਟਮ ਵਜੋਂ ਪੇਸ਼ ਕੀਤਾ। 'ਅਸ਼ਕੇ ਭੰਗੜਾ ਗਰੁੱਪ' ਦੇ ਬੱਚਿਆਂ ਨੇ ਮਾਡਰਨ ਕੱਪੜਿਆਂ ਦੇ ਨਾਲ ਪੰਜਾਬੀ ਰਵਾਇਤੀ ਗਹਿਣੇ ਪਾ ਕੇ ਫਿਊਜ਼ਨ ਸਟਾਈਲ ਭੰਗੜਾ ਪਾਇਆ। ਇਸ ਟੀਮ ਨੂੰ ਨਵਜੋਧ ਸਿੰਘ ਬਾਜਵਾ ਨੇ ਤਿਆਰ ਕੀਤਾ ਸੀ। ਬਲਜੀਤ ਕੌਰ ਅਠਵਾਲ ਅਤੇ ਰਾਜਵਿੰਦਰ ਕੌਰ ਨੇ ਡਾਂਸ ਅਤੇ ਗਿੱਧੇ ਦੇ ਰਲਵੇਂ-ਮਿਲਵੇਂ ਐਕਸ਼ਨ ਪੇਸ਼ ਕਰ ਕੇ ਸਮਾਂ ਬੰਨ੍ਹਿਆ। ਬਲਜੀਤ ਕੌਰ ਅਤੇ ਰਿੰਪਲ ਡੋਗਰਾ ਨੇ 'ਪੰਡਿਤ ਜੀ' ਵਾਲੇ ਸਕਿੱਟ ਟਾਈਪ ਗੀਤ 'ਮੁੰਡਾ ਬੜਾ ਛਨਿੱਚਰੀ...' ਉਤੇ ਮਜਾਹੀਆ ਪੇਸ਼ਕਾਰੀ ਕਰਦਿਆਂ ਵਾਹ ਵਾਹ ਖੱਟੀ।

ਇੰਡੀਅਨਐਪੋਲਿਸ ਤੋਂ ਆਈਆਂ ਦੋ ਕੁੜੀਆਂ- ਗੁਰਲੀਨ ਅਤੇ ਹਰਲੀਨ ਨੇ ਡਾਂਸ ਪੇਸ਼ ਕੀਤਾ ਅਤੇ ਲੈਅ-ਮਈ ਪੇਸ਼ਕਾਰੀ ਕਰਕੇ ਹੋਰ ਬੀਬੀਆਂ ਤੇ ਕੁੜੀਆਂ ਦਾ ਧਿਆਨ ਖਿੱਚਿਆ। ਇਹ ਕੁੜੀਆਂ ਅਮਰਜੀਤ ਮਾਂਗਟ ਦੀਆਂ ਭਾਣਜੀਆਂ ਹਨ। ਦਾਜ ਦੇ ਵਿਰੁੱਧ ਸੁਨੇਹਾ ਦਿੰਦੀ ਸਕਿੱਟ 'ਗਿਫਟ' ਚਰਨਦੀਪ ਸਿੰਘ, ਗੁਰਪ੍ਰੀਤ ਕੇ. ਸਿੰਘ, ਜਸਮੀਤ ਸਿੰਘ, ਸੰਦੀਪ ਕੌਰ ਅਤੇ ਜਸਬੀਰ ਮਾਨ ਨੇ ਬਾਖੂਬ ਪੇਸ਼ਕਾਰੀ ਕੀਤੀ। ਸਕਿੱਟ ਵਿਚਲੇ ਵਿਅੰਗ ਦੇ ਨਾਲ ਨਾਲ 'ਲੂੱਤੀ ਲਾਉਣ ਆਈ ਗੁਆਂਢਣ' ਦਾ ਰੋਲ ਵੀ ਦਿਲਚਸਪ ਸੀ। ਇਹ ਅਦਾਕਾਰ ਪਿਛਲੇ ਸਾਲ ਭਾਸ਼ਾ ਦਿਵਸ ਨੂੰ ਸਮਰਪਿਤ ਖੇਡੇ ਗਏ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਪੇਸ਼ਕਾਰੀ ਵਿੱਚ ਵੀ ਸ਼ਾਮਲ ਸਨ।

ਮਾਹੌਲ ਉਦੋਂ ਨੱਚਣ-ਟੱਪਣ ਵਾਲਾ ਬਣ ਗਿਆ, ਜਦੋਂ ਸਿਨਸਿਨੈਟੀ ਤੋਂ ਆਏ ਗਾਇਕ ਰੈਵ ਇੰਦਰ ਨੇ ਸਟੇਜ ਸੰਭਾਲੀ। ਅਟਲਾਂਟਿਸ ਬੈਂਕੁਇਟ ਹਾਲ ਵਿੱਚ ਹਾਜ਼ਰ ਕਰੀਬ ਕਰੀਬ ਸਾਰੀਆਂ ਬੀਬੀਆਂ ਉਸ ਦੇ ਗੀਤਾਂ ਅਤੇ ਬੋਲੀਆਂ ਉਤੇ ਪੂਰੀ ਅੱਡੀ ਥਿਰਕਾਉਣ ਦੇ ਨਾਲ ਨਾਲ ਕਈ ਪੱਬਾਂ ਭਾਰ ਵੀ ਨੱਚੀਆਂ। ਮਨਮੀਤ ਕੌਰ ਨੇ ਵੀ ਇੱਕ ਗੀਤ ਗਾ ਕੇ ਹਾਜ਼ਰੀ ਲੁਆਈ, ਪਰ ਰੈਵ ਨੇ ਆਪਣੇ ਅਤੇ ਹੋਰਨਾਂ ਗਾਇਕਾਂ ਦੇ ਕਈ ਮਸ਼ਹੂਰ ਪੰਜਾਬੀ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ। ਰੈਵ ਦੇ ਗਾਏ ਬੋਲਾਂ- 'ਕਰਮਾਂ ਵਾਲੜੀਆਂ, ਮੇਲਾ ਵੇਖਣ ਆਈਆਂ', 'ਆ ਜਾ ਨੱਚ ਲੈ ਗਿੱਧੇ 'ਚ ਮੇਰੀ ਬਾਂਹ ਫੜ੍ਹ ਕੇ', 'ਲੱਡੂ ਖਾਧੇ ਵੀ ਬਥੇਰੇ, ਲੱਡੂ ਵੰਡੇ ਵੀ ਬਥੇਰੇ', 'ਮੈਨੂੰ ਰੇਸ਼ਮੀ ਰੁਮਾਲ ਵਾਂਗੂੰ ਰੱਖ ਮੁੰਡਿਆ', 'ਕੁੜੀਆਂ ਪੰਜਾਬ ਦੀਆਂ, ਦੁੱਧ ਮੱਖਣਾਂ ਨਾਲ ਪਲ਼ੀਆਂ' ਆਦਿ ਉਤੇ ਨੱਚ ਨੱਚ ਬੀਬੀਆਂ ਨੇ ਪੂਰਾ ਧਮੱਚੜ ਪਾਇਆ। ਕੁੜੀਆਂ ਨੇ ਨੱਚ ਨੱਚ ਕੇ ਆਪਣੇ ਦਿਲ ਦੇ ਅਰਮਾਨ ਪੂਰੇ ਕੀਤੇ ਅਤੇ ਬਹੁਤੀਆਂ ਨੇ ਰੀਲ੍ਹਾਂ ਬਣਾ ਬਣਾ ਸੋਸ਼ਲ ਮੀਡੀਆ ਉਤੇ ਵੀ ਚਾੜ੍ਹੀਆਂ। ਗੀਤਾਂ ਦੇ ਬੋਲਾਂ ਉਤੇ ਬੀਬੀਆਂ ਦੇ ਐਕਸ਼ਨ ਵੀ ਨਾਲੋ ਨਾਲ ਪੇਸ਼ ਸਨ। ਛੋਟੀਆਂ ਕੁੜੀਆਂ ਆਪਣੀਆਂ ਸਹੇਲੀਆਂ ਨਾਲ ਰਲ਼ ਕਿੱਕਲੀ ਪਾ ਰਹੀਆਂ ਸਨ।

ਕੁਲ ਮਿਲਾ ਕੇ ਪਿੜ ਵਿੱਚ ਝੰਡੀ ਬੀਬੀਆਂ ਦੀ ਹੀ ਰਹੀ; ਜਦਕਿ ਸਮਾਗਮ ਵਿੱਚ ਬੰਦਿਆਂ ਦੀ ਗਿਣਤੀ ਘੱਟ ਸੀ। ਉਂਜ ਮਾਹੌਲ ਪੂਰਾ ਪਰਿਵਾਰਕ ਸੀ ਅਤੇ ਦਾਰੂ-ਬੱਤਾ ਵਰਤਾਉਣ ਤੋਂ ਵੀ ਗੁਰੇਜ ਕੀਤਾ ਗਿਆ ਸੀ, ਪਰ ਪੀਣ ਦੇ ਸ਼ੌਕੀਨਾਂ ਨੇ ਇੱਕ ਟੇਬਲ 'ਤੇ ਆਪਣੀ ਮਹਿਫਿਲ 'ਪਰਦੇ ਓਹਲੇ' ਸਜਾਈ ਹੋਈ ਸੀ; ਜਿਵੇਂ ਕਹਿੰਦੇ ਹਨ, 'ਗੁੜ ਚੋਰੀ ਦਾ ਖਾਂਦਾ, ਲੱਗਿਆ ਇਸ਼ਕ ਬੁਰਾ' ਵਾਂਗ ਇਸ਼ਕ ਤੇ ਮੁਸ਼ਕ ਲੁਕਦੇ ਕਿੱਥੇ ਨੇ!

ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਪਹਿਲੀ ਲੋਹੜੀ 2020 ਵਿੱਚ ਮਨਾਈ ਗਈ ਸੀ। ਉਦੋਂ ਤੋਂ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ; ਪਰ ਪਿਛਲੇ ਸਾਲ 2024 ਵਿੱਚ ਲੋਹੜੀ ਦਾ ਪ੍ਰੋਗਰਾਮ ਨਹੀਂ ਸੀ ਹੋਇਆ, ਕਿਉਂਕਿ ਸੰਸਥਾ ਦੀ ਮੋਹਰੀ ਬੀਬੀ ਜਸਬੀਰ ਕੌਰ ਮਾਨ ਦਾ ਕੈਂਸਰ ਦਾ ਇਲਾਜ ਚੱਲਦਾ ਸੀ। ਸੰਸਥਾ ਦਾ ਟੀਚਾ ਅਜਿਹੇ ਸਮਾਗਮਾਂ ਨੂੰ ਪੰਜਾਬ ਦੇ ਪਿੰਡਾਂ ਦੀ ਤਰਜ 'ਤੇ "ਸਭਨਾਂ ਦੀ ਇੱਕੋ ਲੋਹੜੀ" ਵਾਂਗ ਮਨਾਉਣ ਦਾ ਹੈ। ਲੋਹੜੀ ਦੇ ਪ੍ਰੋਗਰਾਮ 'ਤੇ ਉਨ੍ਹਾਂ ਸਹੇਲੀਆਂ ਨੂੰ ਵੀ ਯਾਦ ਕੀਤਾ ਗਿਆ, ਜਿਨ੍ਹਾਂ ਨੇ 'ਸਵੇਰਾ' ਲਈ ਤਰੱਦਦ ਕੀਤਾ। ਟੀਮ ਦੀ ਸਦੀਵੀ ਵਿਛੜ ਚੁੱਕੀ ਮੈਂਬਰ ਜੌਲੀ ਡੰਡੋਨਾ ਨੂੰ ਵੀ ਯਾਦ ਕੀਤਾ ਗਿਆ।

'ਸਵੇਰਾ' ਟੀਮ ਦੀਆਂ ਸਾਰੀਆਂ ਕੁੜੀਆਂ ਨੇ ਪ੍ਰੋਗਰਾਮ ਦੇ ਲਈ ਵਿੱਤੀ ਮਦਦ ਦਿੱਤੀ ਤੇ ਆਪਣੀ ਅਣਥੱਕ ਮਿਹਨਤ ਨਾਲ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਿਆ। 'ਸਵੇਰਾ' ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸਹਿਯੋਗੀ ਸਹੇਲੀਆਂ ਅਤੇ ਉਨ੍ਹਾਂ ਦੇ ਪਰਿਵਾਰ ਵਿੱਚ ਕਮਲਜੀਤ ਕੌਰ ਸਹੋਤਾ, ਲਾਡੀ ਕੇ. ਸਿੰਘ, ਜੱਸੀ ਹੀਰ, ਪੰਮੀ ਵੋਹਰਾ, ਮਨਜਿੰਦ ਬਰਾੜ, ਅਮਰਜੀਤ ਮਾਂਗਟ, ਸ਼ਿੰਦਰ ਸਿੱਧੂ, ਹਰਜਿੰਦਰ ਸਿੰਘ, ਗੈਰੀ ਡੰਡੋਨਾ, ਭੂਪ ਨਾਗਰਾ, ਅਜੀਤ ਸਿੰਘ, ਕੁਲਵੰਤ ਕੌਰ ਪਰਮਾਰ, ਜਤਿੰਦਰ ਕੌਰ ਕਲੇਰ, ਸ਼ਰਨ ਕਾਹਲੋਂ, ਪਰਮਜੀਤ ਭੱਠਲ, ਸਰਬਜੀਤ ਕੌਰ, ਸੁਖਵੀਰ ਕੌਰ ਢਿੱਲੋਂ; ਲਿਟਲ ਕਿੰਗਡਮ ਦੇ ਪਾਲ ਸਿੰਘ ਡੰਡੋਨਾ, ਤਰਲੋਚਨ ਸਿੰਘ ਗਿੱਲ, ਅਮਨ ਕੁਲਾਰ, ਰਾਜਵੀਰ ਕੁਲਾਰ, ਭੋਲਾ ਸਿੰਘ ਬਰਾੜ, ਸੁਖਦੀਪ ਵਾਲੀਆ, ਪੰਮੀ ਸੰਘਾ, ਜੈ ਰਾਮ ਸਿੰਘ ਕਾਹਲੋਂ, ਸਤਨਾਮ ਸਿੰਘ ਔਲਖ, ਹਰਮੇਸ਼ ਬੈਂਸ, ਰਾਜੂ ਧਾਲੀਵਾਲ, ਜੋਤੀ ਖਹਿਰਾ, ਰਘਵਿੰਦਰ ਮਾਹਲ, ਗੁਰਪ੍ਰੀਤ ਕੇ. ਸਿੰਘ, ਰਿੰਪਲ ਡੋਗਰਾ, ਪਲਕ ਸ਼ਰਮਾ, ਕਿਰਪਾਲ ਲਾਲ, ਅਨੁਰੀਤ ਕੌਰ ਢਿੱਲੋਂ, ਪਰਦੀਪ ਕੌਰ ਝੱਜ, ਬਲਵਿੰਦਰ ਔਲਖ, ਮਨਜੀਤ ਕੌਰ ਮਾਂਗਟ, ਚਰਨਜੀਤ ਕਾਹਲੋਂ, ਪਾਇਲ ਵਿਰਦੀ, ਵਿਪਨ ਕਲੇਰ, ਜਸਪ੍ਰੀਤ ਸਿੰਘ ਮਾਨ ਸਮੇਤ ਹੋਰ ਵੀ ਕਈ ਸ਼ਾਮਲ ਸਨ। 'ਸਵੇਰਾ' ਨੇ ਸੱਭਿਆਚਾਰਕ ਸੰਸਥਾਵਾਂ, ਖੇਡ ਕਲੱਬਾਂ, ਵਿਦਿਅਕ ਤੇ ਧਾਰਮਿਕ ਅਦਾਰਿਆਂ, ਕਾਰ ਸੇਵਾ ਗਰੁੱਪ ਤੇ ਮੀਡੀਆ ਸਮੇਤ ਅਜੀਤ ਸਿੰਘ ਮਿਡਵੇਅ ਬਿਜ਼ਨਸ ਗਰੁੱਪ, ਨਵਰੀਨ ਕੌਰ ਹੀਰ, ਹਰਜੀਤ ਸਿੰਘ ਗਿੱਲ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ ਹੈ।

ਸਮਾਗਮ ਦੌਰਾਨ ਮੂੰਗਫਲੀ, ਗੱਚਕ ਤੇ ਰਿਓੜੀਆਂ ਦੀਆਂ ਭਰੀਆਂ ਗੁਥਲੀਆਂ ਹਰ ਮੇਜ਼ ਉਤੇ ਰੱਖੀਆਂ ਹੋਈਆਂ ਸਨ। ਗੱਚਕ ਤੇ ਰਿਓੜੀਆਂ ਵਗੈਰਾ ਸਲਵਾਨ ਟਰੇਡਿੰਗ ਵੱਲੋਂ ਮੁਹੱਈਆ ਸਨ। ਪ੍ਰੋਗਰਾਮ ਦੌਰਾਨ ਲੋਕਾਂ ਨੇ ਮੂੰਗਫਲੀ ਛਿੱਲ ਛਿੱਲ ਖਾਧੀ ਅਤੇ ਰਿਓੜੀਆਂ ਤੇ ਗੱਚਕ ਦਾ ਵੀ ਸਵਾਦ ਚਖਿਆ। ਤਾਜ਼ਾ ਤਰੀਨ ਮੂੰਗਫਲੀ ਦਾ ਜ਼ਿਕਰ ਕਈਆਂ ਦੀ ਜ਼ੁਬਾਨ 'ਤੇ ਸੀ। ਖਾਣਾ ਟੱਚ ਆਫ ਸਪਾਈਸ ਦੇ ਕੇ.ਕੇ. ਪੰਮਾ ਅਤੇ ਡੀ.ਜੇ. ਰਾਜਨ ਭੱਲਾ ਦਾ ਸੀ। ਪ੍ਰੋਗਰਾਮ ਨੂੰ ਕੈਮਰਾਬੰਦ ਰਾਜਾ ਬਾਲੀਵੁੱਡ ਸਟੂਡੀਓ ਨੇ ਕੀਤਾ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health


**Futurity First Insurance Group**


**Atlantis Banquets**

Under New Management With New Glance of Experience.

1273 North Rand Road, Arlington Heights, IL 60004

Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com



ATLANTIS ATLANTIS ATLANTIS BANQUETS

*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਕਿਸਾਨ ਮੋਰਚਿਆਂ 'ਤੇ ਚੱਲਿਆ ਪੰਜਾਬ ਸਰਕਾਰ ਦਾ ਪੀਲਾ ਪੰਜਾ

***ਖਨੌਰੀ ਅਤੇ ਸ਼ੰਭੂ ਬਾਰਡਰਾਂ ਤੋਂ ਕਿਸਾਨ ਜ਼ਬਰਦਸਤੀ ਖਦੇੜੇ***

***ਲੀਡਰਸ਼ਿੱਪ ਸਮੇਤ ਸੈਂਕੜੇ ਕਿਸਾਨ ਗ੍ਰਿਫਤਾਰ***

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਵਿੱਚ ਭਾਰਤੀ ਜਨਤਾ ਦੇ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਵੱਲੋਂ ਸ਼ੰਭੂ, ਖਨੌਰੀ-ਢਾਬੀ ਗੁੱਜਰਾਂ ਬਾਰਡਰਾਂ ਤੋਂ ਕਿਸਾਨ ਧਰਨਿਆਂ ਨੂੰ ਜਬਰੀ ਹਟਾ ਦਿੱਤਾ ਗਿਆ ਹੈ। 20 ਫਰਵਰੀ ਨੂੰ ਕੀਤੀ ਗਈ ਇਹ ਕਾਰਵਾਈ ਪੰਜਾਬ ਸਰਕਾਰ ਨੇ ਪੰਜਾਬ ਦੀ ਕਿਸਾਨੀ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਦਿਆਂ ਰਾਜ ਦੇ ਗੈਰ-ਸਿੱਖ ਵੋਟਰ, ਖਾਸ ਕਰਕੇ ਸ਼ਹਿਰੀ ਮੱਧ ਵਰਗੀ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਪਤਿਆਉਣ ਦੇ ਮਕਸਦ ਨਾਲ ਕੀਤੀ ਹੈ। ਇਹ ਪੱਖ ਵੀ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਦੇ ਇੱਕ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਲੁਧਿਆਣਾ ਵੈਸਟ ਤੋਂ ਲੋਕ ਸਭਾ ਦੀ ਜ਼ਿਮਨੀ ਚੋਣ ਲੜਾਈ ਜਾਣੀ ਹੈ। ਇਸ ਦੇ ਸਿੱਟੇ ਵਜੋਂ ਖਾਲੀ ਹੋਣ ਵਾਲੀ ਸੀਟ 'ਤੇ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ ਵਿੱਚ ਭੇਜਿਆ ਜਾਣਾ ਹੈ। ਇਹ ਸੀਟ ਸ਼ਹਿਰੀ ਹਿੰਦੂ ਵਪਾਰੀ ਤਬਕੇ ਦੀ ਹੈ। ਇੰਜ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਰਾਜ ਸਭਾ ਵਿੱਚ ਪਹੁੰਚਣ ਦੀ ਇੱਛਾ ਕਿਸਾਨ ਮਸਲਿਆਂ 'ਤੇ ਭਾਰੂ ਪੈ ਗਈ ਹੈ।

ਪਰ ਪੰਜਾਬ ਪੁਲਿਸ ਵੱਲੋਂ ਇਸ ਕਾਰਵਾਈ ਨੂੰ ਜਿਸ ਤਰ੍ਹਾਂ ਅੰਜਾਮ ਦਿੱਤਾ ਗਿਆ ਅਤੇ ਚੰਡੀਗੜ੍ਹ ਵਿਖੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਜਿਵੇਂ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਇਸ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਖਾਸ ਕਰਕੇ ਅਤੇ 'ਆਪ' ਦਾ ਆਮ ਕਰਕੇ, ਅਕਸ ਦਾਅ 'ਤੇ ਲਾ ਦਿੱਤਾ। ਪੰਜਾਬ ਦਾ ਕਿਸਾਨ ਅਵਾਮ ਇਸ ਨੂੰ 'ਵਿਸ਼ਵਾਸਘਾਤ' ਦਾ ਨਾਂ ਦੇ ਰਿਹਾ ਹੈ। ਇਸ ਕਾਰਵਾਈ ਤੋਂ ਬਾਅਦ 26 ਮਾਰਚ ਨੂੰ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਨਾਲ ਰੱਖੀ ਮੀਟਿੰਗ ਵੀ ਮੁਲਤਵੀ ਕਰ ਦਿੱਤੀ ਗਈ ਹੈ। ਇਹ ਮੀਟਿੰਗ ਪੰਜਾਬ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚਾ ਰਾਜਨੀਤਿਕ ਨਾਲ ਰੱਖੀ ਗਈ ਸੀ। ਇੱਥੇ ਜ਼ਿਕਰਯੋਗ ਹੈ ਕਿ ਇਸ ਮੋਰਚੇ ਵੱਲੋਂ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਯਤਨ ਵੀ ਪੰਜਾਬ ਸਰਕਾਰ ਨੇ ਨਾਕਾਮ ਕਰ ਦਿੱਤਾ ਸੀ।

ਫਿਰ ਵੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਤਾਜਾ ਪੁਲਿਸ ਕਾਰਵਾਈ ਨੇ ਕਿਸਾਨਾਂ ਦੇ ਦੋ ਫੋਰਮਾਂ, ਰਾਜਨੀਤਿਕ ਅਤੇ ਗੈਰ-ਰਾਜਨੀਤਿਕ ਵਿਚਕਾਰ ਏਕਤਾ ਦਾ ਮਾਹੌਲ ਵੀ ਮੁੜ ਕੇ ਬਣਾ ਦਿੱਤਾ ਹੈ। ਪੰਜਾਬ ਵਿੱਚ ਹਾੜ੍ਹੀ ਦੀ ਫਸਲ ਆਉਣ ਵਿੱਚ ਹਾਲੇ ਮਹੀਨੇ ਕੁ ਦਾ ਸਮਾਂ ਰਹਿੰਦਾ ਹੈ। ਇਸ ਹਾਲਤ ਵਿੱਚ ਕਿਸਾਨ ਜਥੇਬੰਦੀਆਂ ਨੂੰ ਆਪਣਾ ਪ੍ਰਤੀਕਰਮ ਦੇਣ ਦਾ ਸਮਾਂ ਮਿਲ ਸਕਦਾ ਹੈ। ਸੰਯੁਕਤ ਕਿਸਾਨ ਮੋਰਚਾ (ਸਿਆਸੀ) ਨੇ ਆਪਣਾ ਪਹਿਲਾ ਪ੍ਰੋਗਰਾਮ ਰੱਦ ਕਰਕੇ ਬਾਰਡਰਾਂ 'ਤੇ ਕੀਤੀ ਗਈ ਕਾਰਵਾਈ ਦੇ ਰੋਸ ਵਜੋਂ 28 ਮਾਰਚ ਨੂੰ ਸਾਰੇ ਪੰਜਾਬ ਵਿੱਚ ਡਿਪਟੀ ਕਮਿਸ਼ਨਰਾਂ ਦਾ ਘਿਰਾਉ ਕਰਨ ਦਾ ਐਲਾਨ ਕੀਤਾ ਹੈ।

ਪੰਜਾਬ ਸਰਕਾਰ ਦੇ ਹੁਕਮਾਂ 'ਤੇ ਕਿਸਾਨਾਂ ਵੱਲੋਂ ਬਾਰਡਰਾਂ 'ਤੇ ਬਣਾਏ ਗਏ ਆਰਜੀ ਆਸ਼ਿਆਨੇ ਜੇ.ਸੀ.ਬੀ. ਮਸ਼ੀਨਾਂ ਅਤੇ ਬੁਲਡੋਜ਼ਰਾਂ ਆਦਿ ਨਾਲ ਢਾਹ ਦਿੱਤੇ ਗਏ ਹਨ। ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਕਿਸਾਨਾਂ ਦੇ ਛੱਤ ਵਾਲੇ ਪੱਖਿਆਂ, ਏਅਰਕੰਡੀਸ਼ਨਾਂ ਅਤੇ ਹੋਰ ਘਰੇਲੂ ਸਾਜ਼ੋ ਸਮਾਨ ਵੀ ਪੁਲਿਸ ਮੁਲਾਜ਼ਮਾਂ ਵੱਲੋਂ ਚੁੱਕਿਆ ਗਿਆ ਹੈ। ਇਸ ਦੀ ਭੰਨ ਤੋੜ ਵੀ ਕੀਤੀ ਗਈ। ਇਸ ਤੋਂ ਇਲਵਾ ਟਰੈਕਟਰ ਟਰਾਲੀਆਂ ਵੀ ਜੇ.ਸੀ.ਬੀ. ਮਸ਼ੀਨਾਂ ਦੀ ਖਿਚ ਧੂਹ ਵਿੱਚ ਨੁਕਸਾਨੀਆਂ ਗਈਆਂ ਹਨ। ਮੋਰਚੇ ਵਾਲੀ ਥਾਂ 'ਤੇ ਲਾਵਾਰਸ ਪਿਆ ਸਮਾਨ ਆਲੇ ਦੁਆਲੇ ਦੇ ਲੁਟੇਰਿਆਂ ਨੇ ਲੁੱਟ ਲਿਆ। ਬਹੁਤ ਸਾਰੇ ਟਰੈਕਟਰਾਂ ਦੀਆਂ ਬੈਟਰੀਆਂ ਗਾਇਬ ਹਨ। ਪੰਜਾਬ ਸਰਕਾਰ ਦਾ ਆਖਣਾ ਹੈ ਕਿ ਇਨ੍ਹਾਂ ਧਰਨਿਆਂ ਕਾਰਨ ਵਪਾਰੀਆਂ ਨੂੰ ਮਾਇਕ, ਟਰਾਂਸਪਰੋਟ ਅਤੇ ਹੋਰ ਕਾਰੋਬਾਰ ਸੰਬੰਧੀ ਔਂਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬੀਤੀ 19 ਮਾਰਚ ਨੂੰ ਸ਼ਾਮੀਂ ਸਾਡੇ ਚਾਰ ਵਜੇ ਕੀਤੀ ਗਈ ਪੁਲਿਸ ਕਾਰਵਾਈ ਵਿੱਚ ਹਰਿਆਣਾ ਪ੍ਰਸ਼ਾਸਨ ਨੇ ਬੁਲਡੋਜ਼ਰਾਂ ਅਤੇ ਜੇ.ਸੀ.ਬੀ. ਮਸ਼ੀਨਾਂ ਨਾਲ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਬਣਾਈਆਂ ਗਈਆਂ ਕੰਕਰੀਟ ਦੀਆਂ ਕੰਧਾਂ ਤੋੜ ਦਿੱਤੀਆਂ।

ਯਾਦ ਰਹੇ, ਕੰਕਰੀਟ ਦੀਆਂ ਇਹ ਕੰਧਾਂ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਬਣਾਈਆਂ ਗਈਆਂ ਸਨ। ਸੰਯੁਕਤ ਮੋਰਚਾ (ਗੈਰ-ਸਿਆਸੀ) ਅਤੇ ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਇਹ ਮੋਰਚਾ 10 ਫਰਵਰੀ 2024 ਨੂੰ ਸ਼ੁਰੂ ਕੀਤਾ ਗਿਆ ਸੀ। ਕਿਸਾਨਾਂ ਵਿਰੁਧ ਇਸ ਕਾਰਵਾਈ ਦੀ ਅਗਵਾਈ ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਵੱਲੋਂ ਕੀਤੀ ਗਈ। ਖਨੌਰੀ-ਦਿੱਲੀ ਲੁਧਿਆਣਾ ਹਾਈਵੇ 'ਤੇ ਹੁਣ ਆਵਾਜਾਈ ਆਮ ਵਾਂਗ ਹੋ ਗਈ ਹੈ। ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਸਮੇਤ ਕਿਸਾਨਾਂ ਦੀ ਸੀਨੀਅਰ ਲੀਡਰਸ਼ਿੱਪ ਹਿਰਾਸਤ ਵਿੱਚ ਲਈ ਗਈ ਹੈ। ਹਿਰਾਸਤ ਵਿੱਚੋਂ ਛਣ ਕੇ ਆ ਰਹੀਆਂ ਖ਼ਬਰਾਂ ਅਨੁਸਾਰ ਜਗਜੀਤ ਸਿੰਘ ਡੱਲੇਵਾਲ ਨੇ ਆਪਣੀ ਭੁੱਖ ਹੜਤਾਲ ਜਾਰੀ ਰੱਖੀ ਹੋਈ ਹੈ ਅਤੇ ਉਨ੍ਹਾਂ ਨੇ ਪਾਣੀ ਪੀਣ ਤੋਂ ਵੀ ਇਨਕਾਰ ਕਰ ਦਿੱਤਾ ਹੈ।



ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਵਰ੍ਹੇ ਜਦੋਂ ਇਹ ਕਿਸਾਨ ਸੰਘਰਸ਼ ਆਰੰਭ ਹੋਇਆ ਸੀ ਤਾਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਹਰਿਆਣਾ ਵਾਲੇ ਪਾਸੇ ਤਾਇਨਾਤ ਕੀਤੇ ਗਏ ਨੀਮ ਸੁਰੱਖਿਆ ਦਸਤਿਆਂ, ਹਰਿਆਣਾ ਪੁਲਿਸ ਅਤੇ ਮੁਜ਼ਾਹਰਾਕਾਰੀਆਂ ਵਿਚਕਾਰ ਤਿੱਖੀਆਂ ਝੜਪਾਂ ਹੋਈਆਂ ਸਨ। ਕਿਸਾਨ ਆਪਣੀਆਂ ਮੰਗਾਂ ਦੇ ਹੱਕ ਵਿੱਚ ਪ੍ਰਦਰਸ਼ਨ ਲਈ ਦਿੱਲੀ ਜਾਣਾ ਚਾਹੁੰਦੇ ਸਨ, ਪਰ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਸ਼ੰਭੂ ਬਾਰਡਰ ਤੋਂ ਪਹਿਲਾਂ ਸਰਸਾ ਦੇ ਪੁਲ 'ਤੇ ਹੀ ਰੋਕ ਲਿਆ ਸੀ।

ਇਸ ਤੋਂ ਇਲਾਵਾ ਹਰਿਆਣਾ ਪੁਲਿਸ ਅਤੇ ਹੋਰ ਨੀਮ ਸੁਰੱਖਿਆ ਦਸਤਿਆਂ ਨੇ ਪੰਜਾਬ ਵਾਲੇ ਪਾਸੇ ਦਾਖਲ ਹੋ ਕੇ ਕਿਸਾਨਾਂ ਦੇ ਟਰੈਕਟਰਾਂ ਅਤੇ ਕਾਰਾਂ ਵਗੈਰਾ ਦੀ ਜ਼ਬਰਦਸਤ ਭੰਨ ਤੋੜ ਕੀਤੀ ਸੀ। ਇਸ ਦੌਰਾਨ ਦੋ ਸਿੱਖ ਨੌਜਵਾਨਾਂ ਨੂੰ ਹਰਿਆਣਾ ਪੁਲਿਸ ਚੁੱਕ ਕੇ ਲੈ ਗਈ ਸੀ ਅਤੇ ਉਨ੍ਹਾਂ ਨੂੰ ਬੋਰੀਆਂ ਵਿੱਚ ਪਾ ਕੇ ਜਾਨਵਰਾਂ ਵਾਂਗ ਕੁੱਟਿਆ ਗਿਆ। ਇਨ੍ਹਾਂ ਨੌਜੁਆਨਾਂ ਨੂੰ ਗੰਭੀਰ ਸੱਟਾਂ ਦੇ ਇਲਾਜ ਲਈ ਪੀ.ਜੀ.ਆਈ. ਵਿੱਚ ਦਾਖਲ ਕਰਵਾਉਣਾ ਪਿਆ ਸੀ।

ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਕਾਰਵਾਈ ਖਿਲਾਫ ਆਮ ਕਿਸਾਨਾਂ ਵਿੱਚ ਗੁੱਸੇ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ। ਕਾਂਗਰਸ ਅਤੇ ਅਕਾਲੀ ਦਲ ਸਮੇਤ ਵੱਖ-ਵੱਖ ਪਾਰਟੀਆਂ ਨੇ ਇਸ ਕਾਰਵਾਈ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰੁਜਨ ਖੜਗੇ ਨੇ 'ਆਪ' ਸਰਕਾਰ ਵੱਲੋਂ ਕਿਸਾਨਾਂ ਖਿਲਾਫ ਕੀਤੀ ਗਈ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ। ਇਸ ਤੋਂ ਇਲਾਵਾ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ, ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ, ਪੰਜਾਬ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਗੁਰਜੀਤ ਸਿੰਘ ਔਜਲਾ ਨੇ ਹੱਥਾਂ ਵਿੱਚ ਮਾਟੋ ਚੁੱਕ ਕੇ ਕਿਸਾਨਾਂ ਵਿਰੁਧ ਕੀਤੀ ਗਈ ਕਾਰਵਾਈ ਖਿਲਾਫ ਪ੍ਰਦਰਸ਼ਨ ਕੀਤਾ। ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਅਤੇ ਦਲਜੀਤ ਸਿੰਘ ਚੀਮਾ ਨੇ ਵੀ ਕਿਸਾਨਾਂ ਵਿਰੁਧ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ ਅਤੇ ਅਕਾਲੀ ਵਰਕਰਾਂ ਨੂੰ ਕਿਸਾਨਾਂ ਦੀ ਹਰ ਕਿਸਮ ਦੀ ਮਦਦ ਕਰਨ ਦਾ ਸੱਦਾ ਦਿੱਤਾ ਹੈ।

ਉਧਰ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਕਿਹਾ ਕਿ ਕੇਂਦਰ ਸਰਕਾਰ ਤਾਂ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਸੀ, ਪਰ 'ਆਪ' ਨੇ ਇਸ ਦਰਮਿਆਨ ਕਾਹਲੀ ਨਾਲ ਕਾਰਵਾਈ ਕਰ ਦਿੱਤੀ। ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਕਿਸਾਨਾਂ ਵਿਰੁਧ ਕਾਰਵਾਈ ਕੇਂਦਰ ਅਤੇ ਪੰਜਾਬ ਸਰਕਾਰ ਨਾਲ ਮਿਲੀਭੁਗਤ ਵਜੋਂ ਕੀਤੀ ਗਈ ਹੈ। ਯਾਦ ਰਹੇ, ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਰੱਖਿਆ ਹੋਇਆ ਹੈ। ਉਹ ਪਿਛਲੇ ਸਾਲ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠੇ ਹੋਏ ਹਨ। ਦਿੱਲੀ ਵਿੱਚ ਹਾਰ ਦਾ ਸਾਹਮਣਾ ਕਰ ਚੁੱਕੀ ਆਮ ਆਦਮੀ ਨੇ ਹੁਣ ਪੰਜਾਬ ਪ੍ਰਸ਼ਾਸਨ ਦੀ ਗੱਡੀ ਅਗਲੇ ਦੋ ਸਾਲਾਂ ਲਈ ਕਥਿੱਤ ਤੌਰ 'ਤੇ ਤੇਜ ਕਾਰਗੁਜ਼ਾਰੀ ਵਾਲੇ ਗੇਅਰ ਵਿੱਚ ਪਾ ਲਈ ਹੈ। ਸਰਕਾਰ ਇਸ ਤਰ੍ਹਾਂ ਕਰਦਿਆਂ ਆਪਣੀ ਦਿੱਖ (ਪ੍ਰਸੈਪਸ਼ਨ) ਸੁਧਾਰਨ ਦਾ ਯਤਨ ਕਰ ਰਹੀ ਹੈ। ਇਸੇ ਯਤਨ ਤਹਿਤ ਪਹਿਲਾਂ ਨਸ਼ਾ ਤਸਕਰਾਂ ਖਿਲਾਫ ਮੁਹਿੰਮ ਵਿੱਢੀ ਗਈ ਹੈ। ਇਸ ਦੇ ਤਹਿਤ ਸਰਕਾਰ ਵੱਲੋਂ ਲੁਧਿਆਣਾ, ਮੋਗਾ ਅਤੇ ਮੁਹਾਲੀ ਸਮੇਤ ਵੱਖ-ਵੱਖ ਸ਼ਹਿਰਾਂ ਵਿੱਚ ਜੇ.ਸੀ.ਬੀ. ਮਸ਼ੀਨਾਂ ਅਤੇ ਬੁਲਡੋਜਰਾਂ ਰਾਹੀਂ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੇ ਗਏ ਹਨ। ਤਸਕਰਾਂ ਦੇ ਖਿਲਾਫ ਚਲਦਾ-ਚਲਦਾ ਇਹ ਪੀਲਾ ਪੰਜਾ ਕਿਸਾਨਾਂ ਦੇ ਸ਼ੰਭੂ ਅਤੇ ਖਨੌਰੀ ਮੋਰਚਿਆਂ 'ਤੇ ਵੀ ਚਲਾ ਦਿੱਤਾ ਗਿਆ।

ਪੰਜਾਬ ਸਰਕਾਰ ਦਾ ਕਿਸਾਨਾਂ ਖਿਲਾਫ ਕਾਰਵਾਈ ਕਰਨ ਦਾ ਹਿਉਂ ਇਸ ਕਰਕੇ ਵੀ ਪਿਆ ਹੈ ਕਿ ਪਿੱਛੇ ਜਿਹੇ ਖਨੌਰੀ ਵਾਲੀ ਲੀਡਰਸ਼ਿੱਪ ਨੇ ਦੋਹਾਂ ਸੰਯੁਕਤ ਕਿਸਾਨ ਮੋਰਚਿਆਂ ਵਿੱਚ ਹੋਣ ਜਾ ਰਹੀ ਏਕਤਾ ਜਾਣ ਬੁੱਝ ਕੇ ਤਾਰਪੀਡੋ ਕਰ ਦਿੱਤੀ ਸੀ। ਸੰਯੁਕਤ ਕਿਸਾਨ ਮੋਰਚਾ (ਸਿਆਸੀ) ਦੇ ਆਗੂਆਂ ਨਾਲ ਏਕਤਾ ਕਰਨ ਦੀ ਬਜਾਏ ਗੈਰ-ਸਿਆਸੀ ਮੋਰਚੇ ਦੀ ਲੀਡਰਸ਼ਿੱਪ ਨੇ ਡੱਲੇਵਾਲ ਦੀ ਹਮਾਇਤ ਵਿੱਚ 101 ਵਿਅਕਤੀ ਮਰਨ ਵਰਤ 'ਤੇ ਬਿਠਾ ਦਿੱਤੇ ਸਨ। ਕਿਸਾਨ ਏਕਤਾ ਨੂੰ ਸਾਬੋਤਾਜ਼ ਕਰਨ ਲਈ ਕੇਂਦਰ ਸਰਕਾਰ ਨੇ ਗੈਰ-ਸਿਆਸੀ ਮੋਰਚੇ ਵਾਲਿਆਂ ਨੂੰ ਗੱਲਬਾਤ ਦਾ ਸੱਦਾ ਦੇ ਦਿੱਤਾ। ਇਸ ਗੱਲਬਾਤ ਦੇ ਸੱਦੇ ਦੀ ਚਾਣਕਿਆ ਨੀਤੀ ਨੇ ਡੱਲੇਵਾਲ ਨੂੰ ਗੁਲੂਕੋਜ਼ ਅਤੇ ਦਵਾਈਆਂ ਵਗੈਰਾਂ ਦੇਣ ਲਈ ਵੀ ਰਾਜ਼ੀ ਕਰ ਲਿਆ। ਇੰਜ ਕਿਸਾਨ ਲੀਡਰ ਇੱਕ ਵਾਰ ਫਿਰ ਕੇਂਦਰ ਦੇ ਚਾਣਕਿਆ ਚੱਕਰਵਿਊ ਵਿੱਚ ਉਲਝ ਕੇ ਡਿਸਕਰੈਡਿਟ ਹੋ ਗਏ। ਖਾਸ ਕਰਕੇ ਡੱਲੇਵਾਲ ਦੇ ਸੰਘਰਸ਼ ਨੂੰ ਘੱਟੇ ਕੌਡੀਆਂ ਵਿੱਚ ਰੋਲਣ, ਕਿਸਾਨ ਏਕਤਾ ਨੂੰ ਤਾਰਪੀਡੋ ਕਰਨ ਅਤੇ ਅੰਤ ਇਸ ਕਿਸਾਨ ਸੰਘਰਸ਼ ਦਾ ਜ਼ਬਰਦਸਤੀ ਅੰਤ ਕਰਨ ਵਿੱਚ ਕੇਂਦਰ ਨੇ ਸਰਗਰਮ ਭੂਮਿਕਾ ਨਿਭਾਈ। ਪਰ ਇਹ ਭੂਮਿਕਾ ਇੰਨੀ ਚਲਾਕੀ ਨਾਲ ਨਿਭਾਈ ਗਈ ਕਿ ਕਿਸਾਨ ਲੀਡਰਾਂ ਦਾ ਸਾਦਾ ਸੁਭਾਅ ਇਸ ਦੀ ਥਾਹ ਹੀ ਨਹੀਂ ਪਾ ਸਕਿਆ। ਇਸ ਕਿਸਾਨ ਸੰਘਰਸ਼ ਦਾ ਬਿਨਾ ਕਿਸੇ ਪ੍ਰਾਪਤੀ ਦੇ ਜ਼ਬਰਦਸਤੀ ਅੰਤ ਕਰਨ ਦੇ ਪੰਜਾਬ ਦੀ ਰਾਜਨੀਤੀ 'ਤੇ ਕੀ ਅਸਰ ਪੈਂਦੇ ਹਨ, ਜਾਂ ਪੰਜਾਬ ਦੇ ਕਿਸਾਨ ਇਸ ਦਾ ਜਵਾਬ ਕਿਵੇਂ ਦਿੰਦੇ ਹਨ, ਇਹ ਆਉਣ ਵਾਲੇ ਸਮੇਂ ਵਿੱਚ ਹੀ ਪਤਾ ਲੱਗੇਗਾ।

## ਦਿਸ਼ਾ ਤੇ ਲਕਸ਼ਹੀਨ ਹੈ ਪੰਜਾਬ ਦੀ ਸਿਆਸਤ

***...ਸਫਾ ਇੱਕ ਦੀ ਬਾਕੀ ⇒***

ਕੌਣ ਪੂਰਾ ਕਰੇਗਾ? ਆਰਥਕ ਹਾਨੀ ਦਾ ਤੇ ਹਿਸਾਬ ਹੀ ਕੋਈ ਨਹੀਂ। ਜਿਹੜੇ ਜਵਾਨ ਅਪੰਗ ਹੋ ਗਏ, ਉਨ੍ਹਾਂ ਨੇ ਮੰਜੇ ਮੱਲ ਲਏ। ਬਾਅਦ ਵਿੱਚ ਉਨ੍ਹਾਂ ਦੀ ਖ਼ਬਰ ਨੂੰ ਵੀ ਕਿਸੇ ਨੇ ਨਹੀਂ ਜਾਣਾ? ਇਹ ਕੌਣ ਆਗੂ ਹਨ ਅਤੇ ਕਿਸ ਦੀ ਅਗਵਾਈ ਕਰ ਰਹੇ ਹਨ? ਲਗਦਾ ਨਹੀਂ ਅਸੀਂ ਮਨੁੱਖੀ ਸੰਵੇਦਨਾ ਤੋਂ ਕੋਰੇ ਹੋਏ ਪੱਥਰ ਦੇ ਬੁੱਤ ਹਾਂ? ਮਸਲਨ ਜਦੋਂ ਸ਼ੁਭਕਰਨ ਦੀ ਗੋਲੀ ਲੱਗਣ ਕਾਰਨ ਮੌਤ ਹੋਈ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਉਨ੍ਹਾਂ ਦੇ ਵਾਰਸਾਂ ਨੂੰ ਪੰਜ ਲੱਖ ਰੁਪਏ ਦੇਣ ਦੀ ਮੰਗ ਕੀਤੀ? ਕਰਲੋ ਗੱਲ, ਇੱਕ ਜਵਾਨ ਮੁੰਡੇ ਦੀ ਜਾਨ ਦੀ ਕੀਮਤ ਪੰਜ ਲੱਖ ਰੁਪਏ? ਫਿਰ ਦੋਇਮ ਦਰਜੇ ਦੀ ਲੀਡਰਸ਼ਿਪ ਨੇ ਇੱਕ ਕਰੋੜ ਰੁਪਏ ਦੇਣ ਅਤੇ ਘਰ ਦੇ ਇੱਕ ਜੀਅ ਨੂੰ ਨੌਕਰੀ ਦੇਣ ਦੀ ਮੰਗ ਉਠਾਈ। ਕਿਧਰੇ ਇਹ ਅਖੌਤੀ ਆਗੂ ਆਪਣੇ ਆਪ ਨੂੰ ਲੀਡਰ ਬਣਾਈ ਰੱਖਣ ਲਈ ਹੀ ਸਰਗਰਮੀ ਤਾਂ ਨਹੀਂ ਕਰੀ ਜਾ ਰਹੇ?

ਜਦੋਂ ਸਿਆਸੀ ਸੰਯੁਕਤ ਮੋਰਚੇ ਨਾਲ ਏਕਤਾ ਦੀ ਗੱਲ ਚੱਲੀ, ਆਪੇ ਤਾਰਪੀਡੋ ਕਰਵਾ ਦਿੱਤੀ। ਕੇਂਦਰ ਨੇ ਉਂਗਲ ਦੇ ਦਿੱਤੀ ਗੱਲਬਾਤ ਲਈ। ਲੀਡਰਾਂ 101 ਬੰਦੇ ਡੱਲੇਵਾਲ ਨਾਲ ਮਰਨ 'ਤੇ ਬਿਠਾ ਦਿੱਤੇ। ਤੀਜੇ ਕੁ ਦਿਨ ਉਠਾ ਦਿੱਤੇ। ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਹੋਣ 'ਤੇ ਹੀ ਫਿੱਟ ਗਏ। ਕੱਛਾਂ ਵਜਾਉਣ ਲੱਗੇ। ਅਗਲਿਆਂ ਗੱਲਬਾਤ ਬਹਾਨੇ ਦੋ ਤਿੰਨ ਵਾਰ ਚਾਹ ਚੂਹ ਪਿਆ ਕੇ ਮੋੜ ਦਿੱਤੇ ਅਤੇ ਜਦੋਂ ਲੱਗਾ ਕਿ ਇਨ੍ਹਾਂ ਤਿਲਾਂ ਵਿੱਚ ਤੇਲ ਮੁੱਕ ਚੁੱਕਾ ਹੈ, ਜਬਰੀ ਧਰਨੇ ਚੁਕਾ ਦਿੱਤੇ। ਇਹ ਪੱਧਰ ਹੈ ਸਾਡੇ ਕਿਸਾਨ ਆਗੂਆਂ ਦਾ! ਇਹ ਪੰਜਾਬ ਦੇ ਸਿਆਸਤਦਾਨਾਂ ਦੇ ਹੀ ਛੋਟੇ ਭਰਾ ਨੀ ਲਗਦੇ? ਅਖੇ ਜਿਹੜੇ ਰੋਗ ਨਾਲ ਬੱਕਰੀ ਮਰਗੀ ਉਹੀਓ ਰੋਗ ਪਠੋਰੀ ਨੂੰ।


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



## ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ‘ਸਵੇਰਾ’ ਦੀ ਲੋਹੜੀ ਦੀਆਂ ਰੌਣਕਾਂ – ਤਸਵੀਰਾਂ ਦੀ ਜ਼ੁਬਾਨੀ



Sponsored Space

### ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਭਾਰਤੀ ਸੱਤਾ ਪ੍ਰਬੰਧ ਵੱਲੋਂ ਗੁਰਮੁਖੀ ਲਿਪੀ ਦੇ ਵਿਰੋਧ ਦਾ ਸਿਧਾਂਤਕ ਵਿਸ਼ਲੇਸ਼ਣ

# ਗੁਰਮੁਖੀ ਲਿਪੀ ਦੇ ਖਾਤਮੇ ਦੀ ਭਾਰਤੀ ਨੀਤੀ

**ਗਹਿਰ-ਗੰਭੀਰ**

ਡਾ. ਜਸਵੀਰ ਸਿੰਘ

***ਭਾਰਤੀ ਸੱਤਾ ਪ੍ਰਬੰਧ ਵੱਲੋਂ ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਗੁਰਮੁਖੀ ਲਿਪੀ ਦੇ ਵਿਰੋਧ ਵਿੱਚ ਅਪਨਾਈ ਗਈ ਨੀਤੀ ਦਾ ਉਘੇ ਚਿੰਤਕ ਡਾ. ਜਸਵੀਰ ਸਿੰਘ ਨੇ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ, ਜਿਸ ਵਿੱਚ ਜ਼ਿਕਰ ਹੈ ਕਿ ਬਹੁਕੌਮੀ ਅਤੇ ਬਹੁਭਾਸ਼ਾਈ ਰਾਜਾਂ ਦੇ ਖਾਤਮੇ ਨੇ ਵੱਖ-ਵੱਖ ਭਾਸ਼ਾਈ ਸਮੂਹਾਂ ਨੂੰ ਇੱਕੋ ਕੇਂਦਰੀ ਤਾਕਤ ਅਧੀਨ ਰਹਿਣ ਲਈ ਮਜਬੂਰ ਕਰ ਦਿੱਤਾ। ਇਸੇ ਸੰਦਰਭ ਵਿੱਚ ਸਿੱਖ ਆਗੂਆਂ ਅਤੇ ਵਿਦਵਾਨਾਂ ਦੀ ਭਾਰਤੀ ਦੇਸ਼ਭਗਤੀ ਦੀ ਅੰਧ ਭਾਵਨਾ ਉਤੇ ਵੀ ਤਨਜ਼ ਕਸੀ ਗਈ ਹੈ। ਲੇਖ ਲੰਮਾ ਹੋਣ ਕਾਰਨ ਅਸੀਂ ਇਸ ਨੂੰ ਦੋ ਕਿਸ਼ਤਾਂ ਵਿੱਚ ਛਾਪ ਰਹੇ ਹਾਂ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ...***


ਸਿੱਖ ਰਾਜਨੀਤਿਕ ਆਗੂ ਅਤੇ ਵਿਦਵਾਨ, ਭਾਰਤੀ ਦੇਸ਼ਭਗਤੀ ਦੀ ਅੰਧ-ਭਾਵਨਾ ਅਧੀਨ ਭਾਰਤੀ ਰਾਸ਼ਟਰਵਾਦੀਆਂ ਦੇ ਪੂਰੀ ਤਰ੍ਹਾਂ ਮਾਨਸਿਕ ਗੁਲਾਮ ਬਣੇ ਰਹੇ। ਇਸ ਮਾਨਸਿਕ ਗੁਲਾਮੀ ਦੇ ਅਸਰ ਹੇਠ ਇਨ੍ਹਾਂ ਨਹਿਰੂ ਸੰਵਿਧਾਨ ਵਿੱਚ ਸਿਰਜੀ ਗਈ ਭਵਿੱਖ ਮੁਖੀ ਭਾਰਤੀ ਨੇਸ਼ਨ ਸਟੇਟ ਵਿੱਚ ਸਿੱਖਾਂ ਦੀ ਆਮ ਜ਼ਿੰਦਗੀ ਅਤੇ ਰਾਜਨੀਤਿਕ ਹੋਣੀ ਬਾਰੇ ਕਦੇ ਕੋਈ ਵਿਚਾਰ ਨਾ ਕੀਤਾ। ਸਿੱਖਾਂ ਦੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਰਾਜਨੀਤਿਕ ਹੋਣੀ ਬਾਰੇ ਇਨ੍ਹਾਂ ਤੋਂ ਕੋਈ ਫਿਕਰ ਕੀਤੇ ਜਾਣ ਦੀ ਕੋਈ ਆਸ ਹੀ ਕਿੱਥੋਂ ਕੀਤੀ ਜਾ ਸਕਦੀ ਸੀ। ਸਿੱਖ ਆਗੂਆਂ ਅਤੇ ਵਿਦਵਾਨਾਂ ਦੀ ਭਾਰਤੀ ਦੇਸ਼ਭਗਤੀ ਦੀ ਅੰਧ ਭਾਵਨਾ ਨੇ ਸਿੱਖ ਕੌਮ ਨੂੰ ਹਿੰਦੂ ਬਹੁਗਿਣਤੀ ਦੇ ਦਾਬੇ ਵਾਲੀ ਪਾਰਲੀਮੈਂਟਰੀ ਨੇਸ਼ਨ ਸਟੇਟ ਅੰਦਰ ਸੰਵਿਧਾਨਕ ਗੁਲਾਮੀ ਭੋਗਣ ਲਈ ਮਜਬੂਰ ਕਰ ਦਿੱਤਾ। ਭਾਰਤੀ ਆਜ਼ਾਦੀ ਤੋਂ ਬਾਅਦ ਭਾਰਤੀ ਰਾਸ਼ਟਰਵਾਦੀ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬੀ ਭਾਸ਼ਾ ਦੀ ਰਾਖੀ ਲਈ ਸੰਵਿਧਾਨਿਕ ਕਾਨੂੰਨ ਬਣਾਉਣ ਦੀ ਮੰਗ ਮੰਨਣ ਤੋਂ ਕੋਰੀ ਨਾਂਹ ਕਰ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੀ ਇਸ ਰਾਜਨੀਤਿਕ ਨਮੋਸ਼ੀ ਭਰੀ ਹਾਲਤ ਵਿੱਚੋਂ 'ਪੰਜਾਬੀ ਸੂਬੇ' ਦਾ ਸੰਘਰਸ਼ ਨਿਕਲਿਆ। ਪੰਜਾਬੀ ਸੂਬੇ ਦੇ ਸੰਘਰਸ ਦੌਰਾਨ ਅਤੇ ਇਸ ਤੋਂ ਬਾਅਦ ਭਾਰਤੀ ਨੇਸ਼ਨ ਸਟੇਟ ਅਤੇ ਹਿੰਦੂ ਤਾਕਤਾਂ ਨੇ ਗੁਰਮੁਖੀ ਲਿਪੀ ਦੇ ਖਾਤਮੇ ਲਈ ਹੈਰਾਨ ਕਰ ਦੇਣ ਵਾਲੀ ਨੀਤੀ ਅਪਣਾਈ।

---

1946 ਈ. ਵਿੱਚ ਜਦੋਂ ਭਾਰਤੀ ਰਾਜ ਦੀ ਆਜ਼ਾਦੀ ਦਾ ਮਸਲਾ, ਲਗਭਗ ਹੱਲ ਹੋ ਚੁੱਕਿਆ ਸੀ ਤਾਂ ਵੀ ਸਿੱਖ ਆਗੂਆਂ ਨੇ ਹੱਦ ਦਰਜੇ ਦੀ ਰਾਜਨੀਤਿਕ ਅਣਗਹਿਲੀ ਦਾ ਪ੍ਰਗਟਾਵਾ ਕੀਤਾ। ਭਾਰਤੀ ਆਜ਼ਾਦੀ ਬਾਰੇ ਕੈਬਨਿਟ ਮਿਸ਼ਨ ਵੱਲੋਂ ਸਿੱਖਾਂ ਨੂੰ ਕਾਨੂੰਨੀ ਸੁਰੱਖਿਆਵਾਂ ਨਾ ਮਿਲਣ ਉੱਤੇ ਸਿੱਖ ਆਗੂਆਂ ਨੇ ਸੰਵਿਧਾਨ ਘਾੜਨੀ-ਸਭਾ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ। 18 ਜੁਲਾਈ 1946 ਨੂੰ ਇੰਗਲੈਂਡ ਦੇ ਸਟੇਟ ਸੈਕਟਰੀ ਨੇ 'ਹਾਊਸ ਆਫ ਲਾਰਡਜ਼' ਵਿੱਚ ਸਿੱਖਾਂ ਨੂੰ 'ਵੱਖਰੀ ਅਤੇ ਮਹੱਤਵਪੂਰਨ ਕੌਮੀਅਤ' ਦੱਸਦਿਆਂ ਸਿੱਖਾਂ ਦੇ ਦਾਅਵਿਆਂ ਉੱਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। 9 ਅਗਸਤ 1946 ਨੂੰ ਕਾਂਗਰਸ ਕਾਰਜਕਾਰਨੀ ਕਮੇਟੀ ਨੇ ਇੱਕ ਮਤਾ ਪਾਸ ਕੀਤਾ ਕਿ ਕਾਂਗਰਸ ਸਿੱਖਾਂ ਨਾਲ ਹੋਏ ਅਨਿਆਂ ਨੂੰ ਸਮਝਦੀ ਹੈ ਅਤੇ (ਸਿੱਖਾਂ ਨੂੰ) ਭਰੋਸਾ ਦਿਵਾਉਂਦੀ ਹੈ ਕਿ ਕਾਂਗਰਸ ਸਿੱਖਾਂ ਦੇ ਉਚਿਤ ਮਸਲਿਆਂ ਨੂੰ ਹੱਲ ਕਰਨ ਅਤੇ (ਕਾਨੂੰਨੀ) ਸੁਰੱਖਿਆਵਾਂ ਦੇਣ ਲਈ ਹਰ ਸੰਭਵ ਮਦਦ ਕਰੇਗੀ। 14 ਅਗਸਤ ਨੂੰ ਕਾਂਗਰਸ ਦੇ ਮਤੇ ਉੱਤੇ ਭਰੋਸਾ ਕਰਦਿਆਂ ਪੰਥਕ ਬੋਰਡ ਨੇ ਸੰਵਿਧਾਨ ਸਭਾ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਰੱਦ ਕਰ ਦਿੱਤਾ। ਪੰਥਕ ਬੋਰਡ ਦੇ ਸਰਦਾਰ ਉੱਜਲ ਸਿੰਘ ਨੇ ਬਿਆਨ ਦਿੱਤਾ, "ਮੇਰਾ ਕਾਂਗਰਸ ਦੇ ਆਗੂਆਂ ਵਿੱਚ ਪੂਰਨ ਭਰੋਸਾ ਹੈ ਅਤੇ ਪੱਕੀ ਆਸ ਹੈ ਕਿ ਕਾਂਗਰਸ ਵੱਲੋਂ ਸਿੱਖਾਂ ਨਾਲ ਕੀਤੇ ਗਏ ਵਾਅਦੇ ਉਸ ਸਮੇਂ ਬਿਨਾ ਕਿਸੇ ਦੇਰੀ ਦੇ ਲਾਗੂ ਕਰ ਦਿੱਤੇ ਜਾਣਗੇ, ਜਦੋਂ ਪਵਿੱਤਰ ਸ਼ਬਦਾਂ ਨੂੰ ਵਿਹਾਰਕ ਰੂਪ ਵਿੱਚ ਬਦਲਣ ਦਾ (ਉਚਿਤ) ਸਮਾਂ ਆ ਗਿਆ। (1)

ਕਾਂਗਰਸ ਦੇ ਆਗੂਆਂ ਦੇ ਪੂਰਨ ਭਰੋਸੇ ਦੇ ਆਧਾਰ ਉੱਤੇ ਸਿੱਖਾਂ ਦੀ ਜ਼ਿੰਦਗੀ ਅਤੇ ਰਾਜਨੀਤਿਕ ਹੋਣੀ ਦਾ ਫੈਸਲਾ ਕਰ ਦਿੱਤਾ ਗਿਆ। ਕਾਂਗਰਸੀ ਆਗੂਆਂ ਦੇ ਪਵਿੱਤਰ ਸ਼ਬਦਾਂ ਨੂੰ ਜਦੋਂ ਵਿਹਾਰਕ ਰੂਪ ਦੇਣ ਦਾ ਮੌਕਾ ਆਇਆ ਤਾਂ 24 ਜਨਵਰੀ 1947 ਨੂੰ ਸਰਦਾਰ ਪਟੇਲ ਦੀ ਅਗਵਾਈ ਹੇਠ ਇੱਕ ਸਲਾਹਕਾਰੀ ਕਮੇਟੀ ਨੇ ਫੈਸਲਾ ਸੁਣਾਇਆ ਕਿ "ਸਿੱਖ ਭਾਈਚਾਰੇ ਲਈ (ਕਾਨੂੰਨੀ) ਸੁਰੱਖਿਆਵਾਂ ਦੇ ਮਸਲੇ ਨੂੰ ਇਸ ਸਮੇਂ ਵਿਚਾਰਿਆ ਨਹੀਂ ਜਾਵੇਗਾ, ਕਿਉਂਕਿ ਸਿੱਖਾਂ ਦੇ ਹਾਲਾਤ ਹਾਲੇ ਡਾਵਾਂਡੋਲ ਹਨ।" ਸਰਦਾਰ ਪਟੇਲ ਨੇ ਸੰਵਿਧਾਨ ਸਭਾ ਵਿੱਚ ਬਿਆਨ ਦਿੱਤਾ, "ਅਸੀਂ ਇੱਕ 'ਕੌਮ' ਦੀ ਸਿਰਜਣਾ ਕਰਨ ਜਾ ਰਹੇ ਹਾਂ, ਜੋ ਲੋਕ ਇਸ ਨੂੰ ਮੁੜ ਵੰਡਣ ਦਾ ਯਤਨ ਕਰਨਗੇ, ਉਨ੍ਹਾਂ ਲਈ ਇਸ (ਕੌਮ) ਵਿੱਚ ਕੋਈ ਥਾਂ ਨਹੀਂ ਹੋਵੇਗੀ। ਹੁਣ ਘੱਟ ਗਿਣਤੀਆਂ ਬਹੁਗਿਣਤੀ ਦੀ ਉਦਾਰਤਾ ਉੱਤੇ ਨਿਰਭਰ ਹਨ ਅਤੇ (ਘੱਟਗਿਣਤੀਆਂ) ਨੂੰ ਬਹੁਗਿਣਤੀ ਦਾ ਭਰੋਸਾ ਜਿੱਤਣਾ ਪਵੇਗਾ। (2)

ਨੇਸ਼ਨ ਸਟੇਟ ਦੇ ਸਿਧਾਂਤਕ ਅਤੇ ਵਿਹਾਰਕ ਖਾਸੇ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਤੋਂ ਇਨਕਾਰੀ ਰਹੇ ਸਿੱਖ ਰਾਜਨੀਤੀਵਾਨਾਂ ਅਤੇ ਵਿਦਵਾਨਾਂ ਦੀ ਭਾਰਤੀ ਦੇਸ਼ ਦੀ ਅੰਧ-ਦੇਸ਼ਭਗਤੀ ਦਾ ਇਹ ਪਹਿਲਾ ਰਾਜਨੀਤਿਕ ਤੋਹਫ਼ਾ ਸੀ। ਸੰਵਿਧਾਨ ਸਭਾ ਨੇ 1948 ਵਿੱਚ ਭਾਰਤ ਵਿੱਚ ਭਾਸ਼ਾਈ ਮਸਲਿਆਂ ਦੇ ਹੱਲ ਲਈ 'ਬੱਡ ਕਮਿਸ਼ਨ' ਬਣਾਇਆ। ਇਹ ਕਮਿਸ਼ਨ ਹਿੰਦੂ ਬਹੁਗਿਣਤੀ ਦੀ ਭਾਸ਼ਾਈ ਵਖਰੇਵੇਂ ਪ੍ਰਤੀ ਭਵਿਖਮੁਖੀ ਨੀਤੀ ਨੂੰ ਹੀ ਬਿੰਬਤ ਕਰਦਾ ਸੀ। ਇਸ ਕਮਿਸ਼ਨ ਦੀ ਰਿਪੋਰਟ ਨੇ ਕਾਂਗਰਸ ਦੀ 1920 ਈ. ਦੀ ਭਾਸ਼ਾਈ ਸੂਬੇ ਸਿਰਜਣ ਦੀ ਨੀਤੀ ਨੂੰ ਰੱਦ ਕਰ ਦਿੱਤਾ। ਦਸੰਬਰ 1948 ਵਿੱਚ ਪੇਸ਼ ਕੀਤੀ 'ਬੱਡ ਕਮਿਸ਼ਨ' ਦੀ ਰਿਪੋਰਟ ਅਨੁਸਾਰ 'ਭਾਸ਼ਾਈ ਰਾਜਾਂ ਦੀ ਸਿਰਜਣਾ' ਸਮੇਂ ਦੀ ਜ਼ਰੂਰਤ ਨਹੀਂ ਹੈ। ਇਹ 'ਕੌਮੀ ਏਕਤਾ' ਨੂੰ ਖਤਰਾ ਹੈ। ਭਾਸ਼ਾਈ ਰਾਜ ਰਾਸ਼ਟਰਵਾਦ ਦੇ ਮੁਕਾਬਲੇ ਖੇਤਰਵਾਦ ਦੀ ਪ੍ਰਤੀਨਿਧਤਾ ਕਰਨਗੇ।" ਇਸ ਰਿਪੋਰਟ ਦੇ ਸਿੱਟੇ ਵਜੋਂ ਸੰਵਿਧਾਨ ਸਭਾ ਨੇ 'ਭਾਸ਼ਾਈ ਮੁੜ-ਉਸਾਰੀ' ਦੇ ਸਿਧਾਂਤ ਨੂੰ ਸੰਵਿਧਾਨ ਵਿੱਚ ਸ਼ਾਮਿਲ ਨਾ ਕਰਨ ਦਾ ਫੈਸਲਾ ਕੀਤਾ। ਇਸ ਸੰਦਰਭ ਵਿੱਚ ਸੰਵਿਧਾਨ ਸਭਾ ਦੇ ਸਿੱਖ ਪ੍ਰਤੀਨਿਧ ਸਰਦਾਰ ਹੁਕਮ ਸਿੰਘ ਦੇ ਬਿਆਨ ਤੋਂ ਸਿੱਖਾਂ ਦੀ ਤਰਸਯੋਗ ਰਾਜਨੀਤਿਕ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਨ੍ਹਾਂ ਸੰਵਿਧਾਨ ਸਭਾ ਅੱਗੇ ਬਿਆਨ ਦਿੱਤਾ ਕਿ "ਘੱਟਗਿਣਤੀਆਂ ਨੂੰ ਬਹੁਗਿਣਤੀ ਤੋਂ ਕੋਈ ਖਤਰਾ ਨਹੀਂ ਹੈ, ਬਲਕਿ ਬਹੁਗਿਣਤੀ ਦੀ ਸੰਪਰਦਾਇਕਤਾ ਤੋਂ ਘੱਟਗਿਣਤੀਆਂ ਨੂੰ ਡਰ ਹੈ।" ਸੰਵਿਧਾਨ ਸਭਾ ਅੱਗੇ ਅਪੀਲ ਕਰਦਿਆਂ ਹੁਕਮ ਸਿੰਘ ਨੇ ਕਿਹਾ ਕਿ "ਪੰਜਾਬ ਬਹੁਗਿਣਤੀ ਦੀ ਸੰਪਰਦਾਇਕਤਾ ਦਾ ਸ਼ਿਕਾਰ ਹੈ, ਇਸ ਲਈ ਸਿੱਖਾਂ ਨੂੰ (ਬਹੁਗਿਣਤੀ ਦੀ ਸੰਪਰਦਾਇਕਤਾ) ਤੋਂ ਬਚਾਇਆ ਜਾਵੇ।" (3)



■ ***ਭਾਰਤੀ ਰਾਜ ਅਤੇ ਹਿੰਦੂ ਸੰਗਠਨ ਮੌਜੂਦਾ ਸਮੇਂ ਵਿੱਚ ਵੀ ਗੁਰਮੁਖੀ ਲਿਪੀ ਨੂੰ ਖਤਮ ਕਰਨ ਦੀ ਅਣਦਿਸਦੀ ਨੀਤੀ ਉੱਤੇ ਚੱਲ ਰਹੇ ਹਨ। ਇਸੇ ਕਰਕੇ ਭਾਸ਼ਾਈ ਰਾਜਨੀਤੀ ਦੇ ਮਾਹਿਰ ਵਿਦਵਾਨਾਂ ਦਾ ਮੱਤ ਹੈ ਕਿ 'ਬਹੁਗਿਣਤੀ ਦੇ ਦਾਬੇ ਵਾਲੀਆਂ ਨੇਸ਼ਨ ਸਟੇਟਾਂ ਵਿੱਚ ਘੱਟਗਿਣਤੀ ਭਾਈਚਾਰਿਆਂ ਦੀਆਂ ਭਾਸ਼ਾਵਾਂ ਦੀ ਰਾਖੀ ਲਈ ਬਣਾਏ ਗਏ ਭਾਸ਼ਾਈ ਕਾਨੂੰਨ ਕਦੇ ਵੀ ਇਨ੍ਹਾਂ ਭਾਸ਼ਾਵਾਂ ਦੇ ਪਤਨ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਰਹੇ!'***

ਸਰਦਾਰ ਹੁਕਮ ਸਿੰਘ ਵੱਲੋਂ ਪੰਜਾਬ ਵਿੱਚ ਹਿੰਦੂ ਬਹੁਗਿਣਤੀ ਵੱਲੋਂ ਪੰਜਾਬੀ ਭਾਸ਼ਾ ਨੂੰ ਪੇਸ਼ ਖਤਰੇ ਬਾਰੇ ਵਿਚਾਰ ਵੱਲ ਭਾਰਤੀ ਸੰਵਿਧਾਨ ਸਭਾ ਨੇ ਕੋਈ ਧਿਆਨ ਹੀ ਨਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਅੰਧ-ਦੇਸ਼ਭਗਤੀ ਨੂੰ ਤਕੜਾ ਝਟਕਾ ਉਸ ਸਮੇਂ ਲੱਗਾ, ਜਦੋਂ ਭਾਰਤੀ ਸੰਵਿਧਾਨ ਸਭਾ ਨੇ ਸਿੱਖਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਰਾਜਨੀਤਿਕ ਅਤੇ ਕਾਨੂੰਨੀ ਸੁਰੱਖਿਆਵਾਂ ਦੇਣ ਤੋਂ ਮੁੱਢੋਂ ਹੀ ਇਨਕਾਰ ਕਰ ਦਿੱਤਾ। ਇਸ ਹਾਲਤ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਮਾਸਟਰ ਤਾਰਾ ਸਿੰਘ ਕੋਲ ਆਪਣੀ ਰਾਜਨੀਤਕ ਹੋਂਦ ਬਚਾਉਣ ਦਾ ਇੱਕੋ ਇੱਕ ਹੱਲ ਪੰਜਾਬੀ ਭਾਸ਼ਾਈ ਰਾਜ ਦੀ ਮੰਗ ਹੀ ਸੀ।

ਪਰ ਭਾਰਤੀ ਰਾਜਨੀਤਿਕ ਆਗੂਆਂ ਅਤੇ ਖਾਸ ਕਰਕੇ ਜਵਾਹਰ ਲਾਲ ਨਹਿਰੂ ਅੱਗੇ ਭਾਸ਼ਾਈ ਤੇ ਸੰਘੀ ਮੁੜ-ਉਸਾਰੀ ਦੇ ਸੋਵੀਅਤ ਅਤੇ ਯੂਗੋਸਲਾਵਿਕ ਮਾਡਲ ਮੌਜੂਦ ਸਨ। ਜਵਾਹਰ ਲਾਲ ਨਹਿਰੂ ਯੂਗੋਸਲਾਵਿਕ ਆਗੂਆਂ ਦੇ ਨੇੜੇ ਸੀ, ਜਿਨ੍ਹਾਂ ਨਹਿਰੂ ਨੂੰ ਭਾਸ਼ਾਈ ਮਸਲਿਆਂ ਦੇ ਵਿਹਾਰਕ ਹੱਲ ਲਈ ਹਿੰਦੀ ਭਾਸ਼ਾ ਪ੍ਰਤੀ ਦਿਸਦੇ ਰੂਪ ਵਿੱਚ ਉਲਾਰ ਨਾ ਹੋਣ ਦੀ ਸਲਾਹ ਦਿੱਤੀ। ਯੁਗੋਸਲਾਵਿਕ ਆਗੂਆਂ ਨੇ ਇਹ ਸੁਝਾਅ ਹਿੰਦੀ-ਉਰਦੂ ਅਤੇ ਸਰਬ-ਕਰੋਸ਼ ਭਾਸ਼ਾਵਾਂ ਵਿਚਕਾਰਲੇ ਮਸਲਿਆਂ ਦੀ ਤੁਲਨਾ ਦੇ ਆਧਾਰ ਉੱਤੇ ਦਿੱਤਾ। ਇਨ੍ਹਾਂ ਯੁਗੋਸਲਾਵੀ ਆਗੂਆਂ ਨੇ ਨਹਿਰੂ ਨੂੰ ਦੱਸਿਆ ਕਿ ਇਹ ਆਪਣੀ ਸਰਬੀਅਨ ਭਾਸ਼ਾ ਦਾ ਸਿੱਧਾ ਪ੍ਰਚਾਰ ਨਹੀਂ ਕਰਦੇ, ਪਰ (ਉਨ੍ਹਾਂ ਨੂੰ ਪਤਾ ਹੈ) ਕਿ ਸਰਬੀਅਨ ਆਪਣੇ ਆਪ (ਉੱਚੀ ਰਾਜਨੀਤਿਕ) ਥਾਂ ਲੈ ਲਵੇਗੀ। ਇਸ ਲਈ ਉਨ੍ਹਾਂ ਨਹਿਰੂ ਨੂੰ ਅਜਿਹੀ ਨੀਤੀ ਅਪਣਾਉਣ ਉੱਤੇ ਜ਼ੋਰ ਦਿੱਤਾ, ਜਿਸ ਤਹਿਤ ਹਿੰਦੀ ਦਾ ਪ੍ਰਚਾਰ ਇਸ ਤਰੀਕੇ ਨਾਲ ਕੀਤਾ ਜਾਵੇ ਕਿ (ਦੂਜੇ ਭਾਸ਼ਾਈ ਸਮੂਹਾਂ ਨੂੰ) ਅਜਿਹਾ ਨਾ ਲੱਗੇ ਕਿ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਹਿੰਦੀ ਤੋਂ ਕੋਈ ਖਤਰਾ ਹੈ। (4)

ਪਰ ਜਵਾਹਰ ਲਾਲ ਨਹਿਰੂ ਨੇ ਗੁਰਮੁਖੀ ਲਿਪੀ ਦੇ ਸੰਦਰਭ ਵਿੱਚ ਇਸ ਸਲਾਹ ਨੂੰ ਦਰਕਿਨਾਰ ਕੀਤਾ ਅਤੇ ਇਸ ਦੇ ਖਾਤਮੇ ਦੀ ਸਪੱਸ਼ਟ ਨੀਤੀ ਅਪਣਾਈ। 24 ਜੂਨ 1951 ਨੂੰ ਨਹਿਰੂ ਨੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੂੰ ਲਿਖਿਆ ਕਿ "ਪੰਜਾਬ ਨਾਲ ਸਬੰਧਿਤ ਸਾਰੇ ਮਹੱਤਵਪੂਰਨ (ਕਾਨੂੰਨੀ) ਬਿਲ ਦਿੱਲੀ ਵਿੱਚ ਹੀ ਪਾਸ ਹੋਣ।" 12 ਮਾਰਚ 1951 ਨੂੰ ਨਹਿਰੂ ਨੇ ਗੋਪੀ ਚੰਦ ਭਾਰਗਵ ਨੂੰ ਲਿਖਿਆ, "ਪੰਜਾਬ ਦੇ ਹਾਲਾਤ ਪ੍ਰਤੀ ਉਹ ਚਿੰਤਿਤ ਹੈ। ਇਨ੍ਹਾਂ ਹਾਲਤਾਂ ਦੇ ਸਭ ਤੋਂ ਵੱਧ ਸ਼ਿਕਾਰ 'ਦਲਿਤ' ਹਨ, ਜਿਨ੍ਹਾਂ ਉੱਤੇ ਸਿੱਖਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਮਾਤ ਭਾਸ਼ਾ ਮੰਨਣ ਲਈ ਦਬਾਅ ਪਾਇਆ ਜਾ ਰਿਹਾ ਹੈ। ਸਿੱਖਾਂ ਵੱਲੋਂ ਸਮਾਜਿਕ ਬਾਈਕਾਟ ਦੇ ਖਤਰੇ ਦੇ ਬਾਵਜੂਦ ਦਲਿਤ ਇੰਨੇ ਬਹਾਦਰ ਹਨ ਕਿ ਉਹ ਆਪਣੀ 'ਹਿੰਦੀ ਮਾਤਭਾਸ਼ਾ' ਉੱਤੇ ਹੀ ਜ਼ੋਰ ਦੇਣਗੇ ਜਾਂ ਆਪਣੀ ਮਾਤ ਭਾਸ਼ਾ ਹਿੰਦੀ ਹੀ ਬਿਆਨ ਕਰਨਗੇ। 6 ਅਗਸਤ 1951 ਨੂੰ ਊਧਮ ਸਿੰਘ ਨਾਗੋਕੇ ਨੇ ਨਹਿਰੂ ਨੂੰ ਲਿਖਿਆ ਕਿ ਪੰਜਾਬ ਵਿੱਚ ਲੋਕਾਂ ਉੱਤੇ ਹਿੰਦੀ ਜ਼ੁਬਾਨ ਆਪਣਾਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਨਹਿਰੂ ਨੇ ਨਾਗੋਕੇ ਨੂੰ ਜਵਾਬ ਦਿੰਦਿਆਂ ਮੁੜ ਦਲਿਤਾਂ ਉੱਤੇ ਮਾਤਭਾਸ਼ਾ ਬਦਲਣ ਲਈ ਸਿੱਖਾਂ ਵੱਲੋਂ ਇਨ੍ਹਾਂ ਦੇ ਸਮਾਜਿਕ ਬਾਈਕਾਟ ਦਾ ਵਰਨਣ ਕੀਤਾ। ਨਹਿਰੂ ਨੇ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਅਤੇ ਪੈਪਸੂ ਵਿੱਚ ਹੋਣ ਵਾਲੀ ਮਰਦਮ ਸ਼ੁਮਾਰੀ ਦੌਰਾਨ ਭਾਸ਼ਾ ਅਤੇ ਲਿਪੀ ਨੂੰ ਕੌਮੀ ਮਹੱਤਤਾ ਨਹੀਂ ਦਿੱਤੀ ਜਾਵੇਗੀ। (5)

1951 ਦੀ ਮਰਦਮ ਸ਼ੁਮਾਰੀ ਵਿੱਚ ਇਸੇ ਤਰ੍ਹਾਂ ਹੋਇਆ ਅਤੇ ਭਾਸ਼ਾ ਤੇ ਲਿਪੀ ਨੂੰ ਇਸ ਵਿੱਚ ਥਾਂ ਨਾ ਦਿੱਤੀ ਗਈ। ਸਰਦਾਰ ਪਟੇਲ ਦੇ ਵਿਚਾਰ ਪੰਡਿਤ ਜਵਾਹਰ ਲਾਲ ਨਹਿਰੂ ਨਾਲੋਂ ਵੀ ਵਧੇਰੇ ਪੰਜਾਬੀ ਭਾਸ਼ਾ ਵਿਰੋਧੀ ਸਨ। ਪੰਜਾਬੀ ਭਾਸ਼ਾ ਦੇ ਵਿਵਾਦ ਸਬੰਧੀ ਸਰਦਾਰ ਪਟੇਲ ਨੇ ਲਿਖਿਆ ਕਿ ਪੰਜਾਬੀ ਭਾਸ਼ਾ ਸਬੰਧੀ ਕੁਝ ਮੁਢਲੇ ਸੁਆਲਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਇਸ ਸਬੰਧੀ ਪੇਸ਼ੇਵਰ ਸਲਾਹ ਲੈ ਕੇ ਹੀ ਫ਼ੈਸਲਾ ਕੀਤਾ ਜਾਣਾ ਚਾਹੀਦਾ ਹੈ। ਪਟੇਲ ਨੇ ਪੰਜਾਬੀ ਭਾਸ਼ਾ ਸਬੰਧੀ ਹੇਠ ਲਿਖੇ ਮੁਢਲੇ ਸੁਆਲਾਂ ਨੂੰ ਸ਼ਾਮਿਲ ਕੀਤਾ:

1. ਕੀ ਪੰਜਾਬੀ ਭਾਸ਼ਾ ਹੈ ਜਾਂ ਉੱਪਭਾਸ਼ਾ (Dialect) ਹੈ?

2. ਕੀ ਪੰਜਾਬੀ ਭਾਸ਼ਾ ਦੀ ਕੋਈ ਵਿਆਕਰਨ ਜਾਂ ਸਾਹਿਤ ਹੈ, ਅਤੇ ਕੀ (ਪੰਜਾਬੀ) ਲੋਕ ਇਸ ਨੂੰ ਅਪਣਾਉਣਾ ਚਾਹੁੰਦੇ ਹਨ?

3. ਪੂਰਬੀ ਪੰਜਾਬ ਵਿੱਚ 'ਗੁਰਮੁਖੀ ਅਤੇ ਹਿੰਦੀ ਲਿਪੀ' ਨੂੰ ਵਰਤਣ ਵਾਲੇ ਲੋਕ ਕਿੰਨੇ ਪ੍ਰਤੀਸ਼ਤ ਹਨ ਅਤੇ ਕੀ ਇਨ੍ਹਾਂ ਲੋਕਾਂ ਨੂੰ ਕਿਸੇ ਭੂਗੋਲਿਕ ਤੇ ਪ੍ਰਸ਼ਾਸਨਿਕ ਆਧਾਰ 'ਤੇ ਵੰਡਿਆ ਜਾ ਸਕਦਾ ਹੈ?

4. ਕੀ ਭਾਸ਼ਾ ਦੇ ਮਸਲੇ ਉੱਤੇ ਲੋਕਾਂ ਨਾਲ ਧੱਕਾ ਕੀਤਾ ਜਾਣਾ ਚਾਹੀਦਾ ਹੈ ਜਾਂ ਕੋਈ ਬਦਲ ਵੀ ਦਿੱਤਾ ਜਾ ਸਕਦਾ ਹੈ? ਕੀ ਧੱਕੇ ਨਾਲ ਸਾਰੇ ਰਾਜ ਨੂੰ ਦੋ-ਭਾਸ਼ੀ ਬਣਾਇਆ ਜਾ ਸਕਦਾ ਹੈ ਜਾਂ ਭਾਸ਼ਾ ਦੇ ਆਧਾਰ 'ਤੇ ਇਸ ਖੇਤਰ ਨੂੰ ਵੰਡਿਆ ਜਾ ਸਕਦਾ ਹੈ? (6)

---

ਜਵਾਹਰ ਲਾਲ ਨਹਿਰੂ ਨੇ ਆਪਣੇ ਯੁਗੋਸਲਾਵੀਅਨ ਦੋਸਤਾਂ ਦੀ ਸਲਾਹ ਮੰਨਦਿਆਂ ਆਰੀਆ ਸਮਾਜੀ ਆਗੂਆਂ, ਹਿੰਦੂ ਰਕਸ਼ਾ ਸਮਿਤੀ, ਸਰਵਦੇਸ਼ਿਕ ਆਰੀਆ ਪ੍ਰਤੀਨਿਧੀ ਸਭਾ ਵੱਲੋਂ ਪੰਜਾਬੀ ਭਾਸ਼ਾ ਦੇ ਵਿਰੋਧ ਵਜੋਂ ਹਿੰਦੀ ਭਾਸ਼ਾ ਨੂੰ ਪੰਜਾਬ ਦੇ ਪ੍ਰਸ਼ਾਸਨਿਕ ਅਤੇ ਵਿੱਦਿਅਕ ਅਦਾਰਿਆਂ ਵਿੱਚ ਲਾਗੂ ਕਰਨ ਦਾ ਵਿਚਾਰ ਰੱਦ ਕਰ ਦਿੱਤਾ। ਨਹਿਰੂ ਨੇ ਪੰਜਾਬੀ ਭਾਸ਼ਾ ਨੂੰ ਸੰਵਿਧਾਨਕ ਮਾਨਤਾ ਦਾ ਤਰਕ ਦਿੰਦਿਆਂ ਸਿੱਖਾਂ ਵਿੱਚ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਦੇ ਵਿਰੋਧੀ ਨਾ ਹੋਣ ਦੀ ਨੀਤੀ ਅਪਣਾਈ ਅਤੇ ਇਸ ਕਰਕੇ ਉਸਨੇ ਪੰਜਾਬ ਵਿੱਚ ਹਿੰਦੀ ਪੱਖੀ ਸੰਘਰਸ਼ ਦਾ ਵਿਰੋਧ ਕੀਤਾ। ਨਹਿਰੂ ਨੇ 1958 ਵਿੱਚ ਭਾਸ਼ਾ ਦਾ ਮਸਲਾ ਹੱਲ ਕਰਨ ਲਈ ਬਣਾਈ ਗਈ ਭਾਈ ਜੋਧ ਸਿੰਘ ਅਤੇ ਜੈ ਚੰਦਰ ਵਿਦਿਆਲੰਕਾਰ ਦੀ ਗੁਡ ਰਿਲੇਸ਼ਨ ਕਮੇਟੀ ਦੀਆਂ ਗੁਰਮੁਖੀ ਲਿਪੀ ਵਿਰੋਧੀ ਸਿਫਾਰਸ਼ਾਂ ਦੀ ਹਮਾਇਤ ਕੀਤੀ। ਨਵੰਬਰ 1958 ਵਿੱਚ ਜਵਾਹਰ ਲਾਲ ਨਹਿਰੂ ਨੇ ਗੁਰਮੁਖੀ ਲਿਪੀ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਕੋਲ ਕੀਤਾ। ਨਹਿਰੂ ਦਾ ਵਿਚਾਰ ਸੀ ਕਿ ਤਰਕ ਦੇ ਆਧਾਰ 'ਤੇ ਪੰਜਾਬੀ ਭਾਸ਼ਾ (ਲਿਖਣ) ਲਈ ਦੇਵਨਾਗਾਰੀ ਲਿਪੀ ਅਪਣਾਉਣਾ ਵਧੇਰੇ ਬਿਹਤਰ ਰਹੇਗਾ; ਪਰ ਮਸਲਾ ਲਿਪੀ ਦਾ ਹੈ, ਕਿਉਂਕਿ ਕੁੱਝ ਸਿੱਖਾਂ ਦੀ ਸੋਚ ਹੈ ਕਿ ਗੁਰਮੁਖੀ ਅੱਖਰ ਉਨ੍ਹਾਂ ਦੇ ਧਰਮ ਦਾ ਹਿੱਸਾ ਹਨ। ਇਸ ਪੜਾਅ ਉੱਤੇ ਇਹ ਸਿੱਖ ਗੁਰਮੁਖੀ ਦੀ ਥਾਂ 'ਤੇ ਨਾਗਰੀ ਲਿਪੀ ਨੂੰ ਨਹੀਂ ਮੰਨਣਗੇ। ਜੇ ਇਸ ਸਬੰਧੀ ਕੋਈ ਵਿਵਾਦ ਨਾ ਪੈਦਾ ਕੀਤਾ ਜਾਵੇ ਤਾਂ ਨਾਗਰੀ ਅੱਖਰ ਬਿਨਾ ਸ਼ੱਕ ਗੁਰਮੁਖੀ ਅੱਖਰਾਂ ਦਾ ਬਦਲ ਬਣ ਜਾਣਗੇ, ਪਰ ਇਹ (ਬਦਲਾਅ) ਸਹਿਜਤਾ ਨਾਲ ਵਾਪਰੇਗਾ, ਦਬਾਅ ਨਾਲ ਨਹੀਂ। (7)

ਜਵਾਹਰ ਲਾਲ ਨਹਿਰੂ ਦੀ ਗੁਰਮੁਖੀ ਲਿਪੀ ਨੂੰ ਨਾਗਰੀ ਲਿਪੀ ਵਿੱਚ ਸਹਿਜਤਾ ਨਾਲ ਬਦਲਣ ਦੀ ਨੀਤੀ ਦਾ ਪ੍ਰਗਟਾਵਾ ਉਸ ਦੇ ਬਾਅਦ ਦੇ ਵਿਚਾਰਾਂ ਤੋਂ ਹੁੰਦਾ ਹੈ। 24 ਜੂਨ 1960 ਵਿੱਚ ਇੱਕ ਪੱਤਰਕਾਰ ਮਿਲਣੀ ਦੌਰਾਨ ਨਹਿਰੂ ਨੇ ਵਿਚਾਰ ਦਿੱਤਾ ਕਿ "ਉਹ ਪੰਜਾਬ ਦੀ ਵੰਡ ਦੇ ਖਿਲਾਫ਼ ਹੈ ਅਤੇ ਪੰਜਾਬੀ ਜ਼ੁਬਾਨ ਨੂੰ ਭਾਰਤੀ ਸੰਵਿਧਾਨ ਵਿੱਚ ਚੌਹਦਵੀਂ ਨੈਸ਼ਨਲ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ, ਪੰਜਾਬ ਵਿੱਚ ਸਾਰੇ ਲੋਕ ਪੰਜਾਬੀ ਬੋਲਦੇ ਹਨ, ਪਰ ਮਸਲਾ ਗੁਰਮੁਖੀ ਲਿਪੀ ਦਾ ਹੈ। ਪਰ ਇਸ ਨੂੰ ਅਸਾਨੀ ਨਾਲ ਸਿੱਖਿਆ ਜਾ ਸਕਦਾ ਹੈ।"


ਇਸੇ ਨੀਤੀ ਦਾ ਪ੍ਰਗਟਾਵਾ ਕਰਦਿਆਂ ਨਹਿਰੂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ 24 ਜੁਲਾਈ 1960 ਨੂੰ ਲਿਖਿਆ ਕਿ "ਉਹ ਪੰਜਾਬੀ ਭਾਸ਼ਾ ਸਬੰਧੀ ਪ੍ਰਾਪਤੀਆਂ ਤੋਂ ਖੁਸ਼ ਹੈ। ਇਹ ਸਪੱਸ਼ਟ ਹੈ ਕਿ ਜੇ ਪੰਜਾਬ ਕਿਸੇ ਵੀ ਤਰ੍ਹਾਂ ਦੀ ਏਕਤਾ ਤੇ ਅਖੰਡਤਾ ਪੈਦਾ ਕਰਦਾ ਹੈ ਅਤੇ ਜੇ ਹਿੰਦੀ ਤੇ ਪੰਜਾਬੀ (ਗੁਰਮੁਖੀ ਲਿਪੀ) ਨੂੰ (ਪੰਜਾਬ) ਦੇ ਲੋਕ ਸਿੱਖਦੇ ਹਨ ਤਾਂ ਉਹ ਇਸ ਵਿੱਚ ਕੋਈ ਮੁਸ਼ਕਲ ਨਹੀਂ ਦੇਖਦਾ। (8)

ਜਵਾਹਰ ਲਾਲ ਨਹਿਰੂ ਦੀ ਗੁਰਮੁਖੀ ਲਿਪੀ ਨੂੰ ਹੌਲੀ-ਹੌਲੀ ਸਿੱਖ ਧਾਰਮਿਕ ਵਿਸ਼ਵਾਸ ਵਿੱਚੋਂ ਮਨਫ਼ੀ ਕਰ ਦੇਣ ਦੀ ਨੀਤੀ, ਭਾਰਤੀ ਹਿੰਦੂ ਪ੍ਰਬੰਧ ਦੀ ਸਿੱਖ ਧਰਮ ਨੂੰ ਹਿੰਦੂ

⇒ ਬਾਕੀ ਸਫਾ 13 ਉਤੇ ਪੜ੍ਹੋ

ਨਜ਼ਰੀਆ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000



*ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਹਥਲੀ ਕਿਸ਼ਤ ਵਿੱਚ ਸਾਕੇ ਤੋਂ ਬਾਅਦ ਦੇ ਹਾਲਾਤ ਦਾ ਵੇਰਵਾ ਪੇਸ਼ ਹੈ... ਪ੍ਰਬੰਧਕੀ ਸੰਪਾਦਕ*

ਸਾਕਾ ਨਨਕਾਣਾ ਸਾਹਿਬ (4)

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

# ਸਾਕੇ ਤੋਂ ਬਾਅਦ ਦੇ ਹਾਲਾਤ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਸਾਕੇ ਵਾਲੇ ਦਿਨ ਲਗਭਗ ਬਾਰਾਂ ਵਜੇ ਡੀ.ਸੀ. ਮਿਸਟਰ ਕਰੀ ਵੀ ਮੌਕੇ 'ਤੇ ਪਹੁੰਚ ਗਿਆ। ਸ਼ਾਮ ਨੂੰ ਕਮਿਸ਼ਨਰ ਲਾਹੌਰ ਡਿਵੀਜ਼ਨ ਮਿਸਟਰ ਕਿੰਗ ਲਗਭਗ ਡੇਢ ਸੌ ਗੋਰੇ ਸਿਪਾਹੀਆਂ ਨੂੰ ਲੈ ਕੇ ਇੱਕ ਵਿਸ਼ੇਸ਼ ਰੇਲ ਗੱਡੀ ਰਾਹੀਂ ਨਨਕਾਣਾ ਸਾਹਿਬ ਪੁੱਜ ਗਿਆ। ਮਹੰਤ ਸਣੇ 26 ਬੰਦਿਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਪਹੁੰਚਾ ਦਿੱਤਾ ਗਿਆ। ਗੁਰਦੁਆਰੇ ਨੂੰ ਝਗੜੇ ਵਾਲੇ ਥਾਂ ਗਰਦਾਨ ਕੇ ਸੀ.ਪੀ.ਸੀ. ਦੀ ਦਫਾ 145 ਦੇ ਤਹਿਤ ਗੁਰਦੁਆਰੇ ਨੂੰ ਸਰਕਾਰੀ ਜਿੰਦੇ ਲਗਾ ਦਿੱਤੇ ਗਏ।

22 ਫਰਵਰੀ ਨੂੰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਲਗਭਗ 2200 ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਪੁੱਜਾ। ਮਰਨ-ਮਾਰਨ 'ਤੇ ਉਤਰਿਆ ਅਕਾਲੀ ਜਥਾ ਜਦੋਂ ਗੁਰਦੁਆਰੇ ਵਿੱਚ ਵੜਨ 'ਤੇ ਬਜ਼ਿੱਦ ਹੋਇਆ ਤਾਂ ਕਮਿਸ਼ਨਰ ਨੇ ਦਫਾ 145 ਚੱਕ ਲਈ ਅਤੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਕਰਤਾਰ ਸਿੰਘ ਝੱਬਰ ਦੇ ਹਵਾਲੇ ਕੀਤੀਆਂ। ਮੌਕੇ 'ਤੇ ਹੀ ਇੱਕ ਕਮੇਟੀ ਬਣੀ ਜਿਸਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਬਣੇ। ਯਕਦਮ ਕਮਿਸ਼ਨਰ ਨੇ ਇਸ ਕਮੇਟੀ ਦੇ ਨਾਮ ਗੁਰਦੁਆਰੇ ਦਾ ਕਬਜ਼ਾ ਲਿਖ ਦਿੱਤਾ ਅਤੇ ਪੁਲਿਸ ਹਟਾ ਲਈ।

### ਗਵਰਨਰ ਨੇ ਮੌਕਾ ਦੇਖਿਆ


ਇਸਤੋਂ ਅਗਲੇ ਭਲਕ ਗਵਰਨਰ ਦੀ ਐਗਜ਼ੈਕਟਿਵ ਦੇ ਮੈਂਬਰ ਸ. ਸੁੰਦਰ ਸਿੰਘ ਮਜੀਠੀਆ ਦੀ ਰਾਵਲਪਿੰਡੀ ਤੋਂ ਤਾਰ ਆਈ ਕਿ ਸ਼ਹੀਦਾਂ ਦਾ ਸਸਕਾਰ ਨਹੀਂ ਕਰਨਾ, ਮੈਂ ਲਾਟ ਸਾਹਿਬ (ਗਵਰਨਰ) ਨੂੰ ਲੈ ਕੇ ਨਨਕਾਣੇ ਪੁੱਜ ਰਿਹਾ ਹਾਂ।

23 ਫਰਵਰੀ ਨੂੰ ਗਵਰਨਰ ਪੰਜਾਬ ਇੱਕ ਸਪੈਸ਼ਲ ਰੇਲ ਗੱਡੀ ਰਾਹੀਂ ਨਨਕਾਣੇ ਪੁੱਜੇ। ਉਨ੍ਹਾਂ ਦੇ ਨਾਲ ਸਾਰੀ ਐਗਜ਼ੈਕਟਿਵ ਕੌਂਸਲ (ਵਜ਼ਾਰਤ/ਮੰਤਰੀ ਮੰਡਲ) ਵੀ ਸੀ। ਹੋਰ ਬਹੁਤ ਸਾਰੇ ਅੰਗਰੇਜ਼ ਅਫਸਰ ਵੀ ਸਨ। ਸਾਰਿਆਂ ਨੇ ਜੋੜੇ ਲਾਹ ਕੇ ਗੁਰਦੁਆਰਾ ਸਾਹਿਬ ਦਾ ਅੰਦਰਲਾ ਹਾਲ ਦੇਖਿਆ। ਜਦ ਲਾਟ ਸਾਹਿਬ ਨੇ ਬਾਰਾਂਦਰੀ ਦੇ ਅੰਦਰ ਹੋਇਆ ਲਹੂ-ਲੁਹਾਣ ਦੇਖਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਛਮ-ਛਮ ਅੱਥਰੂ ਕਿਰ ਰਹੇ ਸਨ। ਬਹੁਤ ਸਾਰੇ ਲੋਕ ਕੋਠਿਆਂ 'ਤੇ ਚੜ੍ਹ ਕੇ ਇਹ ਦ੍ਰਿਸ਼ ਵੇਖ ਰਹੇ ਸਨ। ਇਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਆਖਿਆ ਕਿ ਸਾਡੇ ਸਿੰਘ ਕਮਿਸ਼ਨਰ ਕਿੰਗ ਅਤੇ ਡੀ.ਸੀ. ਕਰੀ ਨੇ ਮਰਵਾਏ ਹਨ। ਭੀੜ ਨੇ ਕਿੰਗ-ਕਰੀ, ਕਿੰਗ-ਕਰੀ ਆਖ ਕੇ ਬਹੁਤ ਰੌਲਾ ਪਾਇਆ।

ਫੇਰ ਸ. ਹਰਬੰਸ ਸਿੰਘ ਅਟਾਰੀ ਅਤੇ ਸ. ਕਰਤਾਰ ਸਿੰਘ ਝੱਬਰ ਗਵਰਨਰ ਦੇ ਨਾਲ ਰੇਲਵੇ ਸਟੇਸ਼ਨ ਤਕ ਗਏ। ਸਟੇਸ਼ਨ 'ਤੇ ਜਦ ਗਵਰਨਰ ਗੱਡੀ ਵਿੱਚ ਵੜਨ ਲੱਗਾ ਤਾਂ ਝੱਬਰ ਨੇ ਉਸਨੂੰ ਆਖਿਆ, "ਸਾਹਬ ਬਹਾਦਰ, ਤੁਸੀਂ ਸ਼ਹੀਦਾਂ ਨਾਲ ਜੋ ਹਮਦਰਦੀ ਕੀਤੀ ਹੈ, ਉਸਦੇ ਅਸੀਂ ਸ਼ੁਕਰਗੁਜ਼ਾਰ ਹਾਂ, ਪਰ ਹੁਣ ਸਾਨੂੰ ਕੋਈ ਆਖਦਾ ਹੈ ਕਿ ਹਰਿਦੁਆਰ ਤੋਂ 400 ਸਾਧੂ ਆ ਰਹੇ ਹਨ, ਕੋਈ ਆਖਦਾ ਹੈ ਕਿ ਭੱਟੀ ਵੀ ਤਿਆਰ ਹੋ ਰਹੇ ਹਨ। ਕਬਜ਼ਾ ਲੈਣ ਲਈ ਸਾਡੇ 200 ਜਵਾਨਾਂ ਨੇ ਜਾਨਾਂ ਦਿੱਤੀਆਂ ਹਨ, ਪਰ ਹੱਥ ਨਹੀਂ ਚੁੱਕਿਆ, ਹੁਣ ਜੇਕਰ ਕੋਈ ਸਾਡੇ ਪਾਸੋਂ ਧੱਕੇ ਨਾਲ ਕਬਜ਼ਾ ਖੋਹਣ ਆਇਆ ਤਾਂ ਅਸੀਂ ਚੁੱਪ ਨਹੀਂ ਰਹਿਣਾ, ਸਿੱਖਾਂ ਵਾਲੇ ਹੱਥ ਵਿਖਾਵਾਂਗੇ।

ਇਹ ਸੁਣ ਕੇ ਲਾਟ ਸਾਹਿਬ ਨੇ ਸ. ਸੁੰਦਰ ਸਿੰਘ ਮਜੀਠੀਆ ਨੂੰ ਆਪਣੇ ਡੱਬੇ ਵਿੱਚ ਸੱਦ ਕੇ ਆਖਿਆ ਕਿ ਝੱਬਰ ਨੂੰ ਕਹਿ ਦਿਓ ਕਿ ਅਮਨ ਰੱਖਣ ਦੀ ਜ਼ਿੰਮੇਵਾਰੀ ਸਾਡੀ ਹੈ, ਉਹ ਕੋਈ ਫਿਕਰ ਨਾ ਕਰੇ, ਮੈਂ ਕਲ੍ਹ ਨੂੰ ਹੀ ਇੱਥੇ ਸਿੱਖ ਮਿਲਟਰੀ ਭੇਜ ਦਿੰਦਾ ਹਾਂ।

ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ 'ਤੇ ਅਕਾਲੀਆਂ ਵੱਲੋਂ ਕਬਜ਼ਾ ਕਰਨ ਦੀ ਸਕੀਮ ਨੂੰ ਮਾਸਟਰ ਤਾਰਾ ਸਿੰਘ ਸਮੇਤ ਅਕਾਲੀ ਲੀਡਰਾਂ ਨੇ ਠੁੱਸ ਕਰ ਦਿੱਤਾ। ਸਾਰੇ ਜਥੇ ਰੋਕ ਦਿੱਤੇ; ਪਰ ਸ. ਲਛਮਣ ਸਿੰਘ ਦੀ ਅਗਵਾਈ ਵਾਲਾ ਲਗਭਗ ਡੇਢ ਸੌ ਸਿੰਘਾਂ ਦਾ ਜਥਾ ਰੋਕੇ 'ਤੇ ਵੀ ਨਾ ਰੁਕਿਆ। ਇਸ ਜਥੇ ਨੂੰ ਮਹੰਤ ਨਰੈਣ ਦਾਸ ਦੇ ਗੁੰਡਿਆਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਤੋਂ ਬਾਅਦ ਦੇ ਵੇਰਵੇ ਵੀ ਲੇਖਾਂ ਵਿੱਚ ਪੜ੍ਹਨ ਨੂੰ ਅਕਸਰ ਮਿਲ ਜਾਂਦੇ ਹਨ; ਪਰ ਜਿਸ ਢੰਗ ਨਾਲ ਸਿੰਘਾਂ ਨੇ ਗੁਰਦੁਆਰੇ 'ਤੇ ਕਬਜ਼ਾ ਕਰਨ ਦੀ ਵਿਉਂਤਬੰਦੀ ਕੀਤੀ ਸੀ, ਉਹ ਆਮ ਤੌਰ 'ਤੇ ਲੇਖਾਂ ਅਤੇ ਤਕਰੀਰਾਂ ਵਿੱਚੋਂ ਗਾਇਬ ਰਹਿੰਦੀ ਹੈ। ਇਹ ਵਿਉਂਤਬੰਦੀ ਇੱਕ ਫੌਜੀ ਅਪ੍ਰੇਸ਼ਨ ਤੋਂ ਘੱਟ ਨਹੀਂ ਸੀ। ਇਸ ਵਿਉਂਤਬੰਦੀ ਦਾ ਵਿਸਥਾਰ ਜਾਣ ਕੇ ਵਿਉਂਤਬੰਦੀ ਦੇ ਰੂਹੇ-ਰਵਾਂ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ 'ਤੇ ਮਨ ਅਸ਼-ਅਸ਼ ਕਰ ਉਠਦਾ ਹੈ।



ਸ. ਹਰਬੰਸ ਸਿੰਘ ਅਟਾਰੀ



ਤੇਜਾ ਸਿੰਘ ਸਮੁੰਦਰੀ

### ਲੰਮੇ ਸਮੇਂ ਦੀ ਵਿਉਂਤਬੰਦੀ

ਅਕਾਲੀਆਂ ਵੱਲੋਂ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਦੇ ਅਹਿਮ ਵਾਕੇ ਜਥੇਦਾਰ ਝੱਬਰ ਦੀ ਅਗਵਾਈ ਹੇਠ ਵੀ ਹੋਏ। ਇਨ੍ਹਾਂ ਵਿੱਚ ਉਨ੍ਹਾਂ ਨੇ ਕਮਾਲ ਦੀ ਦਲੇਰੀ, ਅਕਲਮੰਦੀ ਦਾ ਸਬੂਤ ਦਿੱਤਾ। ਖਾਸ ਕਰਕੇ ਗੁਰਦੁਆਰਾ ਨਨਕਾਣਾ ਸਾਹਿਬ 'ਤੇ ਕਬਜ਼ਾ ਕਰਨ ਦੀ ਉਨ੍ਹਾਂ ਨੇ ਲੰਮੀ ਵਿਉਂਤਬੰਦੀ ਕੀਤੀ ਸੀ। ਗੁਰਦੁਆਰੇ ਦੇ ਨਾਂ ਸੈਂਕੜੇ ਮੁਰੱਬੇ ਜ਼ਮੀਨ ਤੋਂ ਇਲਾਵਾ ਚੜ੍ਹਾਵਾ ਬਹੁਤ ਸੀ। ਸੋ ਇਸ ਪੈਸੇ ਦੇ ਆਸਰੇ ਮਹੰਤ ਬਹੁਤ ਤਾਕਤਵਰ ਬਣਿਆ ਬੈਠਾ ਸੀ। ਅਕਾਲੀਆਂ ਦੇ ਕਬਜ਼ੇ ਡਰੋਂ ਉਸਨੇ ਬਹੁਤ ਸਾਰੇ ਗੁੰਡੇ ਬਦਮਾਸ਼ ਆਪਣੇ ਹੱਥ ਵਿੱਚ ਕੀਤੇ ਹੋਏ ਸਨ ਅਤੇ ਕਈ ਦਰਜਨ ਗੁੰਡੇ ਤਾਂ ਉਸਨੇ ਗੁਰਦੁਆਰੇ ਵਿੱਚ ਕਬਜ਼ੇ ਤੋਂ ਪਹਿਲਾਂ ਪੱਕੇ ਹੀ ਬਿਠਾ ਲਏ ਸਨ। ਮਹੰਤ ਦੀ ਹਥਿਆਰਬੰਦ ਤਾਕਤ ਦੇ ਮੱਦੇਨਜ਼ਰ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਪਤਾ ਸੀ ਕਿ ਮਹੰਤਾਂ ਦੇ ਇਸ ਗੜ੍ਹ ਨੂੰ ਤੋੜਨ ਲਈ ਮੁਕਾਬਲੇ ਵਿੱਚ ਉਸ ਤੋਂ ਵੀ ਵੱਡੀ ਤਾਕਤ ਅਤੇ ਵਿਉਂਤਬੰਦੀ ਦੀ ਲੋੜ ਪੈਣੀ ਹੈ। ਜਥੇਦਾਰ ਜੀ ਨੇ ਇਸ ਮੋਰਚੇ ਨੂੰ ਸਰ ਕਰਨ ਲਈ ਹਰ ਤਰ੍ਹਾਂ ਦਾ ਹੀਲਾ ਵਸੀਲਾ ਬਣਾ ਲਿਆ ਸੀ।

### ਕਬਜ਼ੇ ਲਈ ਲਾਮਬੰਦੀ

ਗੁਰਦੁਆਰਾ ਜਨਮ ਅਸਥਾਨ 'ਤੇ ਕਬਜ਼ਾ ਕਰਨ ਦੀ ਸਕੀਮ ਕਈ ਮਹੀਨਿਆਂ ਤੋਂ ਜਥੇਦਾਰ ਝੱਬਰ ਦੇ ਦਿਮਾਗ ਵਿੱਚ ਸੀ। ਉਨ੍ਹਾਂ ਨੇ ਬਹੁਤ ਸਾਰੇ ਸਿੰਘਾਂ ਨੂੰ ਕਬਜ਼ਾ ਕਰਨ ਲਈ ਪ੍ਰੇਰਤ ਕਰਨ ਦੀ ਮੁਹਿੰਮ ਵਿੱਢੀ ਹੋਈ ਸੀ। ਉਨ੍ਹਾਂ ਨੂੰ ਦੱਸਿਆ ਜਾਂਦਾ ਸੀ ਕਿ ਆਪਾਂ ਨਨਕਾਣਾ ਸਾਹਿਬ ਗੁਰਦੁਆਰੇ 'ਤੇ ਕਬਜ਼ਾ ਕਰਨਾ ਹੈ, ਸੋ ਤੁਸੀਂ ਤਿਆਰ ਰਹੋ। ਜਦੋਂ ਵੀ ਕਬਜ਼ੇ ਦਾ ਹੁਕਮ ਮਿਲੇ, ਤੁਸੀਂ ਫੌਰਨ ਪਹੁੰਚ ਜਾਣਾ ਹੈ। ਸਾਂਦਲ ਬਾਰ ਦੇ ਇਲਾਕੇ ਵਿੱਚ ਇਸ ਕਬਜ਼ੇ ਦੀ ਚਰਚਾ ਆਮ ਸੀ। ਬਹੁਤ ਸਾਰੇ ਸਿੱਖਾਂ ਨੇ ਸ. ਝੱਬਰ ਨੂੰ ਸੁਨੇਹੇ ਪੁਚਾਏ ਕਿ ਜਦੋਂ ਕਬਜ਼ਾ ਕਰਨਾ ਹੋਵੇ, ਸਾਨੂੰ ਜ਼ਰੂਰ ਦੱਸਣਾ। ਇਨ੍ਹਾਂ ਸਿੱਖਾਂ ਦੇ ਨਾਂ ਸ. ਝੱਬਰ ਨੋਟ ਕਰੀ ਗਿਆ, ਜੋ ਕਿ ਕਬਜ਼ੇ ਲਈ ਸੁਨੇਹੇ ਭੇਜਣ ਵਿੱਚ ਬਹੁਤ ਕੰਮ ਆਏ।

### ਸੂਹੀਏ ਵੀ ਤਿਆਰ ਕੀਤੇ

ਕੋਈ ਫੌਜੀ ਪਲਟਣ ਅਪ੍ਰੇਸ਼ਨ ਕਰਨ ਵੇਲੇ ਦੁਸ਼ਮਣ ਦੇ ਇਲਾਕੇ ਦੀ ਪੈੜ ਚਾਲ ਕੱਢਣ ਲਈ ਆਪਣੇ ਸੂਹੀਏ ਘੱਲ ਕੇ ਸਾਰਾ ਭੇਦ ਪਤਾ ਕਰਾਉਂਦੀ ਹੈ, ਇਸਨੂੰ ਫੌਜੀ ਭਾਸ਼ਾ ਵਿੱਚ ਰੈਕੀ ਕਰਨਾ ਕਿਹਾ ਜਾਂਦਾ ਹੈ। ਐਨ ਇਸੇ ਤਰ੍ਹਾਂ ਜਥੇਦਾਰ ਝੱਬਰ ਨੇ ਰੈਕੀ ਕਰਨ ਲਈ ਆਪਣੇ ਸੂਹੀਏ ਨਨਕਾਣਾ ਸਾਹਿਬ ਛੱਡੇ ਹੋਏ ਸਨ ਅਤੇ ਇੱਕ ਤਾਂ ਪੱਕਾ ਮਹੰਤਾਂ ਦੇ ਨਾਲ ਹੀ ਰਹਿੰਦਾ ਸੀ।

ਅਜਿਹੇ ਸੂਹੀਏ ਨੂੰ ਖਾਲਸਾ ਜੀ ਦੇ ਬੋਲਬਾਲੇ ਵਿੱਚ ਬਿਜਲਾ ਸਿੰਘ ਕਿਹਾ ਜਾਂਦਾ ਹੈ। ਅਜਿਹਾ ਹੀ ਇੱਕ ਬਿਜਲਾ ਸਿੰਘ ਜ਼ਿਲ੍ਹਾ ਮਿੰਟਗੁੰਮਰੀ ਦੇ ਪਿੰਡ ਭੋਜੀਆਂ ਦਾ ਵਰਿਆਮ ਸਿੰਘ ਸੀ। ਇਹ ਪੱਕੇ ਤੌਰ 'ਤੇ ਨਨਕਾਣਾ ਸਾਹਿਬ ਰਹਿੰਦਾ ਸੀ ਤੇ ਮਹੰਤ ਦੀ ਸਾਰੀ ਰਿਪੋਰਟ ਜਥੇਦਾਰ ਝੱਬਰ ਨੂੰ ਘੱਲਦਾ ਸੀ। ਇਹ ਸਿੰਘ ਰੋਟੀ ਪਾਣੀ ਭਾਈ ਉੱਤਮ ਸਿੰਘ ਦੇ ਕਾਰਖਾਨੇ ਤੋਂ ਛਕਦਾ ਸੀ ਤੇ ਇਸ ਨੂੰ ਸ. ਉੱਤਮ ਸਿੰਘ ਹੀ ਖਰਚਾ ਪਾਣੀ ਦਿੰਦੇ ਸਨ। ਉਨ੍ਹਾਂ ਨੇ ਵਰਿਆਮ ਸਿੰਘ ਨੂੰ ਆਖਿਆ ਹੋਇਆ ਸੀ ਕਿ ਤੈਨੂੰ ਜੇ ਕੋਈ ਪੁੱਛੇ ਤਾਂ ਤੂੰ ਆਖ ਛੱਡੀਂ ਕਿ ਮੈਂ ਸ. ਉੱਤਮ ਸਿੰਘ ਦਾ ਮੁਨਸ਼ੀ ਹਾਂ। ਇਸ ਵਾਕੇ ਦਾ ਜ਼ਿਕਰ ਕਰਨ ਵੇਲੇ ਭਾਈ ਉੱਤਮ ਸਿੰਘ ਦਾ ਯੋਗਦਾਨ ਦੱਸਣਾ ਵੀ ਜ਼ਰੂਰੀ ਹੈ। ਭਾਈ ਉੱਤਮ ਸਿੰਘ ਦਾ ਕਪਾਹ ਦਾ ਕਾਰਖਾਨਾ ਨਨਕਾਣੇ ਤੋਂ ਇੱਕ ਮੀਲ ਚੜ੍ਹਦੇ ਵਾਲੇ ਪਾਸੇ ਸੀ। ਭਾਈ ਸਾਹਿਬ ਦਾ ਇਹ ਕਾਰਖਾਨਾ ਅਕਾਲੀਆਂ ਦੀ ਖੁਫੀਆ ਠਾਹਰ ਸੀ। ਨਨਕਾਣਾ ਸਾਹਿਬ ਦੇ ਕਤਲੇਆਮ ਦੀਆਂ ਤਾਰਾਂ ਵੀ ਸਰਕਾਰ ਨੂੰ ਭਾਈ ਉੱਤਮ ਸਿੰਘ ਨੇ ਦਿੱਤੀਆਂ ਸਨ। ਉਨ੍ਹੀਂ ਦਿਨੀਂ ਮਹੰਤ ਦੇ ਗੜ੍ਹ ਨਨਕਾਣਾ ਸਾਹਿਬ ਵਿੱਚ ਆਪਣੇ ਕਾਰਖਾਨੇ ਨੂੰ ਅਕਾਲੀਆਂ ਦੀ ਖੁਫੀਆ ਠਾਹਰ ਬਣਾਉਣਾ ਖਤਰੇ ਤੋਂ ਖਾਲੀ ਨਹੀਂ ਸੀ।

ਦੂਜਾ ਅਹਿਮ ਬਿਜਲਾ ਸਿੰਘ ਸ. ਅਵਤਾਰ ਸਿੰਘ ਸੀ, ਜੋ ਕਿ ਸ਼ਰੀਕੇ ਵਿੱਚੋਂ ਜਥੇਦਾਰ ਝੱਬਰ ਦਾ ਭਤੀਜਾ ਲੱਗਦਾ ਸੀ। ਉਹਦੇ ਸਹੁਰੇ ਸ਼ਤਾਬਗੜ੍ਹ ਸਨ। ਮਹੰਤ ਨਰੈਣ ਦਾਸ ਦੇ ਖਾਸਮ-ਖਾਸ ਸ਼ਤਾਬਗੜ੍ਹੀਏ ਮਹੰਤ ਸੁੰਦਰ ਦਾਸ ਨਾਲ ਉਹਨੇ ਚੰਗੀ ਯਾਰੀ ਗੰਢ ਲਈ ਸੀ। ਉਹ ਸੁੰਦਰ ਦਾਸ ਨੂੰ ਰੱਜ ਕੇ ਖਵਾਉਂਦਾ-ਪਿਆਉਂਦਾ ਸੀ। ਇਸ ਯਾਰੀ ਦੇ ਸਦਕੇ ਹੀ ਉਹ ਮਹੰਤ ਨਰੈਣ ਦਾਸ ਦੇ ਐਨ ਨੇੜੇ ਜਾ ਕੇ ਉਸਦੀਆਂ ਖੁਫੀਆ ਮੀਟਿੰਗਾਂ ਦੇ ਵੀ ਭੇਤ ਕੱਢ ਕੇ ਜਥੇਦਾਰ ਝੱਬਰ ਨੂੰ ਪਹੁੰਚਾਉਂਦਾ ਰਿਹਾ।

ਇਸੇ ਤਰ੍ਹਾਂ ਦੇ ਸੂਹੀਏ ਮਹੰਤ ਨਰੈਣ ਦਾਸ ਨੇ ਵੀ ਰੱਖੇ ਹੋਏ ਸਨ। ਇੱਕ ਦੂਜੇ ਦੇ ਸੂਹੀਏ ਫੜੇ ਵੀ ਜਾਂਦੇ ਰਹੇ। ਜਿਵੇਂ ਭਾਈ ਵਰਿਆਮ ਸਿੰਘ ਪਹਿਲਾਂ ਸਾਧਾਂ ਵਾਲੇ ਭਗਵੇਂ ਲੀੜੇ ਪਾ ਕੇ ਗੁਰਦੁਆਰਾ ਜਨਮ ਅਸਥਾਨ ਵਿੱਚ ਰਹਿਣ ਲੱਗ ਪਿਆ ਸੀ। ਸ਼ੱਕ ਪੈਣ 'ਤੇ ਮਹੰਤ ਨੇ ਉਹਨੂੰ ਪੁੱਛਿਆ ਕਿ ਤੂੰ ਕਿਹੜੀ ਸ਼੍ਰੇਣੀ ਦਾ ਸਾਧ ਹੈਂ ਤਾਂ ਉਹ ਨਾ ਦੱਸ ਸਕਿਆ ਅਤੇ ਆਖਿਆ ਕਿ ਮੈਂ ਨਵਾਂ ਨਵਾਂ ਸਾਧ ਬਣਿਆ ਹਾਂ। ਮਹੰਤ ਨੇ ਆਖਿਆ, ਤੂੰ ਇੱਥੋਂ ਦੌੜ ਜਾ। ਵਰਿਆਮ ਸਿੰਘ ਨੇ ਭੋਲਾ ਜਿਹਾ ਬਣ ਕੇ ਕਿਹਾ, ਚੰਗਾ ਭਾਈ ਜੇ ਤੁਸੀਂ ਨਹੀਂ ਰਹਿਣ ਦਿੰਦੇ ਤਾਂ ਮੈਂ ਗ੍ਰਹਿਸਥੀ ਬਣ ਜਾਂਦਾ ਹੈ। ਇਸਤੋਂ ਬਾਅਦ ਉਹ ਚਿੱਟ (ਸਾਦੇ) ਕੱਪੜਿਆਂ ਵਿੱਚ ਉਤਮ ਸਿੰਘ ਦੇ ਕਾਰਖਾਨੇ ਦਾ ਮੁਨਸ਼ੀ ਬਣ ਕੇ ਨਨਕਾਣੇ ਵਿੱਚ ਵਿਚਰਦਾ ਰਿਹਾ।

ਮਹੰਤ ਨਰੈਣ ਦਾਸ ਦੇ ਕੁਕਰਮਾਂ ਦੀਆਂ ਮਿਸਾਲਾਂ ਦੇਣ ਵੇਲੇ ਲੇਖਾਂ ਵਿੱਚ ਜੋ ਇੱਕ ਸਿੰਧੀ ਰਿਟਾਇਰਡ ਸੈਸ਼ਨ ਜੱਜ ਦੀ ਤੇਰਾਂ ਸਾਲਾ ਲੜਕੀ ਅਤੇ ਲਾਇਲਪੁਰ ਤੋਂ ਆਈਆਂ ਛੇ ਔਰਤਾਂ ਦਾ ਮਹੰਤ ਦੇ ਗੁੰਡਿਆਂ ਵੱਲੋਂ ਸਤ ਭੰਗ ਕਰਨ ਵਾਲੇ ਦੋ ਵਾਕਿਆਂ ਦਾ ਜਿਹੜਾ ਜ਼ਿਕਰ ਕੀਤਾ ਜਾਂਦਾ ਹੈ, ਉਸ ਦੀਆਂ ਰਿਪੋਰਟਾਂ ਭਾਈ ਵਰਿਆਮ ਸਿੰਘ ਨੇ ਹੀ ਘੱਲੀਆਂ ਸਨ। ਫਰਵਰੀ ਦੇ ਸ਼ੁਰੂ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਅਕਾਲ ਤਖਤ ਸਾਹਿਬ 'ਤੇ ਹੋਈ ਮੀਟਿੰਗ ਵਿੱਚ ਜਥੇਦਾਰ ਝੱਬਰ ਨੇ ਇਹ ਰਿਪੋਰਟਾਂ ਪੜ੍ਹ ਕੇ ਸੁਣਾਈਆਂ ਸਨ। ਇਹ ਘਟਨਾਵਾਂ ਬਾਕਾਇਦਾ ਤੌਰ 'ਤੇ ਮੀਟਿੰਗ ਵਿੱਚ ਆਉਣ ਕਰਕੇ ਜੱਗ ਜਾਹਰ ਹੋਈਆਂ ਤੇ ਇਨ੍ਹਾਂ ਦਾ ਜ਼ਿਕਰ ਨਨਕਾਣਾ ਸਾਹਿਬ ਦੇ ਸਾਕੇ ਦਾ ਇਤਿਹਾਸ ਲਿਖਦਿਆਂ ਵਾਰ ਵਾਰ ਆਉਂਦਾ ਹੈ। ਇੱਥੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਨਨਕਾਣਾ ਸਾਹਿਬ ਇੱਕ ਬਾਕਾਇਦਾ ਸੂਹੀਆ ਛੱਡਣ ਤੋਂ ਪਹਿਲਾਂ ਪਤਾ ਨਹੀਂ ਮਹੰਤ ਹੋਰ ਕੀ ਕੁਝ ਕਰਦਾ ਰਿਹਾ ਹੋਵੇਗਾ, ਜੋ ਕਿ ਜੱਗ ਜਾਹਰ ਨਹੀਂ ਹੋਇਆ। ਕਿਉਂਕਿ ਆਪਣੀ ਇੱਜ਼ਤ ਖਰਾਬ ਹੋਣ ਡਰੋਂ ਲੋਕ ਅਜਿਹੇ ਵਾਕਿਆਂ ਦੀ ਰਿਪੋਰਟ ਆਮ ਤੌਰ 'ਤੇ ਪੁਲਿਸ ਕੋਲ ਨਹੀਂ ਕਰਦੇ। ਮਹੰਤ ਦੀ ਦਹਿਸ਼ਤ ਕਰਕੇ ਅਜਿਹੀਆਂ ਘਟਨਾਵਾਂ ਦੀ ਕੋਈ ਚੰਦ ਚਰਚਾ ਵੀ ਨਹੀਂ ਸੀ ਹੁੰਦੀ।

ਮਹੰਤ ਦੇ ਸੂਹੀਏ ਝੱਬਰ ਹੁਰਾਂ ਦੇ ਵੀ ਕਾਬੂ ਆਉਂਦੇ ਰਹੇ। ਜਦੋਂ ਕਬਜ਼ੇ ਦੀ ਮੁਹਿੰਮ ਅੰਤਿਮ ਪੜਾਅ 'ਤੇ ਸੀ ਤਾਂ ਗੁਰਦੁਆਰਾ ਸੱਚਾ ਸੌਦਾ ਵਿੱਚ ਸ. ਝੱਬਰ ਦੀ ਬਾਜ ਅੱਖ ਨੇ ਇੱਕ ਅਜਿਹੇ ਹੀ ਸੂਹੀਏ ਨੂੰ ਤਾੜ ਲਿਆ। ਪਹਿਲਾਂ ਉਸ ਨੇ ਆਖਿਆ ਕਿ ਉਹ ਤਾਂ ਰਾਹੀ ਪਾਂਧੀ ਹੈ ਤੇ ਰੇਲ ਗੱਡੀਓਂ ਉਤਰ ਕੇ ਆਇਆ ਹੈ। ਜਦ ਝੱਬਰ ਨੇ ਉਸਨੂੰ ਘੂਰ ਕੇ ਛਿੱਤਰ ਫੇਰਨ ਦਾ ਡਰਾਵਾ ਦਿੱਤਾ ਤਾਂ ਉਸਨੇ ਸੱਚ ਦੱਸਦਿਆਂ ਆਖਿਆ ਕਿ ਉਹਦਾ ਨਾਂ ਸੰਤੋਸ਼ ਦਾਸ ਹੈ ਤੇ ਮਹੰਤ ਨੇ ਤੁਹਾਡਾ ਪਤਾ ਕਰਨ ਲਈ ਘੱਲਿਆ ਹੈ। ਉਹਦੀ ਜੇਬ ਵਿੱਚੋਂ ਮਹੰਤ ਦੇ ਠਿਕਾਣਿਆਂ 'ਤੇ ਦਿੱਤੀਆਂ ਤਿੰਨ ਤਾਰਾਂ (ਟੈਲੀਗਰਾਮਾਂ) ਦੀਆਂ ਤਸੀਦਾਂ ਵੀ ਨਿਕਲੀਆਂ।

ਜਥੇਦਾਰ ਕਰਤਾਰ ਸਿੰਘ ਝੱਬਰ ਨੇ ਬੰਦਿਆਂ ਨੂੰ ਆਪਣੇ ਨੇੜੇ ਲਾਉਣ ਵੇਲੇ ਵੀ ਪੂਰੀ ਚੌਕਸੀ ਵਰਤੀ। ਮਿਸਾਲ ਦੇ ਤੌਰ 'ਤੇ ਪਹਿਲਾਂ ਜ਼ਿਕਰ ਵਿੱਚ ਆਇਆ ਭੋਜੀਆਂ ਵਾਲਾ ਵਰਿਆਮ ਸਿੰਘ, ਸੱਚੇ ਸੌਦੇ ਜਥੇਦਾਰ ਝੱਬਰ ਕੋਲ ਆਇਆ ਤਾਂ ਉਸਨੇ ਆਪਣੇ ਆਉਣ ਦਾ ਕਾਰਨ ਦੱਸਦਿਆਂ ਇੱਕ ਲੰਬੀ ਚੌੜੀ ਕਹਾਣੀ ਬਿਆਨ ਕੀਤੀ। ਇਸ ਕਹਾਣੀ ਦਾ ਸਾਰ ਇਹ ਸੀ ਕਿ ਵਰਿਆਮ ਸਿੰਘ ਨੇ ਦੱਸਿਆ, ਸੁਪਨੇ ਵਿੱਚ ਗੁਰੂ ਗੋਬਿੰਦ ਸਿੰਘ ਨੇ ਮਿਲ ਕੇ ਮੈਨੂੰ ਅਕਾਲੀਆਂ ਨਾਲ ਰਲਣ ਦਾ ਹੁਕਮ ਦਿੱਤਾ ਹੈ। ਉਸਦੀ ਕਹਾਣੀ 'ਤੇ ਸ. ਝੱਬਰ ਨੇ ਨਾ ਤਾਂ ਸਿੱਧਮ-ਸਿੱਧਾ ਇਤਬਾਰ ਕੀਤਾ ਅਤੇ ਨਾ ਹੀ ਨਿਰ੍ਹਾ ਪੂਰਾ ਝੂਠ ਸਮਝ ਕੇ ਘੂਰਨ ਵਾਲਾ ਤਰੀਕਾ ਅਪਣਾਇਆ। ਬਲਕਿ ਉਸਨੂੰ ਨਜ਼ਰਸਾਨੀ ਹੇਠ ਰੱਖਦਿਆਂ ਗੁਰਦੁਆਰੇ ਵਿੱਚ ਰਹਿਣ ਦੀ ਇਜਾਜ਼ਤ ਦੇ ਦਿੱਤੀ। ਵਰਿਆਮ ਸਿੰਘ ਦੀ ਕਹਾਣੀ ਦੀ ਸੱਚਾਈ ਜਾਣਨ ਲਈ ਸ. ਝੱਬਰ ਨੇ ਉਸੇ ਦਿਨ ਉਸਦੇ ਪਿੰਡ ਦੇ ਇੱਕ ਸੱਜਣ ਹਵਾਲਦਾਰ ਹੇਮ ਸਿੰਘ ਨੂੰ ਇੱਕ ਚਿੱਠੀ ਲਿਖੀ। ਇਸ ਚਿੱਠੀ ਦਾ ਪੰਜਵੇਂ ਦਿਨ ਜਵਾਬ ਆ ਗਿਆ, ਜਿਸ ਵਿੱਚ ਸ. ਵਰਿਆਮ ਸਿੰਘ ਦੀ ਕਹਾਣੀ ਨੂੰ ਸੱਚੀ ਆਖਿਆ ਗਿਆ ਸੀ। ਇਹ ਮਿਸਾਲਾਂ ਦੇਣ ਦਾ ਭਾਵ ਇਹ ਹੈ ਕਿ ਕਬਜ਼ੇ ਤੋਂ ਪਹਿਲਾਂ ਦੀ ਲਾਮਬੰਦੀ ਕਰਦਿਆਂ ਸ. ਝੱਬਰ ਨੇ ਬੰਦਿਆਂ ਦੀ ਤਾਕਤ ਤੋਂ ਬਿਨਾ ਕਿੰਨੀ ਦਿਮਾਗੀ ਤਾਕਤ ਦਾ ਇਸਤੇਮਾਲ ਕੀਤਾ।

### ਸ਼੍ਰੋਮਣੀ ਕਮੇਟੀ ਵੱਲੋਂ ਕਬਜ਼ਿਆਂ 'ਤੇ ਪਾਬੰਦੀ, ਝੱਬਰ ਵੱਲੋਂ ਕਬਜ਼ੇ ਦੀ ਇਜਾਜ਼ਤ ਰੱਦ ਕੀਤੀ

1921 ਦੀ ਫਰਵਰੀ ਦੇ ਸ਼ੁਰੂ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਕ ਮੀਟਿੰਗ ਅਕਾਲ ਤਖਤ ਸਾਹਿਬ 'ਤੇ ਹੋਈ, ਇਸ ਵਿੱਚ ਜਦੋਂ ਸ. ਕਰਤਾਰ ਸਿੰਘ ਝੱਬਰ ਨੇ ਮਹੰਤ ਦੇ ਕੁਕਰਮ ਦੀਆਂ ਰਿਪੋਰਟਾਂ ਪੜ੍ਹ ਕੇ ਸੁਣਾਉਣ ਤੋਂ ਬਾਅਦ ਆਖਿਆ ਕਿ ਕਮੇਟੀ ਨੇ ਪਾਸ ਕੀਤਾ ਹੋਇਆ ਹੈ, ਕਬਜ਼ੇ ਤੋਂ ਪਹਿਲਾਂ ਕਮੇਟੀ ਦੀ ਇਜਾਜ਼ਤ ਲਈ ਜਾਵੇ। ਸੋ ਹੁਣ ਮੈਨੂੰ ਇਹ ਇਜਾਜ਼ਤ ਦਿੱਤੀ ਜਾਵੇ, ਮੈਂ ਕਮੇਟੀ ਤੋਂ ਨਾ ਬੰਦੇ ਮੰਗਦਾ ਹਾਂ, ਨਾ ਕੋਈ ਪੈਸਾ ਮੰਗਦਾ ਹਾਂ- ਸਿਰਫ ਇੱਕ ਆਗਿਆ ਮੰਗਦਾ ਹਾਂ, ਇਸ ਵਿੱਚ ਦੇਰ ਨਹੀਂ ਹੋਣੀ ਚਾਹੀਦੀ। ਇਹ ਕਹਿ ਕੇ ਝੱਬਰ ਬੈਠ ਗਿਆ। ਮੀਟਿੰਗ ਵਿੱਚ ਹਾਜ਼ਰ ਪਟਿਆਲਾ ਰਿਆਸਤ ਦੀ ਹਾਈ ਕੋਰਟ ਦੇ ਜੱਜ ਸਿਆਲਕੋਟ ਜ਼ਿਲ੍ਹੇ ਦੇ ਸ. ਨਿਹਾਲ ਸਿੰਘ ਸੁਹਾਵੀਆ ਨੇ ਆਖਿਆ ਕਿ ਕੀ ਇਸ ਕੰਮ ਲਈ ਅਸੀਂ ਵੀ ਤੁਹਾਡੇ ਨਾਲ ਜਾਵਾਂਗੇ? ਹੁਣੇ ਤਰੀਕ ਮਿੱਥੀ ਜਾਵੇ। ਕਮੇਟੀ ਵਿੱਚ ਵਿਚਾਰ-ਵਟਾਂਦਰੇ ਦੌਰਾਨ ਕਬਜ਼ੇ ਦੀ ਇਜਾਜ਼ਤ ਤਾਂ ਨਾ ਮਿਲੀ, ਪਰ ਇਹ ਫੈਸਲਾ ਹੋਇਆ ਕਿ 4, 5 ਤੇ 6 ਮਾਰਚ 1921 ਨੂੰ ਨਨਕਾਣਾ ਸਾਹਿਬ ਸਿੱਖਾਂ ਦਾ ਇੱਕ ਵੱਡਾ ਇਕੱਠ ਕੀਤਾ ਜਾਵੇ। ਇਸਦੇ ਪ੍ਰਬੰਧ ਲਈ ਚਾਰ ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ, ਜਿਸ ਵਿੱਚ ਸ. ਬੂਟਾ ਸਿੰਘ ਵਕੀਲ ਸ਼ੇਖੂਪੁਰਾ, ਤੇਜਾ ਸਿੰਘ ਸਮੁੰਦਰੀ, ਸ. ਬੂਟਾ ਸਿੰਘ ਚੱਕ ਨੰਬਰ 204 ਵਾਲੇ ਤੇ ਸ. ਕਰਤਾਰ ਸਿੰਘ ਝੱਬਰ ਸ਼ਾਮਲ ਸਨ।

### ਮਹੰਤ ਵੱਲੋਂ ਗੱਲਬਾਤ ਦਾ ਢਕਵੰਜ ਸ਼ੁਰੂ

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਨਫਰੰਸ ਦਾ ਐਲਾਨ ਪੜ੍ਹ ਕੇ ਨਰੈਣ ਦਾਸ ਨੇ, ਮਹੰਤ ਸੁੰਦਰ ਦਾਸ ਸ਼ਤਾਬਗੜ੍ਹੀਆ ਤੇ ਮਹੰਤ ਹਰੀ ਦਾਸ ਨੂੰ ਝੱਬਰ ਕੋਲ ਘੱਲਿਆ। ਇਹ ਦੋਵੇਂ ਝੱਬਰ ਦੇ ਪਹਿਲਾਂ ਤੋਂ ਵਾਕਫਕਾਰ ਸਨ। ਇਨ੍ਹਾਂ ਨੇ ਝੱਬਰ ਨੂੰ ਨਨਕਾਣਾ ਸਾਹਿਬ ਨਾ ਜਾਣ ਲਈ ਪ੍ਰੇਰਨ ਦੀ ਕੋਸ਼ਿਸ਼ ਕੀਤੀ। ਝੱਬਰ ਨੇ ਆਖਿਆ ਕਿ ਇਹ ਕਦਾਚਿਤ ਨਹੀਂ ਹੋ ਸਕਦਾ ਕਿ ਮੈਂ ਢਿੱਲਾ ਪੈ ਜਾਵਾਂ। ਹਾਂ! ਜੇ ਮਹੰਤ ਮੇਰੇ ਆਖੇ ਲੱਗ ਕੇ ਗੁਰਦੁਆਰਾ ਪੰਥ ਨੂੰ ਦੇਵੇ ਤਾਂ ਇਸਦੇ ਬਦਲੇ ਉਸਨੂੰ ਹਜ਼ਾਰ-ਪੰਦਰਾਂ ਸੌ ਰੁਪਏ ਮਹਾਵਾਰ ਤਨਖਾਹ, ਇੱਕ ਵੱਡਾ ਮਹਿਲ, ਮਾਲ ਵਾਲਾ ਤਬੇਲਾ ਤੇ ਹੋਰ

⇒ ਬਾਕੀ ਸਫਾ 13 ਉੱਤੇ ਪੜ੍ਹੋ

# Punjabi Cultural Society of Chicago

Celebrating 31 Years of Community Service

PUNJABI CULTURAL SOCIETY CHICAGO
ਪੰਜਾਬੀ ਸਭਿਆਚਾਰਕ ਸਭਾ

*To Celebrate Vaisakhi PCS Presents...*

## ਰੰਗਲਾ ਪੰਜਾਬ 2025!

Rangla Punjab

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

**Win Raffle PRIZES!**



## Saturday, April 26, 2025
## 6:00 PM - 11:00 PM

Copernicus Center
5216 W Lawrence Ave
Chicago, IL 60630

**Sponsors & Advertisements Encouraged**
Please email: info@PCSChicago.org
or call: (847-359-5PCS

**$125 (VIP Seats with Dinner)**
**$65 (Preferred Seats), $40 (General Seating)**

• Assigned Seats for all • Limited Free Parking • Children Under 5 yr Free (Need to be in Lap)

Scan me!

More Information at:
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

**Chief Guest**



**Dr. Devesh Ranjan**
Engineering Dean
UW – Madison

PCS is a non-profit 501 (C) (3) organization promoting Punjabi Culture, Language, Performing Arts, Education, Good Citizenship, Healthy Life Style and Sports.

### PCS Board of Directors 2025



Dr. Param Singh (Chairman) · Navtej S. Sohi (President) · Bikram Singh Sohi (Vice President) · Gurlal S. Bhattal (Executive Secretary) · Parmjot S. Parmar (Finance Director) · Gurpreet Sidhu (Asst. Finance & IT Director) · Jigerdeep Dhillon (Asst. Executive secretary) · Paramvir Kaur (Youth Director) · Tejveer S. Soodan (Inter Community Director) · Amitpaul Singh (Sports Director) · Manjeet S. Bhalla (Past President) · Dr. Vikram Gill (Past Chairman)

### PCS Board of Governors



Rajinder S. Mago · Mohinderjit S. Saini · Harwinder Paul S. Lail · Bhinder S. Pamma · Jasbir S. Palia · Balwinder S. Girn · Amarjit K. Atwal · Vick Singh

### PCS Board of Advisors



Bhupinder S. Dhaliwal · Parvinder S. Nanua · Gurmit S. Dhillon · Surinder S. Palia

# ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ

## Rangla Punjab 2025 Sponsors

Darshan S. Dhaliwal, Dr. Bhupinder Singh Saini, Narinder S. Grewal MD, Dr. Harjinder S. Khaira, Gulzar S. Multani, Dr. Vikram Singh Gill, Nick Balwinder, Kevindeep Atwal, Jagmohan S. Begowal, Avtar Singh Bhaura, Dr. Amrik Singh Sohi

Jaidev S. Bhattal, Jaskaran Dhaliwal, Balvinder S. Cheema, Dr. Shivam Patel, Jasdeep Saran, Parminder S. Goldi, Sarwan S. Tiwana, Jasbir Suga, Amritpal S. Mangat, Harbhajan S. Kalyanpur, Amrik Singh Chicago

Lucky Sahota, Harkewal Singh Lally, Lakhbir S. Sandhu, Rajinder Dayal, Amolak Singh Gidda, Iqbal Singh Saini, Jagjit Singh Dhindsa, Ronnie Singh, Jassi Dhaliwal, Manjit S. Dhanoa, Dr. Gagandeep S. Grover

Parbhdeep S. Nanua, Dr. Puneet Grewal Dhillon, Amandeep Kaur Gill, Dr. Amrit Virk, Dalvir Kaur Parmar, Barinderjit Kaur, Davinder Singh Rangi, Swaran Singh Sekhon, Pali Dhaliwal, Ranbir Singh Dhaliwal, Jairam Singh Kahlon, Dr. Hargurmukhpal Singh

### Sher-E-Punjab Sports & Cultural Club, Chicago

Baljit Tiwana, Jaswinder Gill, Deepinder Virk, Kamaljit Ghuman, Honey Khangura, Jindi Khangura, Jinder Benipal, Onkar Sahota, Pindi Chhina, Goldy Lally, Harjinder Samra, Manjit Singh, Manmohan S. Bhathal, Navjot Singh

### Sher-E-Punjab Sports Club, Chicago (Midwest)

Lakhwinder Singh, Jasroop singh, Amritpal Mangat, Amritpal Gill, Deepa Bandesha, Gurdev S. Gill, Parminder S. Walia, Amardev Bandesha, Balwinder Chatha, Darshan Pamma, Amarjit Bandesha, Manjinder Singh

### Punjab Sports Club, Chicago

Santokh Ghuman, Lucky Sahota, Ajaib Lakhan, Happy Heer, Harjinder Khaira, Narinder Sran, Jaskaran Dhaliwal, Rajinder Dayal, Harwinder Billa, Hardeep Gill, Parminder Saimbi, Jaspal Midha


HT HAMPSHIRE TIRES

HAWK TRUCK DRIVING SCHOOL
COMMERCIAL DRIVING LICENSE
(847) 652 9930
(847) 907 4110

PAO

SIKH Religious Society ਗੁਰਦੁਆਰਾ ਪੈਲਾਟਾਈਨ

Midwest Mind Care

NORTHERN TRUST

Copernicus center

Lakeland Dental

ALFA TOOLS

PATEL BROTHERS 50

icons printing & Signs

Pathfinder Realty
Serving our community for 35+ years
Vick Singh

COLDWELL BANKER
BUYING OR SELLING HOME? I CAN HELP!
CALL:847 322 5832
PRADEEP SINGH REALTOR

SONA WEDDING & EVENT PLANNERS
ONE STOP FOR YOUR DREAM EVENTS
224.369.6100

Mortgage Loans
Residential & Commercial
(Licensed Mortgage Originator)
Call: Amrik P. Singh
Serving Community from Last 14 Years
312-608-0006

AK Tour & Travel
Contact : Amandeep Kaur Gill

NEW YORK LIFE

Regal Jewels
847-907-1525
Rajveer & Kaajal Gill
VEERGI.COM

DESIGN N PETALS
Clutches | Potlis | Bags | Batua
Amandeep Kaur
(224-201-5321)
Email - designpetals23@gmail.com
designnpetals

MAGIC FRAMEZ PRODUCTIONS
WEDDING PHOTOGRAPHY AND VIDEOGRAPHY SERVICES
+1 630-432-3476
karsh@magicframez.ca
WWW.MAGICFRAMEZ.COM

Bowling Green Logistics
NT corp
Hiring Drivers & Owner Operators
Warehousing is available at: 4800 Vernon Ave McCook, IL 60525
Dedicated Lanes to Canada/US/Mexico
Contact: 847-562-5860 ext: 1003, 866-454-0771

One Stop for All Your Party/Fiesta Needs
Taj
TAJ PALACE
Parminder Singh Goldi
C: (414) 736-6580 • parminder1208@att.net
3665 E. Grange Avenue • Cudahy, WI 53110

SERVING CHICAGOLAND & NORTHWEST SUBURBS
RE/MAX AMERICAN DREAM
JESSE SINGH
847-606-3664
REMAX AMERICAN DREAM, LONG GROVE, IL 60060

## ਜੁਗ ਜੁਗ ਜੀਓ... (26)

### ਡਾ. ਹਰਬੰਸ ਕੌਰ ਦਿਓਲ

# ਸੋਜ (Inflammation) ਬਾਰੇ ਕੁਝ ਵਿਚਾਰ

***ਸਾਡਾ ਸਰੀਰ ਰਿਸ਼ਟ-ਪੁਸ਼ਟ ਹੈ ਤਾਂ ਮਨ ਵੀ ਖੇੜੇ ਵਿੱਚ ਰਹਿੰਦਾ ਹੈ, ਪਰ ਜੇ ਕੋਈ ਰੋਗ ਲੱਗ ਜਾਵੇ ਤਾਂ ਸਾਨੂੰ ਆਲਾ-ਦੁਆਲਾ ਵੀ ਰੋਗ-ਗ੍ਰਸਤ ਹੋਇਆ ਮਹਿਸੂਸ ਹੋਣ ਲੱਗਦਾ ਹੈ, ਜਿਵੇਂ ਗੁਰਬਾਣੀ ਕਹਿੰਦੀ ਹੈ, "ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥" ਉਂਜ ਜਿਸ ਤਰ੍ਹਾਂ ਦਾ ਸਾਡਾ ਖਾਣ-ਪੀਣ ਹੋ ਗਿਆ ਹੈ, ਜੀਭ ਦੇ ਸੁਆਦ ਨੂੰ ਮੁੱਖ ਰੱਖਦਿਆਂ ਅਸੀਂ ਆਪਣੀ ਖੁਰਾਕ ਜਾਣੇ-ਅਣਜਾਣੇ ਬਦਲ ਰਹੇ ਹਾਂ ਜਾਂ ਬਦਲ ਲਈ ਹੈ, ਉਹ ਸਿੱਧਾ ਬਿਮਾਰੀਆਂ ਨੂੰ ਸੱਦਾ ਹੈ। ਆਪਣੀ ਸਿਹਤ ਦਾ ਆਪ ਖਿਆਲ ਰੱਖਣਾ ਸਾਡੀ ਹੀ ਜ਼ਿੰਮੇਵਾਰੀ ਹੈ। ਇਸੇ ਨਜ਼ਰੀਏ ਤੋਂ ਭਾਈਚਾਰੇ ਦੀ ਸਿਹਤਯਾਬੀ ਲਈ ਵੱਖ-ਵੱਖ ਬਿਮਾਰੀਆਂ ਪ੍ਰਤੀ ਸੁਚੇਤ ਕਰਨ ਹਿਤ ਡਾ. ਹਰਬੰਸ ਕੌਰ ਦਿਓਲ ਪਿਛਲੇ ਕਾਫੀ ਸਮੇਂ ਤੋਂ ਆਪਣੇ ਵਿਚਾਰ ਪੇਸ਼ ਕਰਦੇ ਆ ਰਹੇ ਹਨ। ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਰੋਗਾਂ ਸਬੰਧੀ ਜਾਣਕਾਰੀ ਦੇ ਕੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਬਿਮਾਰੀਆਂ ਤੋਂ ਬਚੇ ਰਹਿਣ ਅਤੇ ਤੰਦਰੁਸਤੀ ਵਾਲਾ ਜੀਵਨ ਜਿਉਣ...***

"ਚਾਚੀ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ ਬੇਟਾ! ਸ਼ੁਕਰ ਐ ਤੂੰ ਆ ਗਈ, ਤੇਰਾ ਹੀ ਇੰਤਜ਼ਾਰ ਕਰ ਰਹੀ ਸੀ।"

"ਤੁਸੀਂ ਸੁਨੇਹਾ ਭੇਜੋ ਤੇ ਮੈਂ ਨਾ ਆਵਾਂ, ਇਹ ਕਿਸ ਤਰ੍ਹਾਂ ਹੋ ਸਕਦੈ?"

"ਮੇਰਾ ਤਾਂ ਕਿੱਲੋ ਲਹੂ ਵਧ ਗਿਐ, ਤੈਨੂੰ ਦੇਖਦੇ ਸਾਰ। ਤੈਨੂੰ ਪਤਾ ਮੈਂ ਸੁਨੇਹਾ ਭੇਜਦੀ ਆਂ, ਜਦੋਂ ਮੇਰੇ 'ਤੇ ਕੋਈ ਮੁਸੀਬਤ ਆ ਪਈ ਹੋਵੇ!"

"ਕੀ ਹੋ ਗਿਆ ਚਾਚੀ ਜੀ?"

"ਆਹ ਪ੍ਰੀਤ ਕਹਿੰਦੀ ਮੇਰੇ ਸਾਰੇ ਸਰੀਰ 'ਤੇ ਸੋਜ ਆ ਗਈ ਏ। ਹੋਰ ਕੋਈ ਕਿਸੇ ਕਿਸਮ ਦੀ ਤਕਲੀਫ ਨਹੀਂ। ਮੈਨੂੰ ਤਾਂ ਬਹੁਤ ਈ ਫਿਕਰ ਹੋ ਗਿਐ। ਸਾਰੀ ਰਾਤ ਨ੍ਹੀਂ ਸੁੱਤੀ। ਦੇਖ ਕੇ ਦੱਸ ਕੀ ਗੱਲ ਏ?"

"ਇਹ ਕਦੋਂ ਤੋਂ ਹੈ?"

"ਲੈ ਉਹ ਵੀ ਆ ਗਈ, ਆਪੇ ਹੀ ਪੁੱਛ ਲੈ ਇਸ ਤੋਂ।"

"ਕਿਉਂ ਪ੍ਰੀਤ, ਕੀ ਗੱਲ ਹੋ'ਗੀ? ਕੋਈ ਹੋਰ ਤਕਲੀਫ ਜਿਵੇਂ ਸਾਹ ਚੜ੍ਹਦਾ ਹੋਵੇ, ਬੁਖਾਰ, ਦਰਦ ਜਾਂ ਲਾਲੀ ਵਗੈਰਾ ਤਾਂ ਨਹੀਂ?"

"ਨਹੀਂ ਦੀਦੀ, ਸਿਰਫ ਸਾਰੇ ਸਰੀਰ 'ਤੇ ਬਸ ਸੋਜ ਆ ਗਈ ਲੱਗਦੀ ਏ।"

"ਮੈਂ ਚੈੱਕ ਕਰ ਲੈਂਦੀ ਆਂ, ਆਈਂ ਜ਼ਰਾ ਇੱਧਰ ਨੂੰ।"

ਚੰਨੀ ਨੇ ਫੇਫੜੇ, ਦਿਲ, ਪੇਟ, ਚੈੱਕ ਕਰ ਕੇ ਪੈਰਾਂ, ਲੱਤਾਂ ਤੇ ਮੂੰਹ 'ਤੇ ਸੋਜ ਲਈ ਛਾਣਬੀਣ ਕੀਤੀ ਅਤੇ ਕਿਹਾ, "ਚਾਚੀ ਜੀ ਤੁਹਾਡੇ ਲਈ ਖੁਸ਼ਖਬਰੀ ਅਤੇ ਪ੍ਰੀਤ ਲਈ ਮਾੜੀ ਖਬਰ ਹੈ।"

"ਧੀਏ, ਉਹ ਕਿਵੇਂ?"

"ਕਿਸੇ ਬਿਮਾਰੀ ਦੇ ਨਿਸ਼ਾਨ ਨਜ਼ਰ ਨਹੀਂ ਆ ਰਹੇ ਅਤੇ ਨਾ ਹੀ ਕੋਈ ਸੋਜ ਵਗੈਰਾ ਹੈ। ਆਪਾਂ ਕੁਝ ਅੱਗੋਂ ਜਾਂਚ (test) ਕਰਵਾ ਲਵਾਂਗੇ, ਤਾਂ ਕਿ ਕੁਝ ਅਣਗਹਿਲੀ (ਬਿਮਾਰੀ ਮਿਸ) ਨਾ ਹੋ ਜਾਵੇ।"

"ਚੰਨੀ, ਮਾੜੀ ਖਬਰ ਕਿਵੇਂ ਹੋਈ, ਇਹ ਤਾਂ ਬਹੁਤ ਹੀ ਚੰਗੀ ਖੁਸ਼ੀ ਵਾਲੀ ਗੱਲ ਹੋਈ!"

"ਇਹ ਸੋਜ ਨਹੀਂ, ਮੋਟਾਪਾ ਹੈ ਅਤੇ ਇਸ ਦਾ ਇਲਾਜ ਹੈ- ਵਿਗੜੀਆਂ ਆਦਤਾਂ ਨੂੰ ਸੁਧਾਰਨਾ, ਖਾਸ ਕਰ ਕੇ ਖੁਰਾਕ ਨੂੰ, ਜੋ ਸਾਡੀ ਪ੍ਰੀਤ ਦੇ ਲਈ ਕੋਈ ਸੌਖੀ ਗੱਲ ਨਹੀਂ।"

"ਤੂੰ ਠੀਕ ਕਿਹੈ, ਸਾਰਾ ਦਿਨ ਚਰਦੀ ਰਹਿੰਦੀ ਏ, ਮੈਨੂੰ ਹੀ ਲਗਾਮ ਪਾਉਣੀ ਪੈਂਦੀ ਏ। ਮੈਂ ਲਾਉਂਦੀ ਆਂ ਇਹਦੇ ਮੂੰਹ ਨੂੰ ਜ਼ਿਪਰ!" ਚਾਚੀ ਨੇ ਪ੍ਰੀਤ ਵੱਲ ਘੂਰਦੇ ਹੋਏ ਕਿਹਾ।

"ਦੀਦੀ, ਮੈਨੂੰ ਕੋਈ ਸੋਜ ਨਹੀਂ, ਉਹ ਤਾਂ ਬਹੁਤ ਚੰਗੀ ਗੱਲ ਹੈ, ਭਾਰ ਤਾਂ ਕਾਬੂ ਕਰ ਲਵਾਂਗੀ ਪਰ ਸੋਜ ਬਾਰੇ ਦੱਸੋਗੇ ਕਿ ਇਹ ਕੀ ਹੈ ਅਤੇ ਕੀ ਨਿਸ਼ਾਨੀਆਂ ਹੁੰਦੀਆਂ ਨੇ? ਅਤੇ ਕਿਉਂ ਹੁੰਦੀ ਏ?"

"ਪ੍ਰੀਤ, ਇਹ ਦੋ ਤਰ੍ਹਾਂ ਦੀ ਹੁੰਦੀ ਹੈ:

**1.** ਇੱਕ ਤਰ੍ਹਾਂ ਦੀ Acute (ਥੋੜ੍ਹੇ ਅਰਸੇ ਲਈ) ਹੁੰਦੀ ਹੈ, ਇਹ ਆਪਣੇ ਸਰੀਰ ਦਾ ਕੁਦਰਤੀ, ਸੁਰੱਖਿਆਤਮਕ ਜਵਾਬ (response) ਹੈ, ਕਿਸੇ ਜ਼ਖਮ, ਸੱਟ ਜਾਂ ਲਾਗ (infection) ਜਾਣੀ ਕਿ ਜਰਮਾਂ ਦਾ ਹਮਲਾ ਜਾਂ ਹੋਰ ਕੋਈ ਨੁਕਸਾਨ ਦਾਇਕ ਸਥਿਤੀ ਵੇਲੇ, ਜਿਵੇਂ ਗਲੇ ਦੀ ਖਰਾਬੀ (sore throat); ਜਦੋਂ ਹੀ ਦਿਮਾਗ ਨੂੰ ਇਨ੍ਹਾਂ ਹਮਲਾਵਰਾਂ ਦੀ ਸੂਹ ਮਿਲਦੀ ਹੈ ਤਾਂ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਸੁਚੇਤ ਕੀਤਾ ਜਾਂਦੈ। ਉਹ ਵੱਖਰੇ-ਵੱਖਰੇ ਤਰ੍ਹਾਂ ਦੇ ਫਾਈਟਰ ਸੈੱਲ ਅਤੇ ਕੈਮੀਕਲਜ਼ ਭੇਜਦੀ ਹੈ ਹਾਦਸੇ ਵਾਲੀ ਥਾਂ ਨੂੰ (ਜਿਸ ਤਰ੍ਹਾਂ ਐਂਬੂਲੈਂਸ ਅਤੇ ਫਾਇਰ ਟਰੱਕ) ਸਥਿਤੀ 'ਤੇ ਕਾਬੂ ਪਾਉਣ ਲਈ ਤਾਂ ਕਿ ਹੋਰ ਨੁਕਸਾਨ ਨਾ ਹੋਵੇ, ਖਰਾਬ (damage) ਹੋਏ ਤਿਣਕਿਆਂ (tissue) ਨੂੰ ਹਟਾਉਣ ਲਈ ਅਤੇ ਉਸ ਦੀ ਮੁਰੰਮਤ ਕਰਨ ਲਈ। ਨਤੀਜਾ ਹੁੰਦੈ ਕਿ ਉਹ ਹਿੱਸਾ ਸੁੱਜ ਜਾਂਦੈ, ਗਰਮ ਵੀ ਲੱਗਦੈ ਹੱਥ ਲਾਉਣ 'ਤੇ, ਰੰਗ ਵੀ ਲਾਲ ਹੋ ਜਾਂਦੈ ਅਤੇ ਦਰਦ ਹੁੰਦੀ ਏ; ਪਰ ਇਹ ਕੁਝ ਦਿਨਾਂ ਜਾਂ ਹਫਤਿਆਂ ਵਿੱਚ ਨੌਂ-ਬਰ-ਨੌਂ ਹੋ ਜਾਂਦੈ। ਇਹ ਹੈ ਉਸ ਪਰਵਦਗਾਰ ਦੀ ਚਮਤਕਾਰ ਕਰਨ ਵਾਲੀ ਰਹਿਮਤ। ਇਸ ਤਰ੍ਹਾਂ ਸੋਜਿਸ਼ (acute inflammation) ਸਾਡੇ ਸਰੀਰ ਨੂੰ ਸਿਹਤਮੰਦ ਰੱਖਣ ਲਈ ਬਹੁਤ ਜ਼ਰੂਰੀ ਹੈ।

**2.** ਦੂਸਰੀ ਤਰ੍ਹਾਂ ਦੀ ਸੋਜਿਸ਼ (inflammation) ਹੈ, Chronic (ਲੰਮੇ ਅਰਸੇ ਵਾਲੀ)। ਇਸ ਨੂੰ ਹੋਣ ਲਈ ਕਈ ਮਹੀਨੇ ਅਤੇ ਕਈ ਸਾਲ ਲੱਗ ਜਾਂਦੇ ਨੇ। ਇਸ ਦਾ ਅਸਰ ਸਾਰੇ ਸਰੀਰ 'ਤੇ ਹੁੰਦੈ ਅਤੇ ਵੱਖਰੀਆਂ-ਵੱਖਰੀਆਂ ਬਿਮਾਰੀਆਂ ਹੋ ਜਾਂਦੀਆਂ ਨੇ। ਸਾਰੀਆਂ ਲੰਮੇ ਅਰਸੇ ਵਾਲੀਆਂ ਬਿਮਾਰੀਆਂ ਦੀ ਬੁਨਿਆਦ ਇਸ ਤੋਂ ਹੀ ਸ਼ੁਰੂ ਹੁੰਦੀ ਹੈ, ਜਿਵੇਂ ਦਿਲ ਦੀ, ਸ਼ੂਗਰ ਦੀ, ਜੋੜਾਂ ਦੀਆਂ ਅਤੇ ਦਿਮਾਗੀ ਬਿਮਾਰੀਆਂ, Parkinson's, dementia (ਦਿਮਾਗੀ ਕਮਜ਼ੋਰੀ), ਉਦਾਸੀ, ਕੈਂਸਰ ਅਤੇ ਅਲਰਜੀ ਵਗੈਰਾ।"

"ਦੀਦੀ, ਫਿਰ ਇਸ ਲੰਮੇ ਅਰਸੇ ਵਾਲੀ ਸੋਜ ਦੀਆਂ ਨਿਸ਼ਾਨੀਆਂ ਨਿਰਭਰ ਹੈ ਕਿਹੜੇ ਹਿੱਸੇ 'ਤੇ ਇਸ ਦਾ ਜ਼ਿਆਦਾ ਅਸਰ ਹੈ।"



"ਹਾਂ, ਆਮ ਤੌਰ 'ਤੇ ਇੱਕ ਤੋਂ ਜ਼ਿਆਦਾ ਹਿੱਸੇ 'ਤੇ ਅਸਰ ਹੁੰਦੈ। ਤੂੰ ਦੇਖਿਆ ਹੋਣਾ ਕਿ ਜੇ ਕਿਸੇ ਨੂੰ ਖੂਨ ਦੇ ਦੌਰੇ ਦੀ ਤਕਲੀਫ ਹੈ, ਨਾਲ ਕੋਲੈਸਟਰੋਲ ਦੀ ਵੀ ਹੁੰਦੀ ਹੈ, ਕਈ ਵਾਰੀ ਸ਼ੂਗਰ ਦੀ ਵੀ ਅਤੇ ਦਿਲ ਦੀ ਬਿਮਾਰੀ ਵੀ।

*ਇਸ ਨਾਲ ਥਕਾਵਟ (fatigue)

*ਨੀਂਦ ਦੀ ਗੜਬੜ

*ਵਜ਼ਨ ਦਾ ਵਧਣਾ/ਘਟਣਾ

*ਊਰਜਾ ਦੀ ਘਾਟ (lack of energy)

*ਖੁਰਾਕ ਪ੍ਰਣਾਲੀ ਦੀ ਤਕਲੀਫ

*ਦਿਮਾਗੀ ਉਲਝਣ (brain fog)

*ਵਿਕਾਰ ਵਿਹਾਰ (disruptive behavior), ਕਿਉਂਕਿ ਦਿਮਾਗ ਵਿੱਚ ਵੀ ਇਸ ਦਾ ਅਸਰ ਹੋ ਜਾਂਦੈ ਅਤੇ ਦਿਮਾਗ ਦਾ ਅਗਲਾ ਹਿੱਸਾ (frontal lobe) ਥੱਲੇ ਵਾਲੇ ਦੇ ਦਿਮਾਗ (limbic system) ਨਾਲ ਗੱਲਬਾਤ ਕਰਨਾ ਛੱਡ ਦਿੰਦੈ (meas it disconnect function wise), ਜਿਸ ਦਾ ਨਤੀਜਾ ਹੁੰਦੈ- behavior disorders.

ਸਾਇੰਸਦਾਨਾਂ ਦਾ ਇਹ ਕਹਿਣਾ ਹੈ ਕਿ ਜੋ ਬੱਚੇ ਹੁਣ ਹਨ, ਉਨ੍ਹਾਂ ਦੀ ਉਮਰ (life expectancy) ਕਈ ਸਾਲ ਘੱਟ ਹੋਵੇਗੀ, ਉਨ੍ਹਾਂ ਦੇ ਮਾਪਿਆਂ ਨਾਲੋਂ; ਇਨ੍ਹਾਂ ਕਾਰਨਾਂ ਕਰਕੇ ਜੇ ਅਸੀਂ, ਜੋ ਕਾਰਨ ਸੋਜਿਸ਼ ਕਰਦੇ ਨੇ, ਉਨ੍ਹਾਂ ਤੋਂ ਮੁਕਤੀ ਨਾ ਪਾਈ।"

"ਦੀਦੀ, ਹੋਰ ਨਹੀਂ ਤਾਂ ਸਾਨੂੰ ਆਪਣੇ ਬੱਚਿਆਂ ਖਾਤਰ ਹੀ ਕੁਝ ਜਲਦੀ ਤੋਂ ਜਲਦੀ ਕਰਨਾ ਚਾਹੀਦੈ।"

"ਤੂੰ ਠੀਕ ਕਿਹੈ, ਜਿੰਨੀ ਸ਼ੂਗਰ, ਸਟਾਰਚ ਵਗੈਰਾ ਅੱਜ ਕੱਲ ਦੀ ਖੁਰਾਕ ਵਿੱਚ ਹੈ, ਉਸ ਨਾਲ ਇਨਸੁਲੀਨ ਰਜਿਸਟੈਂਸ ਹੋ ਜਾਂਦੈ, ਜੋ ਸਰੀਰ ਵਿੱਚ ਐਨੀ ਸੋਜ ਕਰ ਦਿੰਦੈ ਕਿ ਇਹ ਬਰਾਬਰ ਹੈ ਸਰੀਰ ਜਿਵੇਂ ਅੱਗ ਨਾਲ ਬਲ ਰਿਹਾ ਹੋਵੇ (body on fire). ਮੁਸੀਬਤ ਦੀ ਗੱਲ, ਇਹ ਨਜ਼ਰ ਨਹੀਂ ਆਉਂਦੇ; ਸਿਰਫ ਬਿਮਾਰੀਆਂ ਰਾਹੀਂ ਹੀ ਪਤਾ ਲੱਗਦਾ ਹੈ।

ਇਸ ਦੇ ਹੋਣ ਦੇ ਕਾਰਨ ਸਾਰੇ ਉਹੀ ਹਨ, ਜੋ ਆਪਾਂ ਨੇ ਕੈਂਸਰ ਦੀ ਪਹਿਲੀ ਮੁਲਾਕਾਤ ਵਿੱਚ ਵਿਸਥਾਰ ਨਾਲ ਵਿਚਾਰੇ ਸਨ।

-ਖੁਰਾਕ, ਸ਼ੂਗਰ, ultra processed, charred food, fast foods

-ਆਪਣੀ ਜੀਵਨ ਸ਼ੈਲੀ (life style)

-ਜ਼ਰੂਰੀ ਖੁਰਾਕੀ ਤੱਤਾਂ ਦੀ ਘਾਟ

-ਇਨਫੈਕਸ਼ਨਜ਼

-ਨੀਂਦ ਦੀ ਘਾਟ

-ਤਣਾਅ (stress)

-ਕਸਰਤ ਦੀ ਘਾਟ

-ਆਪਣੇ ਦੋਸਤ ਜਰਮ ਦਾ ਕਮਜ਼ੋਰ ਹੋਣਾ।

ਸਰੀਰ ਦੀ ਸਹਿਨਸ਼ਕਤੀ (threshold) ਹੁੰਦੀ ਹੈ। ਉਹ ਕੁਝ ਹੱਦ ਤੱਕ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਦਲੇਰੀ ਨਾਲ ਕਰਦਾ ਰਹਿੰਦਾ, ਪਰ ਜਦੋਂ ਇਹ ਸਹਿਨਸ਼ਕਤੀ ਤੋਂ ਵਧ ਜਾਵੇ, ਮਤਲਬ ਪਾਣੀ ਸਿਰ ਤੋਂ ਲੰਘ ਜਾਵੇ ਤਾਂ ਉਹ ਵੀ ਆਪਣੇ ਹੱਥ ਖੜ੍ਹੇ ਕਰ ਦਿੰਦਾ ਏ ਅਤੇ ਬਿਮਾਰੀਆਂ ਦੀ ਸ਼ੁਰੂਆਤ ਹੋ ਜਾਂਦੀ ਏ, ਜਿਸ ਦਾ ਫਿਰ ਕੋਈ ਅੰਤ ਨਹੀਂ ਰਹਿੰਦਾ। ਇੱਕ ਤੋਂ ਬਾਅਦ ਦੂਜੀ, ਫਿਰ ਤੀਜੀ ਅਤੇ ਅੱਗੇ ਤੋਂ ਅੱਗੇ ਕੰਮ ਚੱਲੀ ਜਾਂਦੈ।

2-3 ਇੰਚ ਦੇ ਮਾਸ ਦੇ ਲੋਥੜੇ (ਜੀਭ) ਦੇ 2-4 ਮਿੰਟ ਦੇ ਸੁਆਦ ਪਿੱਛੇ ਬੰਦਾ ਸਾਰੀ ਉਮਰ ਤੜਫਦਾ ਏ, ਇਨ੍ਹਾਂ ਬਿਮਾਰੀਆਂ ਕਰਕੇ। ਡਾਕਟਰਾਂ ਦੇ ਦਫਤਰਾਂ ਦੇ ਗੇੜੇ ਅਤੇ ਦਵਾਈਆਂ ਦਾ ਖਰਚਾ ਵੱਖਰਾ। ਫਿਰ ਦਵਾਈਆਂ ਦੇ ਦੂਰ ਪ੍ਰਭਾਵਾਂ (side effects) ਦਾ ਸਾਹਮਣਾ ਵੀ ਕਰਨਾ ਪੈਂਦੈ। ਹੈ ਨਾ ਕਿੰਨੇ ਨੁਕਸਾਨ ਵਾਲੀ ਗੱਲ?"

"ਦੀਦੀ, ਫਿਰ ਇਸ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ?"

"ਗੱਲ ਤਾਂ ਉਥੇ ਹੀ ਆ ਗਈ, ਜਿਨ੍ਹਾਂ ਗੱਲਾਂ (ਕਾਰਨਾਂ) ਕਰ ਕੇ ਇਹ ਹੁੰਦੀ ਹੈ, ਉਨ੍ਹਾਂ ਨੂੰ ਖਤਮ ਕਰੀਏ। ਸਾਰੀਆਂ ਹੀ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਆਪਾਂ ਨੇ ਪਿਛਲੀ ਮੁਲਾਕਾਤ ਵਿੱਚ ਇਸ ਸਭ ਕੁਝ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਸੀ। ਉਸ ਨੂੰ ਨਜ਼ਰਸਾਰ ਕਰ ਲੈਣਾ ਇੱਕ ਵਾਰ ਫੇਰ।"

"ਦੀਦੀ, ਮੋਟੀਆਂ ਮੋਟੀਆਂ ਗੱਲਾਂ ਇੱਕ ਵਾਰੀ ਦੁਹਰਾ ਹੀ ਦਿਓ, ਪਲੀਜ਼!"

"ਸੁਣ ਫੇਰ!

-ਪਹਿਲਾਂ ਤਾਂ ਮਾੜੀ ਖੁਰਾਕ ਬੰਦ ਕਰਨੀ ਚਾਹੀਦੀ ਹੈ ਅਤੇ ਹੋਰ ਨੁਕਸਾਨ ਦਾਇਕ ਕਾਰਨ ਵੀ

-ਆਪਣੀ ਜੀਵਨ ਸ਼ੈਲੀ ਸੁਧਾਰੋ

-ਅੱਛੀ ਖੁਰਾਕ, mediterranean diet ਸ਼ਾਮਲ ਕਰੋ, ਮਤਲਬ ਐਂਟੀਓਕਸੀਡੈਂਟ ਅਤੇ ਪੌਲੀਫੀਨੌਲਜ਼ ਵਾਲੀ ਖੁਰਾਕ ਖਾਣੀ ਚਾਹੀਦੀ ਹੈ। ਜਿਵੇਂ ਔਲਵਜ਼ ਅਤੇ ਔਲਿਵ ਉਆਇਲ, ਐਵਾਕਾਡੋ ਉਆਇਲ, ਵੈਜੀਟੇਬਲ ਉਆਇਲ ਅਤੇ ਟਰਾਂਸਫੈਟਜ਼ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ।"

"ਦੀਦੀ, ਹੱਥ ਲੱਗਦੇ ਹੁਣ ਦੋ-ਚਾਰ ਖੁਰਾਕ ਦੀਆਂ ਉਦਾਹਰਨਾਂ ਵੀ ਦੇ ਦੇਵੋ।"

"*ਰੰਗ-ਬਰੰਗੀਆਂ ਸਬਜ਼ੀਆਂ ਅਤੇ ਫਲ

*ਕਰੂਸੀਫੈਰਸ (crucifuous group) ਸਬਜੀਆਂ- ਬਰੌਕਲੀ, ਗੋਭੀ, ਬੋਕ ਚੁਆਏ, ਕੇਲ ਵਗੈਰਾ, ਖਾਸ ਕਰ ਕੇ ਬਰੌਕਲੀ ਸਪਰਾਊਟਸ (broccoli sprouts), ਜੋ ਤੁਸੀਂ ਘਰ ਹੀ ਉਗਾ ਸਕਦੇ ਹੋ, ਬਹੁਤ ਹੀ ਸੌਖੇ ਤਰੀਕੇ ਨਾਲ

*ਡਾਰਕ ਚੌਕਲੇਟ

*ਗਰੀਨ ਟੀ ਅਤੇ ਕੌਫੀ, ਬਿਨਾ ਗਾਂ ਦੇ ਦੁੱਧ ਦੇ (ਬੱਕਰੀ ਦਾ ਦੁੱਧ ਜਾਂ ਪਲਾਂਟ ਬੇਸਡ ਦੁੱਧ ਦਾ ਇਸਤੇਮਾਲ ਕਰ ਸਕਦੇ ਹੋ)

*ਕੀਵੀ, ਐਵਾਕਾਡੋ

*ਸਪਲੀਮੈਂਟਸ- ਵਿਟਾਮਨ D, C, $K_2$ ਅਤੇ ਓਮੇਗਾ-3

*ਸੀਡਜ਼, ਨਟਜ਼, Lentils, ਲੈਗੂਮਜ ਵਗੈਰਾ।"

"ਅੱਗੇ ਜਾਣ ਤੋਂ ਪਹਿਲਾਂ ਸਪਰਾਊਟਜ਼ ਬਣਾਉਣਾ ਦੱਸੋ।"

"ਤੁਸੀਂ ਅੱਧਾ ਗੈਲਨ ਦਾ ਕੱਚ ਦਾ ਸਾਫ ਜਾਰ ਲਵੋ, ਖੁੱਲ੍ਹੇ ਮੂੰਹ ਵਾਲਾ। ਉਸ ਵਿੱਚ 2 ਵੱਡੇ ਚਮਚ ਬਰੌਕਲੀ ਔਰਗੈਨਿਕ ਸੀਡਜ਼ ਪਾ ਲਵੋ। ਪਾਣੀ ਨਾਲ ਦੋ ਵਾਰੀ ਚੰਗੀ ਤਰ੍ਹਾਂ ਧੋ ਲਵੋ। ਪਾਣੀ ਕੱਢਣ ਵੇਲੇ ਬਾਰੀਕ ਸੁਰਾਖਾਂ ਵਾਲੀ ਚਾਹ ਪੁਣਨੀ ਇਸਤੇਮਾਲ ਕਰ ਲਵੋ ਜਾਂ ਜਾਰ ਦੇ ਮੂੰਹ 'ਤੇ ਚੀਜ਼ ਕਲੌਥ ਦਾ ਪੀਸ, ਰਬੜ ਨਾਲ ਬੰਨ੍ਹ ਲਵੋ।

ਤੁਸੀਂ ਮੇਸਨ ਜਾਰ, ਖਾਸ ਕਵਰ ਵਾਲਾ ਵੀ ਲੈ ਸਕਦੇ ਹੋ ਜਾਂ ਸਪਰਾਊਟਰ ਜਾਰ ਇਸਤੇਮਾਲ ਕਰ ਸਕਦੇ ਹੋ, ਇਹ ਐਮਾਜ਼ੋਨ 'ਤੇ ਮਿਲ ਜਾਂਦੇ ਨੇ। ਪਹਿਲੇ ਦਿਨ ਸੀਡਜ਼ ਵਿੱਚ ਪਾਣੀ ਪਾ ਲਵੋ ਭਿਓਣ ਲਈ, ਘੱਟੋ ਘੱਟ 5-6 ਘੰਟੇ ਲਈ ਜਾਂ ਸਾਰੀ ਰਾਤ ਲਈ ਭਿਓਂ ਲਵੋ। ਦੂਜੇ ਦਿਨ ਇਹ ਪਾਣੀ ਕੱਢ ਕੇ ਦੋ ਵਾਰੀ ਇਨ੍ਹਾਂ ਨੂੰ ਧੋ ਕੇ, drain ਕਰ ਕੇ ਜਾਰ ਦੇ ਮੂੰਹ 'ਤੇ ਢੱਕਣ ਲਾ ਕੇ ਜਾਂ ਕੱਪੜਾ ਬੰਨ੍ਹ ਕੇ ਜਾਰ ਨੂੰ 45 ਡਿਗਰੀ 'ਤੇ ਖੜ੍ਹਾ ਕਰ ਦੇਵੋ। ਬਿਹਤਰ ਹੈ ਇਸ ਨੂੰ ਹਨੇਰੇ ਵਿੱਚ ਜਾਂ ਕਮਰੇ ਵਿੱਚ ਉਥੇ ਰੱਖਿਆ ਜਾਵੇ, ਜਿੱਥੇ ਜ਼ਿਆਦਾ ਰੌਸ਼ਨੀ ਨਾ ਆਉਂਦੀ ਹੋਵੇ ਅਤੇ ਦਿਨ ਵਿੱਚ 2-3 ਵਾਰੀ ਪਾਣੀ ਨਾਲ ਧੋ ਦਿੱਤਾ ਜਾਵੇ। ਇਸ ਤਰ੍ਹਾਂ ਕਰਦੇ ਰਹੋ, ਜਿੰਨੀ ਦੇਰ ਤੱਕ ਪੱਤੇ ਨਹੀਂ ਨਿਕਲਦੇ। ਤਕਰੀਬਨ 2-3 ਦਿਨਾਂ ਬਾਅਦ ਚਿੱਟੇ ਧਾਗੇ ਵਾਂਗ ਜੜਾਂ ਨਿਕਲ ਆਉਂਦੀਆਂ ਨੇ, ਪੱਤੇ 4-5 ਦਿਨਾਂ ਬਾਅਦ। ਉਸ ਤੋਂ ਬਾਅਦ ਵਿੱਚ ਰੌਸ਼ਨੀ ਵਿੱਚ 1-2 ਦਿਨ ਰੱਖ ਦੇਣਾ (ਸੂਰਜ ਦੇ ਸਾਹਮਣੇ ਨਹੀਂ)- ਤੁਹਾਡੇ ਸਪਰਾਊਟਜ਼ ਤਿਆਰ ਨੇ।

ਕੈਂਸਰ ਅਤੇ ਸੋਜ ਵਿਰੁੱਧ ਅਸਰ ਕਰਨ ਵਾਲੀਆਂ ਸਬਜ਼ੀਆਂ ਵਿੱਚੋਂ ਬਰੌਕਲੀ ਇੱਕ ਨੰਬਰ 'ਤੇ ਹੈ। ਇਹ ਇੱਕ ਬਹੁਤ ਵਧੀਆ ਚੋਟੀ ਦਾ ਐਂਟੀਔਕਸੀਡੈਂਟ ਅਤੇ ਐਂਟੀ ਇਨਫਲੇਮੇਟਰੀ ਸਬਜ਼ੀ ਹੈ। ਇਹ Detox ਕਰਨ ਵਾਲੇ gene 'ਤੇ ਕੰਮ ਕਰਦੀ ਹੈ ਅਤੇ ਅਸਰ 2-3 ਦਿਨ ਰਹਿੰਦੈ। ਇਸ ਨੂੰ ਪਕਾਉਣ ਤੋਂ 40 ਮਿੰਟ ਪਹਿਲਾਂ ਕੱਟ ਕਰ ਕੇ ਰੱਖ ਲਵੋ, ਤਾਂ ਕਿ ਇਸ ਦਾ ਇਹ gene ਐਕਟਿਵ ਹੋ ਜਾਵੇ। ਬਰੌਕਲੀ ਦੇ ਸਪਰਾਊਟਜ਼ ਨੂੰ ਖੁਰਾਕ ਦਾ ਪਾਵਰਹਾਊਸ (Powerhouse) ਕਿਹਾ ਜਾਂਦੈ- ਇਹ ਪ੍ਰੋਟੀਨ, ਵਿਟਾਮਨਜ਼, ਫਾਈਬਰ ਅਤੇ ਧਾਤਾਂ ਨਾਲ ਭਰਪੂਰ ਹੁੰਦੇ ਹਨ।" ਸਪਰਾਊਟਿੰਗ ਸੀਡਜ਼ ਐਮਾਜ਼ਾਨ, ਹੋਲਫੂਡ ਮਾਰਕਿਟ, ਵਾਲਮਾਰਟ ਅਤੇ 'ਸਪਰਾਊਟਮੈਨ ਡਾਟ ਕਾਮ' ਤੋਂ ਮਿਲ ਜਾਂਦੇ ਹਨ।

"ਦੀਦੀ, ਮੈਨੂੰ ਇੱਕ ਸਮਝ ਨਹੀਂ ਆਉਂਦੀ, ਜਦੋਂ ਆਪਾਂ ਇਹ ਸਬਜ਼ੀ ਖਰੀਦਦੇ ਹਾਂ, ਇਸ ਨਾਲ ਲੰਮਾ ਸਾਰਾ ਡੰਡਾ (stem) ਕਿਉਂ ਰਹਿਣ ਦਿੰਦੇ ਨੇ, ਐਵੈ ਫਾਲਤੂ ਦੇ ਦੁੱਗਣੇ ਪੈਸੇ ਲੱਗਦੇ ਨੇ, ਉਹ ਤਾਂ ਇਸਤੇਮਾਲ ਨਹੀਂ ਹੁੰਦਾ। ਔਰਗੈਨਿਕ ਸਬਜ਼ੀਆਂ ਤਾਂ ਪਹਿਲਾਂ ਹੀ ਇੰਨੀਆਂ ਮਹਿੰਗੀਆਂ ਹੁੰਦੀਆਂ ਨੇ।"

"ਤੈਨੂੰ ਇਹ ਸੁੱਟਣਾ ਨਹੀਂ ਚਾਹੀਦਾ, ਇਸ ਵਿੱਚ ਕੈਂਸਰ ਅਤੇ ਸੋਜ ਦੇ ਵਿਰੁੱਧ ਕਰਨ ਵਾਲੇ ਤੱਤ ਦੁੱਗਣੇ ਹੁੰਦੇ ਹਨ, ਫਲੌਰੈਟਜ਼ (florets) ਨਾਲੋਂ, ਇਨ੍ਹਾਂ ਨੂੰ ਕੱਟ ਕੇ ਸਬਜ਼ੀ ਜਾਂ ਸੂਪ (soup) ਵਗੈਰਾ ਵਿੱਚ ਇਸਤੇਮਾਲ ਕਰ ਸਕਦੇ ਹੋ। ਸਪਰਾਊਟਜ਼ ਵਿੱਚ ਇਹ ਚੀਜ਼ਾਂ ਤਾਂ 100 ਗੁਣਾਂ ਹੁੰਦੀਆਂ ਨੇ।"

"ਦੀਦੀ, ਆਹ ਤੇ ਬਹੁਤ ਚੰਗਾ ਤੁਸੀਂ ਦੱਸ ਦਿੱਤਾ। ਕੀ ਹਲਦੀ, ਅਦਰਕ ਅਤੇ ਲਸਣ ਦੇ ਵਰਤਣ ਵਿੱਚ ਕੋਈ ਕਿਸੇ ਤਰ੍ਹਾਂ ਦਾ ਖਾਸ ਧਿਆਨ ਰੱਖਣ ਦੀ ਜ਼ਰੂਰਤ ਹੈ?"

**"ਹੈਨ ਕੁਝ ਗੱਲਾਂ ਧਿਆਨ ਦੇਣ ਲਾਇਕ:**

ਹਲਦੀ ਦਾ ਫਾਇਦਾ ਹੁੰਦੈ curcumin ਕਰਕੇ, ਪਰ ਇਹ ਜਲਦੀ ਜਲਦੀ ਆਪਣੇ ਸਰੀਰ ਵਿੱਚ ਦਾਖਲ (absorb) ਨਹੀਂ ਹੁੰਦਾ। ਇਸ ਦਾ ਦਾਖਲਾ (absorption) ਵਧਾਉਣ ਲਈ ਕੁਝ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਜਿਵੇਂ:

**1.** ਇਸ ਦੇ ਨਾਲ ਪੀਸੀ ਹੋਈ ਕਾਲੀ ਮਿਰਚ ਵੀ ਮਿਲਾ ਲਵੋ

**2.** ਇਸ ਨੂੰ ਗਰਮ ਤਾਪਮਾਨ ਦੀ ਵੀ ਜ਼ਰੂਰਤ ਹੈ ਅਬਸੋਰਬ ਹੋਣ ਲਈ- ਗਰਮ ਤਰਲ ਵਿੱਚ ਲਵੋ।

**3.** ਇਸ ਨੂੰ ਸਰੀਰ ਵਿੱਚ ਦਾਖਲ ਹੋਣ ਲਈ ਥੋੜ੍ਹੀ ਜਹੀ fat ਦੀ ਵੀ ਜ਼ਰੂਰਤ ਹੈ।"

"ਦੀਦੀ, ਇਸ ਦੇ ਲੈਣ ਦਾ ਸੌਖਾ ਤਰੀਕਾ ਦੱਸੋ, ਜਿਸ ਨਾਲ ਇਹ ਆਪਣੇ ਸਰੀਰ ਵਿੱਚ ਚੰਗੀ ਤਰ੍ਹਾਂ ਜਾ ਸਕੇ।"

"ਤੂੰ ਸੁਣਿਆ ਹੋਣੈ ਗੋਲਡ ਮਿਲਕ?"

"ਨਹੀਂ ਤਾਂ!"

"ਮੈਂ ਦੱਸ ਦਿੰਨੀ ਆਂ, ਪਰ ਲਿਖ ਲੈ, ਤੈਨੂੰ ਯਾਦ ਨਹੀਂ ਰਹਿਣਾ। ਆਪਾਂ ਨੂੰ ਚਾਹੀਦੀਆਂ ਹਨ:

-ਇੱਕ ਕੱਪ ਦੁੱਧ (ਆਮ ਦੁੱਧ ਜਾਂ ਪਲਾਂਟ ਬੇਸਡ, ਜਿਹੜਾ ਵੀ ਤੁਸੀਂ ਇਸਤੇਮਾਲ ਕਰਨਾ ਚਾਹੁੰਦੇ ਹੋ)

-ਇੱਕ ਚਮਚ ਹਲਦੀ ਪਾਊਡਰ

-ਅੱਧ ਚਮਚ ਸਿਨਾਮਨ ਪੀਸੀ ਹੋਈ

-ਚਮਚ ਦਾ ਚੌਥਾ ਹਿੱਸਾ ਪੀਸਿਆ ਹੋਇਆ ਅਦਰਕ

-ਇੱਕ ਚੰਗੀ ਚੁਟਕੀ ਪੀਸੀ ਕਾਲੀ ਮਿਰਚ।

**ਤਿਆਰੀ:**

***⇒ ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਸਾਕੇ ਤੋਂ ਬਾਅਦ ਦੇ ਹਾਲਾਤ

ਕਈ ਕੁਝ ਦਿਵਾਇਆ ਜਾ ਸਕਦਾ ਹੈ; ਪਰ ਸ਼ਰਤ ਇਹ ਹੈ ਕਿ ਮਹੰਤ ਮੇਰੇ ਨਾਲ ਸਿੱਧੀ ਗੱਲ ਕਰਕੇ ਸਮਝੌਤੇ ਦਾ ਇਤਬਾਰ ਕਰੇ ਤਾਂ ਮੈਂ ਇਹ ਪੇਸ਼ਕਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਹਮਣੇ ਰੱਖਾਂਗਾ।

ਇਸ ਤੋਂ ਕੁਝ ਦਿਨ ਮਗਰੋਂ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਹੋਣੀ ਸੀ। ਸ. ਝੱਬਰ ਰੇਲ ਰਾਹੀਂ ਅੰਮ੍ਰਿਤਸਰ ਜਾ ਰਿਹਾ ਸੀ। ਲਾਹੌਰ ਸਟੇਸ਼ਨ ਤੋਂ ਹੀ ਮਹੰਤ ਸੁੰਦਰਦਾਸ ਝੱਬਰ ਨੂੰ ਸੱਦ ਕੇ ਲੈ ਗਿਆ ਤੇ ਲਾਹੌਰ ਸ਼ਹਿਰ ਦੇ ਇੱਕ ਚੁਬਾਰੇ ਵਿੱਚ ਨਰੈਣ ਦਾਸ ਨੇ ਉਕਤ ਸ਼ਰਤਾਂ 'ਤੇ ਗੁਰਦੁਆਰਾ ਪੰਥ ਨੂੰ ਦੇਣਾ ਮੰਨ ਲਿਆ। ਜਦੋਂ ਝੱਬਰ ਚੁਬਾਰਿਓਂ ਉਤਰਿਆ ਤਾਂ ਥੱਲੇ ਮਹੰਤ ਦੇ ਬੰਦੇ ਰਾਂਝਾ ਤੇ ਰਿਹਾਣਾ ਬੰਦੂਕਾਂ ਲਈ ਖੜ੍ਹੇ ਸਨ। ਇਹ ਪਤਾ ਨਹੀਂ ਕਿ ਉਹ ਮਹੰਤ ਦੀ ਰਾਖੀ ਲਈ ਆਏ ਸਨ ਜਾਂ ਕਿ ਲੋੜ ਪੈਣ 'ਤੇ ਝੱਬਰ ਨੂੰ ਮਾਰਨ ਲਈ।

ਸ. ਝੱਬਰ ਨੇ ਕਮੇਟੀ ਦੀ ਮੀਟਿੰਗ ਵਿੱਚ ਨਰੈਣ ਦਾਸ ਨਾਲ ਹੋਈ ਗੱਲਬਾਤ ਦਾ ਵਿਸਥਾਰ ਦੱਸਿਆ। ਕਮੇਟੀ ਨੇ ਮਹੰਤ ਨਾਲ ਗੱਲਬਾਤ ਕਰਨ ਲਈ ਇੱਕ ਪੰਜ ਮੈਂਬਰੀ ਸਬ ਕਮੇਟੀ ਬਣਾ ਦਿੱਤੀ ਅਤੇ 7, 8 ਤੇ 9 ਫਰਵਰੀ ਨੂੰ ਸੱਚੇ ਸੌਦੇ ਦੇ ਮੇਲੇ ਮੌਕੇ ਗੱਲਬਾਤ ਲਈ ਆਉਣ ਖਾਤਰ ਨਰੈਣ ਦਾਸ ਨੂੰ ਸੁਨੇਹਾ ਘੱਲਿਆ। ਮਹੰਤ ਆਪ ਤਾਂ ਨਾ ਆਇਆ, ਪਰ ਉਸਨੇ ਸ. ਸਾਹਿਬ ਸਿੰਘ ਮਾਨ ਅਤੇ ਦੇਵੀ ਦਿਆਲ ਦੇ ਹੱਥ ਸੁਨੇਹਾ ਘੱਲ ਕੇ ਆਖਿਆ ਕਿ ਤੁਸੀਂ ਮੇਰੇ ਨਾਲ ਕਿਸੇ ਸ਼ਹਿਰ ਵਿੱਚ ਗੱਲਬਾਤ ਕਰੋ। ਉਕਤ ਦੋਵਾਂ ਵਿਅਕਤੀਆਂ ਨੇ ਮਹੰਤ ਦੇ ਨਾ ਆ ਸਕਣ ਦੀ ਵਜਾਹਤ ਕਰਦਿਆਂ ਆਖਿਆ ਕਿ ਨਰੈਣ ਦਾਸ ਇੱਥੇ ਡਰਦਾ ਨਹੀਂ ਆਇਆ ਕਿ ਅਕਾਲੀਆਂ ਨੇ ਓਹਨੂੰ ਇੱਥੇ ਫੜ ਕੇ ਨੂੜ ਲੈਣਾ ਹੈ।

ਮਹੰਤ ਦੇ ਇਨ੍ਹਾਂ ਬੰਦਿਆਂ ਨੇ 14 ਫਰਵਰੀ ਨੂੰ ਸ਼ੇਖੂਪੁਰੇ ਬੂਟਾ ਸਿੰਘ ਵਕੀਲ ਦੀ ਬੈਠਕ ਵਿੱਚ ਗੱਲਬਾਤ ਲਈ ਆਉਣ ਦਾ ਸ. ਝੱਬਰ ਨੂੰ ਸੁਨੇਹਾ ਦਿੱਤਾ। ਮਹੰਤ ਇੱਥੇ ਵੀ ਨਹੀਂ ਆਇਆ ਤੇ ਮਹੰਤ ਜੀਵਨ ਦਾਸ ਨੇ ਆ ਕੇ ਝੱਬਰ ਨੂੰ ਆਖਿਆ ਕਿ ਨਰੈਣ ਦਾਸ ਤੁਹਾਨੂੰ ਲਾਹੌਰ ਸੱਦਦਾ ਹੈ। ਸ. ਝੱਬਰ ਤੇ ਬੂਟਾ ਸਿੰਘ ਵਕੀਲ 15 ਫਰਵਰੀ ਸਵੇਰ ਦੀ ਗੱਡੀ ਫੜ ਕੇ ਲਾਹੌਰ ਲਾਇਲ ਗਜ਼ਟ ਅਖਬਾਰ ਦੇ ਦਫਤਰ ਸ. ਅਮਰ ਸਿੰਘ ਦੇ ਕੋਲ ਪੁੱਜੇ। ਮਹੰਤ ਦਾ ਇੱਕ ਮਕਾਨ ਲਾਹੌਰ ਦੀ ਰਾਮ ਗਲੀ ਵਿੱਚ ਸੀ। ਝੱਬਰ ਨੇ ਮਹੰਤ ਜੀਵਨ ਦਾਸ ਦੇ ਹੱਥੀਂ ਸੁਨੇਹਾ ਘੱਲਿਆ ਕਿ ਨਰੈਣ ਦਾਸ ਲਾਇਲ ਗਜ਼ਟ ਦੇ ਦਫਤਰ ਆ ਜਾਵੇ।

ਨਰੈਣ ਦਾਸ ਦੇ ਮਕਾਨ ਵਿੱਚ ਝੱਬਰ ਦਾ ਸੂਹੀਆ ਅਵਤਾਰ ਸਿੰਘ ਮੌਜੂਦ ਸੀ। ਝੱਬਰ ਦਾ ਲਾਇਲ ਗਜ਼ਟ ਦੇ ਦਫਤਰ ਵਿੱਚ ਆਉਣਾ ਸੁਣ ਕੇ ਉਹ ਸਿੱਧਾ ਝੱਬਰ ਕੋਲ ਪੁੱਜਾ। ਉਹਨੇ ਆ ਕੇ ਦੱਸਿਆ ਕਿ ਮਹੰਤ ਤੁਹਾਡੇ ਨਾਲ ਗੱਲਬਾਤ ਦਾ ਤਾਂ ਐਵੇਂ ਢਕਵੰਜ ਹੀ ਕਰ ਰਿਹਾ ਹੈ, ਪਰ ਉਸਦੇ ਅਸਲ ਇਰਾਦੇ ਬਹੁਤ ਭੈੜੇ ਨੇ। ਉਹਨੇ ਮਹੰਤ ਵੱਲੋਂ ਤਿਆਰ ਕੀਤੀ ਜਾ ਰਹੀ ਸਾਜਿਸ਼ ਇਸ ਤਰ੍ਹਾਂ ਬਿਆਨ ਕੀਤੀ:

"ਮਹੰਤ ਨੇ ਅੱਜ ਰਾਤ ਰਾਮ ਗਲੀ ਆਪਣੇ ਮਕਾਨ 'ਤੇ ਇੱਕ ਖੁਫੀਆ ਮੀਟਿੰਗ ਕੀਤੀ ਹੈ, ਮੈਂ ਭੀ ਉਸ ਵਿੱਚ ਸੀ। ਅਰਜਨ ਦਾਸ ਥੰਮਣ ਤੇ ਜਗਨ ਨਾਥ ਬਘਿਆਂ ਵਾਲਾ, ਬਸੰਤ ਦਾਸ ਮਾਣਕ ਵਾਲਾ ਤੇ ਚਾਰ ਪੰਜ ਮਾਝੇ ਦੇ ਜੱਟ ਸੀ। ਮਹੰਤ ਨੇ ਡੇਢ ਲੱਖ ਰੁਪਏ ਮਾਝੇ ਦੇ ਬਦਮਾਸ਼ਾਂ ਨੂੰ ਦੇਣਾ ਮੰਨਿਆ ਹੈ ਤੇ ਉਨ੍ਹਾਂ ਨੇ 12 ਭਗੌੜੇ ਕਾਤਲ ਨਨਕਾਣਾ ਸਾਹਿਬ 6 ਮਾਰਚ ਨੂੰ ਲੈ ਕੇ ਪੁੱਜਣਾ ਹੈ, ਜਿਸ ਦਿਨ ਪੰਥ ਦਾ ਇਕੱਠ ਹੈ। ਅੱਗੋਂ ਸਕੀਮ ਇਹ ਬਣਾਈ ਹੈ ਕਿ ਭਰੇ ਮੇਲੇ ਵਿੱਚ ਸਿੱਖ ਲੀਡਰਾਂ ਸ. ਹਰਬੰਸ ਸਿੰਘ ਅਟਾਰੀ, ਪ੍ਰੋਫੈਸਰ ਜੋਧ ਸਿੰਘ, ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ ਨੂੰ, ਜੋ ਇਸ ਵੇਲੇ ਪੰਥ ਦਾ ਕੰਮ ਕਰਦੇ ਹਨ, ਗੁਰਦੁਆਰੇ ਅੰਦਰ ਸੁਲ੍ਹਾ ਦੀ ਗੱਲਬਾਤ ਕਰਨ ਲਈ ਬੁਲਾ ਲਿਆ ਜਾਵੇ; ਅਸੀਂ ਗੱਲਬਾਤ ਕਰੀਏ। ਗੁਰਦੁਆਰੇ ਦਾ ਲਹਿੰਦਾ ਬੂਹਾ ਖੋਲ੍ਹ ਦਿੱਤਾ ਜਾਵੇਗਾ, ਚੜ੍ਹਦਾ ਪਹਿਲਾਂ ਬੰਦ ਕੀਤਾ ਜਾਵੇਗਾ। ਬਾਹਰੋਂ ਬਦਮਾਸ਼ ਘੋੜਿਆਂ 'ਤੇ ਆਉਣ ਅਤੇ ਲਹਿੰਦੇ ਵੱਲ ਖਾਲੀ ਥਾਂ 'ਤੇ ਕਿੱਲੇ ਲੱਗੇ ਹੋਏ ਹੋਣਗੇ, ਉਹ ਘੋੜਿਆਂ ਤੋਂ ਉਤਰ ਕਿੱਲਿਆਂ ਨਾਲ ਘੋੜੇ ਬੰਨ੍ਹ ਕੇ ਅੰਦਰ ਆ ਕੇ ਹੋ ਰਹੀ ਕਮੇਟੀ ਦੀ ਮੀਟਿੰਗ ਵਿੱਚ ਬੈਠੇ ਸਿੱਖ ਲੀਡਰਾਂ ਨੂੰ ਕਤਲ ਕਰਕੇ ਘੋੜੇ ਭਜਾ ਲੈ ਜਾਣ। ਅਸੀਂ ਵੀ ਹਾਲ ਦੁਹਾਈ ਪਾ ਦਿਆਂਗੇ ਕਿ ਮਾਰ ਗਏ, ਮਾਰ ਗਏ। ਤੁਹਾਡੀ ਸੁਲ੍ਹਾ ਦੀ ਕੋਈ ਗੱਲਬਾਤ ਨਹੀਂ, ਤੁਸੀਂ ਆਪਣੇ ਬਚਾਓ ਦਾ ਉਪਾਅ ਕਰੋ ਤੇ ਝੱਬਰ ਜੀ ਤੁਸਾਂ ਨੂੰ ਵੀ ਪਹਿਲਾਂ ਹੀ ਮਾਰ ਦੇਣ ਦੀ ਤਜਵੀਜ਼ ਹੈ। ਆਪਣਾ ਫਿਕਰ ਰੱਖਿਆ ਕਰੋ ਤੇ ਨਾਲ ਦੋ ਸਿੰਘ ਵੀ ਜ਼ਰੂਰ ਰੱਖਿਆ ਕਰੋ।" ਇਹ ਗੱਲ ਦੱਸ ਕੇ ਅਵਤਾਰ ਸਿੰਘ ਫਿਰ ਵਾਪਸ ਚਲਿਆ ਗਿਆ।

ਇਸ ਖਤਰਨਾਕ ਸਾਜਿਸ਼ ਦਾ ਪਤਾ ਲੱਗਣ 'ਤੇ ਵੀ ਝੱਬਰ ਨੇ ਆਪਣਾ ਸੰਜਮ ਕਾਇਮ ਰੱਖਦਿਆਂ ਦੋ ਘੰਟੇ ਉਡੀਕਣ ਤੋਂ ਬਾਅਦ ਇੱਕ ਹੋਰ ਬੰਦਾ ਮਹੰਤ ਨੂੰ ਸੱਦਣ ਘੱਲਿਆ। ਉਸ ਆਦਮੀ ਨੇ ਵਾਪਸ ਆ ਕੇ ਦੱਸਿਆ ਕਿ ਮੇਰੇ ਗਿਆਂ ਮਹੰਤ ਟਾਂਗੇ 'ਤੇ ਚੜ੍ਹਿਆ ਸੀ ਤੇ ਜਦ ਮੈਂ ਕਿਹਾ ਕਿ ਮਹੰਤ ਜੀ ਤੁਹਾਨੂੰ ਝੱਬਰ ਜੀ ਤੇ ਸ. ਬੂਟਾ ਸਿੰਘ ਜੀ ਬੁਲਾਉਂਦੇ ਹਨ, ਤਾਂ ਮਹੰਤ ਨੇ ਉਤਰ ਦਿੱਤਾ ਕਿ ਮੈਂ ਬਾਵਾ ਕਰਤਾਰ ਸਿੰਘ ਬੇਦੀ ਦੀ ਕੋਠੀ ਜਾ ਰਿਹਾ ਹਾਂ, ਮੇਰਾ ਐਸ ਵੇਲੇ ਜਾਣ ਨਹੀਂ ਹੁੰਦਾ। ਇਹ ਬਾਵਾ ਕਰਤਾਰ ਸਿੰਘ ਬੇਦੀ ਗਵਰਨਰ ਕੌਂਸਲ ਦਾ ਮੈਂਬਰ ਸੀ ਤੇ ਨਰੈਣ ਦਾਸ ਦਾ ਖਾਸ ਯਾਰ ਸੀ। ਨਰੈਣ ਦਾਸ ਨੇ ਉਦਾਸੀ ਮਹਾਂ ਮੰਡਲ ਵੱਲੋਂ ਮਹੰਤਾਂ ਦੀ ਕਾਨਫਰੰਸ ਲਾਹੌਰ ਵਿਖੇ 19 ਤੇ 20 ਫਰਵਰੀ ਨੂੰ ਇਸੇ ਬੇਦੀ ਦੀ ਕੋਠੀ 'ਤੇ ਰੱਖੀ ਹੋਈ ਸੀ।

ਮਹੰਤ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰਨਾ ਸੁਣ ਕੇ ਉਸਨੂੰ ਸੂਹੀਏ ਅਵਤਾਰ ਸਿੰਘ ਦੀ ਖਬਰ ਸੱਚੀ ਹੋ ਜਾਣ ਦਾ ਭਰੋਸਾ ਹੋ ਗਿਆ। ਝੱਬਰ ਨੇ ਆਖਿਆ, "ਚੰਗਾ ਚਬਲ ਸਾਧ ਸਾਡੇ ਨਾਲ ਗੱਲ ਕਰਕੇ ਫਿਰ ਗਿਆ ਹੈ। ਅਸੀਂ ਵੀ ਇਸ ਸਾਜਿਸ਼ ਦਾ ਬੰਦੋਬਸਤ ਕਰਾਂਗੇ।" ਉਥੇ ਹਾਜ਼ਰ ਸਿੰਘਾਂ ਨੇ ਫਿਕਰਮੰਦੀ ਜ਼ਾਹਰ ਕਰਦਿਆਂ ਝੱਬਰ ਤੋਂ ਪੁੱਛਿਆ ਕਿ ਹੁਣ ਤੁਸੀਂ ਕੀ ਕਰੋਂਗੇ। ਝੱਬਰ ਨੇ ਜੁਆਬ ਦਿੱਤਾ ਕਿ ਜਿਹੜੇ ਸਾਡੇ ਨਾਲ ਟੁਰਨਗੇ, ਉਨ੍ਹਾਂ ਨੂੰ ਹੀ ਦੱਸਾਂਗੇ।

## ਫੈਸਲੇ ਦੀ ਘੜੀ ਆਣ ਪੁੱਜੀ

ਗੁਰਦੁਆਰਾ ਨਨਕਾਣਾ ਸਾਹਿਬ 'ਤੇ ਕਬਜ਼ੇ ਵਾਲੇ ਅਪ੍ਰੇਸ਼ਨ ਲਈ, ਗੁਰਦੁਆਰਾ ਸੱਚਾ ਸੌਦਾ ਨੂੰ ਸ. ਝੱਬਰ ਨੇ ਪਹਿਲਾਂ ਤੋਂ ਹੀ ਇੱਕ ਬੇਸ ਕੈਂਪ ਵਾਂਗੂੰ ਐਨ ਫੌਜੀ ਤਰਕੀਬ ਮੁਤਾਬਕ ਚੁਣਿਆ ਹੋਇਆ ਸੀ, ਜਿੱਥੇ ਝੱਬਰ ਦੇ ਖਾਸ ਬੰਦੇ ਹਰ ਮੌਕੇ ਮੌਜੂਦ ਰਹਿੰਦੇ ਸਨ। ਮਹੰਤ ਦੀ ਮਾਰੂ ਸਾਜਿਸ਼ ਦਾ ਪਤਾ ਲੱਗਣ ਤੋਂ ਬਾਅਦ ਸ. ਝੱਬਰ ਰੇਲ ਚੜ੍ਹ ਕੇ 15 ਫਰਵਰੀ ਦੀ ਰਾਤ ਨੂੰ ਹੀ 12 ਵਜੇ ਸੱਚੇ ਸੌਦੇ ਪਹੁੰਚ ਗਿਆ। ਉਸੇ ਵਕਤ ਉਹਨੇ ਸੁੱਤੇ ਪਏ ਸਿੰਘ ਜਗਾਏ।

ਉਨ੍ਹਾਂ ਨੂੰ ਮਹੰਤ ਦੀ ਸਾਜਿਸ਼ ਵਾਲੀ ਸਾਰੀ ਗੱਲਬਾਤ ਸੁਣਾਈ ਤੇ ਕਿਹਾ ਕਿ ਮਹੰਤ ਨੇ 19, 20 ਫਰਵਰੀ ਨੂੰ ਸਨਾਤਨ ਸਿੱਖ ਕਾਨਫਰੰਸ ਕਰਨੀ ਹੈ। ਸਾਰੇ ਮਹੰਤ ਓਸ ਦਿਨ ਉਥੇ ਹਾਜ਼ਰ ਹੋਣਗੇ। ਸੋ ਨਰੈਣ ਦਾਸ ਦੀ ਨਨਕਾਣਾ ਸਾਹਿਬ ਵਿੱਚ ਗੈਰ-ਹਾਜ਼ਰੀ ਦਾ ਲਾਭ ਉਠਾਉਣ ਲਈ 20 ਫਰਵਰੀ ਸਵੇਰ ਦਾ ਦਿਨ ਬਹੁਤ ਢੁਕਵਾਂ ਹੈ। ਨਾਲੇ ਜੇ ਮਹੰਤਾਂ ਦੀ ਕਾਨਫਰੰਸ ਚੁੱਪ-ਚਾਪ ਹੋ ਗਈ ਤਾਂ ਉਹਦੀ ਜਥੇਬੰਦੀ ਸਾਡੇ ਮੁਕਾਬਲੇ 'ਤੇ ਹੋ ਜਾਵੇਗੀ, ਜਿਸ ਦਾ ਅਸਰ ਲੋਕਾਂ ਅਤੇ ਗੌਰਮਿੰਟ ਉਤੇ ਸਾਡੇ ਖ਼ਿਲਾਫ਼ ਪਵੇਗਾ। ਜਿਵੇਂ ਮਹੰਤ ਦੀ ਤਿਆਰੀ ਹੈ, ਉਸ ਹਿਸਾਬ ਨਾਲ ਅੱਬਲ ਤਾਂ ਉਹਨੇ 4-5-6 ਮਾਰਚ ਵਾਲੀ ਨਨਕਾਣੇ ਪੰਥਕ ਕਾਨਫਰੰਸ ਹੋਣ ਹੀ ਨਹੀਂ ਦੇਣੀ। ਜੇ ਹੋ ਵੀ ਗਈ, ਤਾਂ ਵੀ ਉਹ ਸਾਡਾ ਨੁਕਸਾਨ ਕਰੇਗੀ; ਜਿਸ ਨਾਲ ਪੰਥ ਦੀ ਹਾਨੀ ਹੋਵੇਗੀ।

ਸਿੰਘਾਂ ਨੇ ਇਸ ਤਜਵੀਜ਼ ਨੂੰ ਸਹਿਮਤੀ ਦੇ ਦਿੱਤੀ। ਇਹ ਵੀ ਕਿਹਾ ਗਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦਾ ਬਿਲਕੁਲ ਪਤਾ ਨਾ ਲੱਗੇ। ਜੇ ਪਤਾ ਲੱਗ ਗਿਆ ਤਾਂ ਉਨ੍ਹਾਂ ਨੇ ਇਸ ਕੰਮ ਲਈ ਇਜਾਜ਼ਤ ਨਹੀਂ ਦੇਣੀ। ਇੱਥੋਂ ਤਕ ਕਿ ਰਾਵੀ ਦਰਿਆ ਤੋਂ ਚੜ੍ਹਦੇ ਵਾਲੇ ਪਾਸੇ ਕਿਸੇ ਨੂੰ ਕਬਜ਼ੇ ਲਈ ਆਉਣ ਖਾਤਰ ਨਾ ਕਿਹਾ ਜਾਵੇ। ਇਸ ਦਿਨ ਤਾਰੀਕ 16 ਫਰਵਰੀ ਹੋ ਗਈ ਸੀ। 20 ਫਰਵਰੀ ਸਵੇਰੇ ਤੜਕੇ ਕਬਜ਼ੇ ਲਈ ਧਾਵਾ ਬੋਲਿਆ ਜਾਣਾ ਸੀ। ਉਪਰ ਦੱਸੀਆਂ ਹਾਲਤਾਂ ਦੇ ਮੱਦੇਨਜ਼ਰ ਧਾਵੇ ਦੀ ਤਰੀਕ 20 ਫਰਵਰੀ ਤੋਂ ਅਗਾਂਹ ਨਹੀਂ ਸੀ ਵਧਾਈ ਜਾ ਸਕਦੀ। ਹਜ਼ਾਰਾਂ ਬੰਦੇ ਚੁੱਪ-ਚਾਪ ਇਕੱਠੇ ਕਰਨੇ ਇੱਕ ਵੱਡਾ ਕਾਰਜ ਸੀ, ਜਿਸ ਦੇ ਲਈ ਸਿਰਫ ਦੋ ਤਿੰਨ ਦਿਨ ਦਾ ਸਮਾਂ ਸੀ, ਪਰ ਝੱਬਰ ਵੱਲੋਂ ਸਿੰਘਾਂ ਨੂੰ ਕਬਜ਼ੇ ਲਈ ਪਹਿਲਾਂ ਤੋਂ ਹੀ ਤਿਆਰ ਕਰਨ ਲਈ ਕੀਤਾ ਕਾਰਜ ਕੰਮ ਆਇਆ, ਜਿਸ ਕਰਕੇ ਉਨ੍ਹਾਂ ਨੇ 20 ਫਰਵਰੀ 1921 ਤੜਕੇ ਦਾ ਦਿਨ ਪੱਕਾ ਕਰ ਦਿੱਤਾ।

⇒ ਬਾਕੀ ਅਗਲੇ ਅੰਕ ਵਿੱਚ

# ਗੁਰਮੁਖੀ ਲਿਪੀ ਦੇ ਖਾਤਮੇ ਦੀ ਭਾਰਤੀ ਨੀਤੀ

ਧਰਮ ਵਿੱਚੋਂ ਜਜ਼ਬ ਕਰਨ ਦੀ ਨੀਤੀ ਦੇ ਕਾਰਨ ਸਫ਼ਲ ਨਾ ਹੋ ਸਕੀ। ਭਾਰਤੀ ਰਾਜ ਅਤੇ ਹਿੰਦੂ ਸੰਗਠਨਾਂ ਦੀਆਂ ਸਿੱਖ ਵਿਰੋਧੀ ਨੀਤੀਆਂ ਨੇ ਸਿੱਖਾਂ ਦਾ ਗੁਰਮੁਖੀ ਲਿਪੀ ਨਾਲ ਲਗਾਅ ਹੋਰ ਵਧਾ ਦਿੱਤਾ। ਇਸ ਸੰਦਰਭ ਵਿੱਚ ਇਹ ਤੱਥ ਮਹੱਤਵਪੂਰਨ ਹੈ ਕਿ ਸਰਕਾਰੀ ਨੀਤੀਆਂ ਅਤੇ ਤਾਕਤਵਰ ਸਮੂਹ ਦੀ ਅਧੀਨ ਸਮੂਹ ਪ੍ਰਤੀ ਨੀਤੀ ਇਸ (ਅਧੀਨ ਸਮੂਹ) ਦੀ ਕੌਮੀ ਚੇਤਨਾ ਅਤੇ ਕੌਮੀ ਮੰਗਾਂ ਨੂੰ ਨਿਰਧਾਰਿਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ। ਕਿਸੇ ਅਧੀਨ ਸਮੂਹ ਨੂੰ ਤਾਕਤਵਰ ਸਮੂਹ ਵਿੱਚ ਜਜ਼ਬ ਕਰਨ ਦੀਆਂ ਨੀਤੀਆਂ ਉਸ ਸਮੇਂ ਸਫ਼ਲ ਹੁੰਦੀਆਂ ਹਨ, ਜਦੋਂ ਤਾਕਤਵਰ ਸਮੂਹ ਦੇ ਅਧੀਨ ਸਮੂਹ ਦੇ ਭਾਸ਼ਾਈ ਵਿਕਾਸ ਤੇ ਸਮਾਜਿਕ ਗਤੀਸ਼ੀਲਤਾ ਵਰਗੇ ਅਮਲਾਂ ਵਿਚਕਾਰ ਵੱਡਾ ਪਾੜਾ ਹੋਵੇ। ਤਾਕਤਵਰ ਸਮੂਹ ਉਸ ਸਮੇਂ ਅਸਫ਼ਲ ਹੋ ਜਾਂਦਾ ਹੈ ਅਤੇ ਸਮੂਹਾਂ ਵਿਚਕਾਰ ਸੰਘਰਸ਼ ਉਸ ਸਮੇਂ ਹੋਰ ਤਿੱਖਾ ਹੋ ਜਾਂਦਾ ਹੈ, ਜਦੋਂ ਅਧੀਨ ਸਮੂਹ ਕੌਮੀ ਚੇਤਨਾ ਦੇ ਤਿੱਖੇ ਅਹਿਸਾਸ ਹੇਠ ਤੇਜ਼ੀ ਨਾਲ ਗਤੀਸ਼ੀਲ ਹੋ ਜਾਂਦੇ ਹਨ। (9)

ਪੰਜਾਬ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਆਰੀਆ ਸਮਾਜੀ ਆਗੂਆਂ ਵੱਲੋਂ ਬਣਾਈ ਗਈ ਜਨ ਸੰਘ ਪਾਰਟੀ ਦੀਆਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਰੋਧੀ ਨੀਤੀਆਂ ਨੇ ਸਿੱਖ ਭਾਸ਼ਾਈ ਚੇਤਨਾ ਨੂੰ ਤਿੱਖੀ ਰਾਜਨੀਤਿਕ ਗਤੀਸ਼ੀਲਤਾ ਪ੍ਰਦਾਨ ਕੀਤੀ, ਜਿਸ ਦੇ ਸਿੱਟੇ ਵਜੋਂ ਭਾਰਤੀ ਰਾਜ ਨੂੰ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਣਾ ਪਿਆ। 1952 ਈ. ਵਿੱਚ ਹੋਂਦ ਵਿੱਚ ਆਈ ਜਨ ਸੰਘ ਪਾਰਟੀ ਭਾਰਤ ਪੱਧਰ ਉਤੇ ਕੌਮੀ ਵਖਰੇਵਿਆਂ ਨੂੰ ਹਿੰਦੂ ਰਾਸ਼ਟਰਵਾਦ ਦੀ ਭਾਵਨਾ ਰਾਹੀਂ ਖਤਮ ਕਰਨ ਦੀ ਨੀਤੀ ਅਪਣਾ ਰਹੀ ਸੀ। ਇਸੇ ਨੀਤੀ ਤਹਿਤ ਜਨ ਸੰਘ ਨੇ ਸਿੱਖ ਕੌਮ ਦੀ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਆਧਾਰਿਤ ਕੌਮੀ ਚੇਤਨਾ ਨੂੰ ਖਤਮ ਕਰਨ ਲਈ ਅਤੇ ਸਿੱਖਾਂ ਨੂੰ ਪੰਜਾਬ ਅੰਦਰ ਛੋਟੀ ਘੱਟ ਗਿਣਤੀ ਬਣਾ ਦੇਣ ਦੀ ਨੀਤੀ ਤਹਿਤ 'ਸੱਚਰ ਫਾਰਮੂਲੇ' ਦਾ ਵਿਰੋਧ ਕੀਤਾ ਅਤੇ ਪੂਰਬੀ ਪੰਜਾਬ, ਪੈਪਸੂ ਅਤੇ ਹਿਮਾਚਲ ਪ੍ਰਦੇਸ਼ ਨੂੰ ਮਿਲਾ ਕੇ 'ਮਹਾਂ ਪੰਜਾਬ' ਬਣਾਉਣ ਦੀ ਮੰਗ ਕੀਤੀ। 1958 ਵਿੱਚ ਜਵਾਹਰ ਨਾਲ ਨਹਿਰੂ ਦੀ ਗੁਰਮੁਖੀ ਲਿਪੀ ਨੂੰ ਸਹਿਜ ਨਾਲ ਖਤਮ ਕਰਨ ਦੀ ਨੀਤੀ ਤਹਿਤ ਜਨ ਸੰਘ ਨੇ ਮਹਾਂ ਪੰਜਾਬ ਦੀ ਮੰਗ ਛੱਡ ਦਿੱਤੀ ਅਤੇ ਹਿੰਦੀ ਬਚਾਉ ਅੰਦੋਲਨ ਖਤਮ ਕਰ ਦਿੱਤਾ। ਅਕਤੂਬਰ 1958 ਵਿੱਚ ਸੰਘ ਮੁਖੀ ਐਮ.ਐਸ. ਗੋਲਵਲਕਰ ਨੇ ਸੰਘ ਦੇ ਸੇਵਕਾਂ ਨੂੰ ਪੰਜਾਬ ਵਿੱਚ ਭਾਸ਼ਾਈ ਮਸਲੇ ਵਿੱਚ ਹਿੱਸਾ ਨਾ ਲੈਣ ਦੀ ਸਲਾਹ ਦਿੱਤੀ। ਗੋਲਵਲਕਰ ਨੇ ਭਾਸ਼ਾਈ ਮਸਲਿਆਂ ਨੂੰ ਖਤਰਨਾਕ, ਫੁੱਟਪਾਉ ਅਤੇ 'ਤੰਗਦਿਲੀ' ਵਾਲੇ ਵਰਤਾਰੇ ਦੱਸਿਆ। ਸੰਘ ਦੀ ਹਿੰਦੂ ਰਾਸ਼ਟਰਵਾਦੀ ਨੀਤੀ ਤਹਿਤ 1960 ਵਿੱਚ ਜਨ ਸੰਘ ਦੇ ਜਲੰਧਰ ਵਿੱਚ ਹੋਏ ਇਕੱਠ ਵਿੱਚ ਇਸ ਦੇ ਆਗੂ ਬਲਰਾਜ ਮਧੋਕ ਨੇ ਪੰਜਾਬ ਦੇ ਹਿੰਦੂਆਂ ਨੂੰ ਲਿਪੀ ਅਤੇ ਧਾਰਮਿਕ ਸਮੂਹ ਵਿਚਕਾਰ ਸਬੰਧਾਂ ਨੂੰ ਤੋੜਨ ਕਈ ਗੁਰਮੁਖੀ ਲਿਪੀ ਅਪਣਾਉਣ ਦੀ ਅਪੀਲ ਕੀਤੀ। ਜਨ ਸੰਘ ਅਤੇ ਆਰ.ਐਸ.ਐਸ. ਦੀ ਸਿੱਖਾਂ ਨੂੰ ਹਿੰਦੂ ਧਰਮ ਵਿੱਚ ਜਜ਼ਬ ਕਰਨ ਦੀ ਨੀਤੀ ਉਸ ਸਮੇਂ ਹੋਰ ਸਪੱਸ਼ਟ ਹੋ ਗਈ, ਜਦੋਂ ਅਪਰੈਲ 1960 ਵਿੱਚ ਸੰਘ ਮੁਖੀ ਗੋਲਵਲਕਰ ਨੇ ਆਪਣੀ ਪੰਜਾਬ ਫੇਰੀ ਦੌਰਾਨ ਪੰਜਾਬ ਦੇ ਹਿੰਦੂਆਂ ਨੂੰ ਪੰਜਾਬੀ ਭਾਸ਼ਾ ਸਿੱਖਣ ਅਤੇ ਇਸ ਨੂੰ ਮਾਤ ਭਾਸ਼ਾ ਵਜੋਂ ਅਪਣਾਉਣ ਦੀ ਅਪੀਲ ਕੀਤੀ। ਜਨ ਸੰਘ ਅਤੇ ਸੰਘ ਨੇ ਤੇਜ਼ੀ ਨਾਲ ਇਹ ਵਿਚਾਰ ਉਭਾਰਿਆ ਕਿ ਸਿੱਖ ਅਸਲ ਵਿੱਚ ਹਿੰਦੂ ਹਨ ਅਤੇ ਪੰਜਾਬੀ ਭਾਸ਼ਾ ਦਾ ਮਸਲਾ ਮਸਨੂਈ (Artificial) ਹੈ ਅਤੇ ਗਲਤੀ ਨਾਲ ਇਹ ਧਾਰਮਿਕ ਸਮੂਹ (ਸਿੱਖਾਂ) ਦੇ ਭਾਸ਼ਾ (ਪੰਜਾਬੀ) ਨਾਲ ਸਬੰਧ ਨਾਲ ਜੁੜ ਗਿਆ ਹੈ। (10)

ਇਸੇ ਨੀਤੀ ਤਹਿਤ ਜਨ ਸੰਘ ਨੇ ਪੰਜਾਬੀ ਮਾਤ ਭਾਸ਼ਾ ਕਾਨੂੰਨ ਦਾ ਵਿਰੋਧ ਨਾ ਕੀਤਾ, ਪਰ ਇਸ ਅੰਦਰਲਾ ਪੰਜਾਬੀ ਭਾਸ਼ਾ ਵਿਰੋਧੀ ਆਰੀਆ ਸਮਾਜੀ ਧੜਾ ਪੰਜਾਬ ਵਿੱਚ 'ਹਿੰਦੀ ਭਾਸ਼ਾ' ਦੇ ਹੱਕ ਵਿੱਚ ਕਾਂਗਰਸ ਨਾਲ ਖੜੋ ਗਿਆ। ਇਸ ਰਾਜਨੀਤਿਕ ਅਸਫ਼ਲਤਾ ਦੇ ਬਾਵਜੂਦ ਭਾਰਤੀ ਰਾਜ ਅਤੇ ਹਿੰਦੂ ਸੰਗਠਨਾਂ ਦੀ ਗੁਰਮੁਖੀ ਲਿਪੀ ਨੂੰ ਦੇਵਨਾਗਰੀ ਲਿਪੀ ਵਿੱਚ ਬਦਲਣ ਦੀ ਨੀਤੀ ਲਗਾਤਾਰ ਜਾਰੀ ਰਹੀ।

---

**ਸਾਰ:** ਗੁਰੂ ਅੰਗਦ ਸਾਹਿਬ ਵੱਲੋਂ ਸਿਰਜੀ ਗੁਰਮੁਖੀ ਲਿਪੀ ਸਿੱਖ ਭਾਈਚਾਰੇ ਦੇ ਸਮਾਜਿਕ ਏਕੇ ਅਤੇ ਰਾਜਨੀਤਿਕ ਤੇ ਧਾਰਮਿਕ ਪਛਾਣ ਦਾ ਅਟੁੱਟ ਸਰੋਤ ਹੈ। ਹਿੰਦੂ ਭਾਰਤੀ ਰਾਸ਼ਟਰਵਾਦੀਆਂ ਨੇ 'ਧਰਮ, ਲਿਪੀ ਅਤੇ ਗ੍ਰੰਥ' ਦੇ ਸੁਮੇਲ ਤੋਂ ਪੈਦਾ ਹੋਣ ਵਾਲੀ ਸਿੱਖ ਕੌਮਵਾਦੀ ਚੇਤਨਾ ਨੂੰ ਖਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ। ਭਾਰਤੀ ਰਾਸ਼ਟਰਵਾਦੀਆਂ ਦੇ 'ਗੁਰਮੁਖੀ ਲਿਪੀ ਆਧਾਰਿਤ ਚੇਤਨਾ' ਨੂੰ ਖਤਮ ਕਰਨ ਦੀ ਨੀਤੀ 1882 ਈ. ਵਿੱਚ ਪੂਰੀ ਤਰ੍ਹਾਂ ਸਪੱਸ਼ਟ ਹੋ ਗਈ ਸੀ, ਜਦੋਂ ਪੰਜਾਬ ਦੇ ਹਜ਼ਾਰਾਂ ਹਿੰਦੂਆਂ ਨੇ ਹੰਟਰ 'ਐਜੂਕੇਸ਼ਨ ਕਮਿਸ਼ਨ' ਨੂੰ ਪੰਜਾਬੀ ਭਾਸ਼ਾ ਦੇ ਹਿੰਦੀ ਭਾਸ਼ਾ ਦੀ ਉੱਪ-ਬੋਲੀ ਹੋਣ ਬਾਰੇ ਵਿਚਾਰ ਦਿੱਤੇ ਸਨ। ਭਾਰਤੀ ਰਾਸ਼ਟਰਵਾਦੀਆਂ ਨੇ 1928-29 ਈ. ਵਿੱਚ ਅਪਣਾਏ 'ਨਹਿਰੂ ਸੰਵਿਧਾਨ' ਵਿੱਚ ਵੀ ਅਤਿ-ਕੇਂਦਰੀਕ੍ਰਿਤ ਨੇਸ਼ਨ ਸਟੇਟ ਸਿਰਜਣ ਦੇ ਸੰਕੇਤ ਦੇ ਦਿੱਤੇ ਸਨ, ਪਰ ਸਿੱਖ ਵਿਦਵਾਨਾਂ ਅਤੇ ਰਾਜਨੀਤੀਵਾਨਾਂ ਨੇ 'ਨੇਸ਼ਨ ਸਟੇਟ ਦੇ ਬਹੁਗਿਣਤੀ ਦਾਬੇ ਵਾਲੇ ਰੂਪ ਵਿੱਚ ਘੱਟਗਿਣਤੀ ਕੌਮਾਂ ਦੇ ਲੋਕਾਂ ਦੀ ਜ਼ਿੰਦਗੀ, ਰਾਜਨੀਤਿਕ ਹੋਣੀ ਅਤੇ ਭਾਸ਼ਾ ਦੀ ਹੋਂਦ ਬਾਰੇ ਕਦੇ ਵੀ ਵਿਚਾਰ ਨਾ ਕੀਤਾ। ਭਾਰਤੀ ਨੇਸ਼ਨ ਸਟੇਟ ਦੀ ਅੰਨੀ ਦੇਸ਼ਭਗਤੀ ਵਿੱਚ ਗ੍ਰਸਤ ਅਕਾਲੀ ਆਗੂਆਂ ਨੇ ਬਿਨਾ ਕਿਸੇ ਰਾਜਨੀਤਿਕ ਸਮਝੌਤੇ ਦੇ ਭਾਰਤੀ ਰਾਜ ਦਾ ਹਿੱਸਾ ਬਣਨਾ ਮੰਨ ਲਿਆ। ਭਾਰਤੀ ਰਾਸ਼ਟਰਵਾਦੀ ਆਗੂਆਂ ਨੇ ਭਾਰਤੀ ਸੰਵਿਧਾਨ ਘਾੜਨੀ ਸਭਾ ਵਿੱਚ ਸਿੱਖਾਂ ਦੀ ਰਾਜਨੀਤਿਕ ਜ਼ਿੰਦਗੀ ਅਤੇ ਭਾਸ਼ਾ ਬਾਰੇ ਕਿਸੇ ਵੀ ਤਰ੍ਹਾਂ ਦੀਆਂ ਕਾਨੂੰਨੀ ਸੁਰੱਖਿਆਵਾਂ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਅਕਾਲੀ ਦਲ ਨੂੰ ਭਾਸ਼ਾ ਆਧਾਰਿਤ ਪੰਜਾਬੀ ਸੂਬੇ ਦੀ ਮੰਗ ਕਰਨੀ ਪਈ। ਭਾਰਤੀ ਰਾਜ ਅਤੇ ਹਿੰਦੂ ਸੰਗਠਨਾਂ ਨੇ ਪੰਜਾਬੀ ਭਾਸ਼ਾ ਉੱਤੇ ਆਧਾਰਿਤ ਸੂਬੇ ਦਾ ਤਿੱਖਾ ਵਿਰੋਧ ਕਰਦਿਆਂ ਪੰਜਾਬੀ ਲਿਖਣ ਲਈ 'ਗੁਰਮੁਖੀ ਲਿਪੀ' ਨੂੰ ਦੇਵਨਾਗਰੀ ਲਿਪੀ ਵਿੱਚ ਬਦਲਣ ਲਈ ਜ਼ੋਰਦਾਰ ਯਤਨ ਕੀਤੇ। ਜਵਾਹਰ ਲਾਲ ਨਹਿਰੂ ਨੇ ਗੁਰਮੁਖੀ ਲਿਪੀ ਦੇ ਖਾਤਮੇ ਲਈ ਸਹਿਜਤਾ ਵਾਲੀ ਨੀਤੀ ਦੀ ਹਮਾਇਤ ਕੀਤੀ ਅਤੇ ਹਿੰਦੂ ਸੰਗਠਨਾਂ ਨੂੰ ਗੁਰਮੁਖੀ ਲਿਪੀ ਦਾ ਦਿਸਦਾ ਵਿਰੋਧ ਕਰਨ ਤੋਂ ਰੋਕ ਲਿਆ ਗਿਆ।

ਭਾਰਤੀ ਰਾਜ ਅਤੇ ਹਿੰਦੂ ਸੰਗਠਨ ਮੌਜੂਦਾ ਸਮੇਂ ਵਿੱਚ ਵੀ ਗੁਰਮੁਖੀ ਲਿਪੀ ਨੂੰ ਖਤਮ ਕਰਨ ਦੀ ਅਣਦਿਸਦੀ ਨੀਤੀ ਉੱਤੇ ਚੱਲ ਰਹੇ ਹਨ। ਇਸੇ ਕਰਕੇ ਭਾਸ਼ਾਈ ਰਾਜਨੀਤੀ ਦੇ ਮਾਹਿਰ ਵਿਦਵਾਨਾਂ ਦਾ ਮੱਤ ਹੈ ਕਿ 'ਬਹੁਗਿਣਤੀ ਦੇ ਦਾਬੇ ਵਾਲੀਆਂ ਨੇਸ਼ਨ ਸਟੇਟਾਂ ਵਿੱਚ ਘੱਟਗਿਣਤੀ ਭਾਈਚਾਰਿਆਂ ਦੀਆਂ ਭਾਸ਼ਾਵਾਂ ਦੀ ਰਾਖੀ ਲਈ ਬਣਾਏ ਗਏ ਭਾਸ਼ਾਈ ਕਾਨੂੰਨ ਕਦੇ ਵੀ ਇਨ੍ਹਾਂ ਭਾਸ਼ਾਵਾਂ ਦੇ ਪਤਨ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਰਹੇ!'

ਅਜਿਹੇ ਹਾਲਾਤਾਂ ਵਿੱਚ ਆਪਣੀ ਭਾਸ਼ਾ ਨੂੰ ਛੱਡ ਦੇਣ ਵਾਲੇ ਭਾਈਚਾਰੇ, ਬਹੁਗਿਣਤੀ ਵਿੱਚ ਜਜ਼ਬ ਹੋ ਕੇ ਆਪਣੀ ਹੋਂਦ ਗੁਆ ਦਿੰਦੇ ਹਨ। ਇਸ ਲਈ ਸਿੱਖਾਂ ਨੂੰ ਗੁਰਮੁਖੀ ਲਿਪੀ ਦੀ ਰਾਖੀ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।

---

**References:**


1. Constituent Assembly Debates Book 1, Pp, 105-106.

2. Constituent Assembly Debates, Book 1, pp, 270, 72, 73.

3. Constituent Assembly Debates, Book iv, page 1441.

4. Andrea Graziosi, India and the Soviet Union: The Linguistic State Organisation and the problem of Hindi, Harvard Ukranian Studies, Vol 35, No ¼ p, 451.

5. Grewal, No 10, pp 456-462.

6. Ibid, p, 401.

7. Selected Works of Jawahar Lal Nehru, Vol xlv, pp, 353-54.

8. Selected Works of Jawahar Lal Nehru, Vol lxi, pp 414-15.

9. Paul R Brass, Language Religion and Politics in North India (Cambridge University Press: London, 2005) pp, 43.

10. Gerald A Heeger, Discipline Versus Moblization: Party Building and the Punjab Jan Sangh, Asian Survey, Vol 12, No 10, October 1972 pp 871-72.


# ਸੋਜ (Inflammation) ਬਾਰੇ ਕੁਝ ਵਿਚਾਰ

-ਛੋਟੇ ਬਰਤਨ ਵਿੱਚ ਦੁੱਧ ਨੂੰ ਗਰਮ ਕਰੋ, ਉਬਾਲਣਾ ਨਹੀਂ (medium heat 'ਤੇ)

-ਜਦੋਂ ਗਰਮ ਹੋ ਜਾਵੇ, ਬਾਕੀ ਦੀਆਂ ਚੀਜ਼ਾਂ ਪਾ ਦੇਵੋ

ਜੇ ਚਾਹੋ ਤਾਂ ਥੋੜ੍ਹਾ ਜਿਹਾ ਵਨੇਲਾ ਐਕਸਟਰੈਕਟ (vanilla extract) ਵੀ ਪਾ ਸਕਦੇ ਹੋ।

-ਹੌਲੀ ਹੌਲੀ ਦੁੱਧ ਨੂੰ 10 ਮਿੰਟ ਲਈ ਧੀਮੀ ਅੱਗ 'ਤੇ simmer ਕਰਨੈ ਯਾਨੀ ਰੇੜ੍ਹਾ ਦਿਵਾਉਣਾ, ਉਬਾਲਣਾ ਨਹੀਂ।

-ਅੱਗ ਤੋਂ ਲਾਹ ਲਵੋ, ਜੇ ਚਾਹੋ ਤਾਂ ਮਿੱਠਾ ਕਰਨ ਲਈ ਮੇਪਲ ਸਿਰਪ ਜਾਂ ਮੌਂਕ ਫਰੂਟ ਵਿਧ ਐਲੂਲੋਜ ਇਸਤੇਮਾਲ ਕਰ ਸਕਦੇ ਹੋ।"

"ਦੀਦੀ, ਇਹ ਦਿਲਚਸਪ ਹੈ।"

"ਅਦਰਕ, ਆਪਾਂ ਖਾਣਾ ਬਣਾਉਣ ਵੇਲੇ ਤਾਂ ਇਸਤੇਮਾਲ ਕਰਦੇ ਹੀ ਹਾਂ, ਪਰ ਤੁਸੀਂ ਚਾਹ ਵੀ ਬਣਾ ਕੇ ਪੀ ਸਕਦੇ ਹੋ।"

"ਦੀਦੀ, ਜਿਹੜੀ ਦੁਕਾਨ ਤੋਂ ਅਦਰਕ ਬੈਗ ਵਾਲੀ ਚਾਹ ਬਣਾਈ ਦੀ ਐ, ਉਹ ਤਾਂ ਜ਼ਿਆਦਾ ਸੁਆਦ ਨਹੀਂ ਹੁੰਦੀ।"

"ਪ੍ਰੀਤ, ਮੈਂ ਤੈਨੂੰ ਤਾਜ਼ਾ ਅਦਰਕ ਤੋਂ ਬਣਾਉਣ ਦੀ ਵਿਧੀ ਦਿੰਨੀ ਆਂ:

ਇੱਕ ਕੱਪ ਪਾਣੀ ਜਾਂ (non dairy milk) ਉਬਾਲ ਲਵੋ, ਉਸ ਵਿੱਚ ½" ਪਤਲਾ ਪਤਲਾ, ਛੋਟੇ ਟੁਕੜੇ ਕਰ ਕੇ ਅਦਰਕ ਪਾ ਲਵੋ ਅਤੇ 5-6 ਮਿੰਟਾਂ ਲਈ ਉਬਾਲ ਕੇ ਜੇ ਚਾਹੋ ਤਾਂ ਅੱਧ ਚਮਚ ਤਾਜਾ ਨਿੰਬੂ ਦਾ ਰਸ ਅਤੇ ਅੱਧਾ ਚਮਚ ਸ਼ਹਿਦ (row honey) ਪਾ ਕੇ ਅਰਾਮ ਨਾਲ ਬੈਠ ਕੇ ਅਨੰਦ ਮਾਣੋ।

ਪ੍ਰੀਤ, ਇੱਕ ਹੋਰ ਤਰੀਕਾ ਹੈ, ਜਿਸ ਵਿੱਚ ਤੁਸੀਂ ਅਦਰਕ ਦੇ ਨਾਲ ਕੁਝ ਪੁਦੀਨੇ ਦੇ ਪੱਤੇ ਪਾ ਕੇ ਵੀ ਚਾਹ ਬਣਾ ਸਕਦੇ ਹੋ।"

"ਦੀਦੀ, ਲਸਣ ਖਾਣ ਦਾ ਕੋਈ ਖਾਸ ਤਰੀਕਾ, ਤਾਂ ਕਿ ਇਹ ਸਿਹਤ ਲਈ ਜ਼ਿਆਦਾ ਲਾਭਦਾਇਕ ਹੋਵੇ?"

"ਲਸਣ ਨੂੰ ਪਕਾਉਣ ਨਾਲ ਉਸ ਦੇ ਫਾਇਦੇ ਵਾਲੇ ਤੱਤ ਘਟ ਜਾਂਦੇ ਨੇ, ਜੇ ਕੱਚਾ ਖਾਧਾ ਜਾਵੇ ਤਾਂ ਬਹੁਤ ਚੰਗਾ ਹੈ, ਨਹੀਂ ਤਾਂ ਖਾਣਾ ਪਕਾਉਣ ਵੇਲੇ ਇਸ ਨੂੰ ਸ਼ੁਰੂ ਵਿੱਚ ਪਾਉਣ ਦੀ ਥਾਂ ਵਿਚਾਲੇ ਜਹੇ ਜਾਂ ਅਖੀਰ ਵਿੱਚ ਪਾ ਲਵੋ।

ਇਸ ਨੂੰ ਪੀਸ ਕੇ ਜਾਂ ਕੱਟ ਕੇ ਥੋੜ੍ਹੀ ਦੇਰ 4-5 ਮਿੰਟ ਲਾਵੋ, ਇਸ ਨਾਲ ਇਸ ਦਾ ਲਾਭਦਾਇਕ ਤੱਤ ਐਲੀਸਿਨ ਐਕਟਿਵ ਹੋ ਜਾਂਦੈ, ਆਪਣੇ ਸਰੀਰ ਨੂੰ ਲਾਭ ਪਹੁੰਚਾਉਣ ਲਈ।

ਲਸਣ ਕੱਚਾ ਖਾਣ ਨਾਲ ਮੂੰਹ ਵਿੱਚ ਜਲਣ ਜਹੀ ਹੁੰਦੀ ਹੈ। ਤੁਸੀਂ ਇਸ ਨੂੰ ਕੱਟ ਕੇ ਬਰੈਡ ਦੇ ਟੁਕੜੇ ਵਿੱਚ ਰੱਖ ਕੇ ਖਾ ਸਕਦੇ ਹੋ, ਪਰ ਹੋ ਸਕਦਾ ਕਈ ਲੋਕਾਂ ਨੂੰ ਕੱਚੇ ਲਸਣ ਖਾਣ ਤੋਂ ਬਾਅਦ ਉਸ ਦੀ ਮਹਿਕ ਪਸੰਦ ਨਾ ਆਵੇ।

ਚੱਲ, ਆਪਾਂ ਬਾਕੀ ਗੱਲਾਂ ਅਗਲੀ ਵਾਰ ਕਰਾਂਗੇ।"

"ਅੱਛਾ ਦੀਦੀ!"

"ਚੰਗਾ, ਖੁਸ਼ ਰਹੋ, ਤੰਦਰੁਸਤ ਰਹੋ।"

## ਪਿੰਡ ਵਸਿਆ (24)

**ਵਿਜੈ ਬੰਬੇਲੀ**
**ਫੋਨ: +91-9463439075**



# ਪ੍ਰਾਚੀਨ ਨਗਰ ਹਰਿਆਣਾ

***'ਪਿੰਡ ਵਸਿਆ' ਕਾਲਮ 'ਪੰਜਾਬੀ ਪਰਵਾਜ਼' ਵਿੱਚ ਸਾਲ ਭਰ ਤੋਂ ਛਪ ਰਿਹਾ ਹੈ, ਜਿਸ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਲੇਖਕ ਮੁਤਾਬਿਕ ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ, ਜਿਹੜੀ ਕਈ ਕਾਰਨਾਂ ਕਰਕੇ ਬਹੁਤੇ ਮਾਮਲਿਆਂ 'ਚ ਵਿਅਰਥ ਵੀ ਚਲੇ ਜਾਂਦੀ ਹੈ; ਕਿਉਂਕਿ ਅਕਸਰ ਪਿੰਡਾਂ ਦਾ ਇਤਿਹਾਸ ਲਿਖਤੀ ਨਹੀਂ ਮਿਲਦਾ ਅਤੇ ਦੰਦ ਕਥਾਵਾਂ ਦੱਸਣ ਵਾਲੇ ਬਜ਼ੁਰਗ ਫੌਤ ਹੋ ਚੁੱਕੇ ਹਨ। ਸੋ, ਜੇ ਤਾਂ ਪਾਠਕ ਇਸ ਕਾਲਮ ਨੂੰ ਗੰਭੀਰਤਾ ਨਾਲ ਲੈਂਦੇ ਹਨ, ਤਦ ਹੀ ਘਾਲਣਾ ਸਫਲ ਹੈ। ਮੁੱਕਦੀ ਗੱਲ, ਭਵਿੱਖ ਵਿੱਚ ਇਹ ਕਾਲਮ ਤੁਹਾਡੀ ਦਿਲਚਪਸੀ ਅਤੇ ਮੰਗ 'ਤੇ ਮੁਨੱਸਰ ਰਹੇਗਾ। ਹੁੰਗਾਰੇ ਦੀ ਉਡੀਕ ਵਿੱਚ ਕਿ ਇਹ ਕਾਲਮ ਜਾਰੀ ਰਹੇ ਜਾਂ ਨਾ? ਹਥਲੀ ਲਿਖਤ ਵਿੱਚ ਪ੍ਰਾਚੀਨ ਨਗਰ ਹਰਿਆਣਾ ਦੀ ਗਾਥਾ ਪੇਸ਼ ਹੈ...***

ਵਾਜਬ-ਉਲ-ਅਰਜ਼/ਵਜਾਹ ਤਸਮੀਆਂ ਦੇਹ ਹਜ਼ਾ ਅਨੁਸਾਰ, "ਹੁਸ਼ਿਆਰਪੁਰ-ਦਸੂਆ ਸ਼ਾਹ ਰਾਹ 'ਤੇ ਵਸਿਆ ਪਿੰਡ ਹਰਿਆਣਾ ਹਰੀਆ ਨਾਮੀ ਜੱਟ ਦੇ ਨਾਂਓ ਮੁੜ ਵਸਿਆ, ਜਿਹੜਾ ਆਪਣੇ ਕੁਨਬੇ ਨਾਲ ਸਥਿਤੀਆਂ-ਪ੍ਰਸਥਿਤੀਆਂ ਵੱਸ ਆਪਣੇ ਮਾਲ-ਡੰਗਰ ਨਾਲ ਭ੍ਰਮਣ ਕਰਦਿਆਂ ਇਸ ਸਬਜ਼ ਖਿੱਤੇ ਵਿੱਚ ਇੱਥੇ ਆ ਟਿੱਕਿਆ ਸੀ।" ਇੱਕ ਹੋਰ ਕਨਸੋਅ ਮੁਤਾਬਿਕ "ਰਾਗ ਵਿਦਿਆ ਵਜੋਂ ਉੱਘੇ ਰਹੇ ਇਸ ਖੇੜੇ ਦਾ ਨਾਂ ਸੰਗੀਤਵੇਤਾ ਤਾਨਸੈਨ ਦੇ ਗੁਰੂ ਬੈਜੂਵਾਬਰਾ ਦੇ ਗੁਰੂ ਮਹਾਂ ਗਵੱਈਏ ਹਰੀ ਦਾਸ ਉਰਫ ਹਰੀ ਦੱਤ ਉਰਫ ਹਰੀਆ ਗਵੱਈਆ, ਜਿਹੜਾ ਮੂਲ ਰੂਪ 'ਚ ਇੱਥੋਂ ਦਾ ਹੀ ਸੀ, ਦੇ ਨਾਂ ਚਮਕਿਆਂ-ਦਮਕਿਆ।"

ਤਾਨਸੈਨ ਦੇ ਨਾਨਕੇ ਇੱਥੇ ਸਨ, ਪਰ ਉਸਦਾ ਗੁਰੂ ਬੈਜੂਵਾਬਰਾ 'ਬਜਵਾੜਾ' (ਹੁਸ਼ਿਆਰਪੁਰ) ਦਾ ਸੀ, ਜਿਸਦੇ ਸੰਗੀਤਕ ਜਲੌਅ ਬਦੌਲਤ ਉਸਦੀ ਜੰਮਣ-ਭੌਇੰ ਦਾ ਨਾਂ 'ਬਜਵਾੜਾ' ਪੈ ਗਿਆ। ਇਸ ਨਗਰ ਦਾ ਨਾਂ ਹਰਿਆਣਾ ਸਥਾਪਿਤ ਹੋਣ ਪਿੱਛੇ ਅਸਲ ਗੱਲ ਇਹ ਵੀ ਦੱਸੀ ਜਾਂਦੀ ਹੈ ਕਿ "ਇਹ ਖੇਤਰ ਐਨਾ ਜਲ-ਯੁਕਤ, ਜੰਗਲ ਲਬਰੇਜ਼ ਅਰਥਾਤ ਕੁਦਰਤੀ ਕੰਦ-ਮੂਲਾਂ/ਫਲਾਂ ਵਜੋਂ ਸਰ-ਸਬਜ਼ ਭਾਵ ਹਰਿਆਵਲਾ ਸੀ, ਇਸੇ ਸਿਫ਼ਤ ਤਹਿਤ ਇਹ ਸਮਾਂ-ਦਰ-ਸਮਾਂ ਵਿਗੜਦਾ-ਸੰਵਰਦਾ 'ਹਰਿਆਲੀ' ਤੋਂ 'ਹਰਿਆਣਾ' ਵਜੋਂ ਲੋਕ ਮਨਾਂ 'ਤੇ ਉੱਕਰ ਗਿਆ।"

ਤਾਰੀਖ-ਕਦੀਮ-ਆਰੀਆ ਵ੍ਰਤ ਅਨੁਸਾਰ, "ਹਰਿਆਣਾ ਕਦੇ ਯਾਦੂ ਵੰਸ਼ ਦੀ ਰਿਆਸਤ ਸੀ।" ਤਵਾਰੀਖ ਕਸ਼ਮੀਰ 'ਰਾਜ ਤਰੰਗਨੀ' ਮੁਤਾਬਿਕ, "ਯਾਦੂ ਵੰਸ਼ ਦਾ ਮੂਲ ਕਾਬੁਲ-ਕੰਧਾਰ ਦੀ ਵਾਦੀ ਸੀ।" ਮਗਰੋਂ ਇਹ ਮੁਸਲਿਮ ਨਾਰੂ ਰਾਜਪੂਤਾਂ ਦੇ ਕਬਜ਼ੇ ਵਿਚ ਆ ਗਈ।" ਤਾਰੀਖ-ਏ-ਮੁਬਾਰਕ, ਹੁਸ਼ਿਆਰਪੁਰ ਡਿਸਟ੍ਰਿਕਟ ਗਜ਼ਟੀਅਰ ਅਤੇ ਪੰਜਾਬ ਅੰਡਰ ਦਾ ਗਰੇਟ ਮੁਗਲਜ਼ ਦੀਆਂ ਕਨਸੋਆਂ ਅਨੁਸਾਰ, "ਬਜਵਾੜਾ ਖਿੱਤਾ ਨਾਰੂ ਰਾਜਪੂਤਾਂ ਦੇ ਪੱਕੇ ਪੈਰੀਂ ਹੇਠਾਂ ਆਉਣ ਤੋਂ ਪਹਿਲਾਂ ਪੂਰੀ ਤਰ੍ਹਾਂ ਪਠਾਣਾਂ ਹੇਠ ਸੀ। ਇੱਧਰੋਂ ਲੰਘੇ ਬਾਬਰ ਨੇ ਹਰਿਆਣਾ ਦੇ ਚੜ੍ਹਦੇ, ਜੰਗਲ-ਪਹਾੜ 'ਚ, ਸਥਿਤ 'ਕਿਲਾ ਮਲੌਤ' ਨੂੰ ਲੋਧੀਆਂ ਤੋਂ ਖੋਹਣ ਉਪਰੰਤ, ਮਗਰੋਂ ਬਜਵਾੜੇ ਦੇ ਪਠਾਣ ਭਜਾ ਦਿੱਤੇ। ਸਿੱਟੇ ਵਜੋਂ ਨਾਰੂ ਰਾਜਪੂਤ ਹਰਿਆਣੇ ਪੱਕੇ-ਪੈਰੀਂ ਹੋ ਗਏ। ਇਹ, ਉਹੀ ਨਾਰੂ ਰਾਜਪੂਤ ਤੇ ਹਰਿਆਣਾ ਹੈ, ਜਿਨ੍ਹਾਂ ਕੋਲ ਅਕਬਰ ਵਕਤ ਬੈਰਮ ਖਾ ਨੇ ਪਨਾਹ ਲਈ ਸੀ।"

ਪੁਖਤਾ ਦਸਤਾਵੇਜ਼ੀ ਪੁਸਤਕ 'ਏ ਗਲੋਸਰੀ ਆਫ ਦੀ ਟਰਾਇਬਜ਼ ਐਂਡ ਕਾਸਟ'ਜ਼' ਅਨੁਸਾਰ, "ਨਾਰੂ ਭਾਵੇਂ ਉਚੇਰੇ ਪਹਾੜੀ ਖੇਤਰਾਂ 'ਚ ਫੈਲਿਆ-ਪਸਰਿਆ ਕਬੀਲਾ ਸੀ, ਪਰ ਬਹੁਪਰਤੀ ਕਾਰਨਾਂ ਕਰਕੇ ਇਸਦਾ ਸਦਰ ਮੁਕਾਮ ਹੁਸ਼ਿਆਰਪੁਰ-ਜਲੰਧਰ ਖਿੱਤਾ ਬਣ ਗਿਆ, ਜਿਸ ਵਿੱਚ ਹਰਿਆਣਾ ਬੜਾ ਉੱਘਾ ਹੈ। ਨਾਰੂ ਰਾਜਪੂਤ, ਹਿੰਦੂ ਰਾਜਪੂਤਾਂ ਤੋਂ ਸਥਿਤੀਆਂ-ਪ੍ਰਸਥਿਤੀਆਂ ਵੱਸ ਕਨਵਰਟਡ ਹੋਏ ਮੁਸਲਿਮ ਸਨ, ਪਰ ਇੱਥੋਂ ਦੇ ਨਾਰੂਆਂ ਕਦੇ 'ਹਿੰਦੂ ਆਸਥਾ' ਨਹੀਂ ਛੱਡੀ। ਤੌੜ ਆਜ਼ਾਦੀ ਤੱਕ ਇਨ੍ਹਾਂ ਦੇ ਕੁੱਲ ਪ੍ਰੋਹਿਤ ਸਾਰਸਵੱਤ ਬ੍ਰਾਹਮਣ (ਕੰਚਨ ਕਵਾਲ) ਹੀ ਰਹੇ।" ਇਹ ਬ੍ਰਾਹਮਣ ਸਿਰੇ ਦੇ ਤਾਲੀਮ ਜ਼ਾਫਤਾ ਸਨ, ਜਿਨ੍ਹਾਂ ਦੀ ਲਿਆਕਤ ਅਤੇ ਕਲਮੀ ਕਿਸਬ ਦੀ ਤੂਤੀ ਚੁਫੇਰੇ ਬੋਲਦੀ ਸੀ। ਜੰਗਿ-ਏ-ਆਜ਼ਾਦੀ ਵਿੱਚ ਇਨ੍ਹਾਂ ਦੇ ਇੱਕ ਫਰਜ਼ੰਦ ਪੰਡਿਤ ਜਗਤ ਰਾਮ ਹਰਿਆਣਵੀਂ, ਗ਼ਦਰ ਪਾਰਟੀ ਦਾ ਉੱਘਾ ਰੁਕਨ, ਸਮੇਤ ਹਰਿਆਣਾ ਦੀ ਹਰ ਜਾਤ-ਧਰਮ ਦੇ ਜਾਇਆਂ ਨੇ ਅਣਤੋਲਵਾਂ ਹਿੱਸਾ ਪਾਇਆ ਸੀ।

ਨਾਰੂ ਰਾਜਪੂਤਾਂ ਅਨੁਸਾਰ, "ਉਹ ਸੂਰਜਬੰਸੀ ਰਾਜਪੂਤ ਸਨ। ਰਾਜਾ ਰਾਮਚੰਦਰ ਦੀਆਂ ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਵਿੱਚੋਂ ਇੱਕ ਪੁਰਖਾ ਮੁਸਲਮਾਨ ਹੋ ਗਿਆ, ਜਿਸਨੂੰ ਮਹਿਦੂਦ ਗਜ਼ਨਵੀਂ ਨੇ ਨਾਰੂ ਸ਼ਾਹ ਦਾ ਖਿਤਾਬ ਦਿੱਤਾ। ਇਸਦੇ ਇੱਕ ਪੁੱਤਰ ਨੇ ਮਹੱਤਵਪੂਰਨ ਥਾਵੀਂ, ਚਾਰ ਨਾਰੂ ਪਰਗਨੇ (ਤਾਲੁਕਾ) ਸਥਾਪਿਤ ਕੀਤੇ: ਘੌੜੇਬਾਹਾ, ਸ਼ਾਮਚੌਰਾਸੀ, ਬਜਵਾੜਾ ਅਤੇ ਹਰਿਆਣਾ।" ਜ਼ਾਹਰ ਹੈ, ਉਦੋਂ 'ਹਰਿਆਣਾ' ਬੁਲੰਦ ਵੱਸਦਾ ਹੋਵੇਗਾ। ਬਕੌਲ ਰਾਣਾ ਅਜ਼ਹਰ ਖਾਨ ਵਾਲਦ ਰਾਣਾ ਅਰਸ਼ਦ ਖਾਂ ਹਰਿਆਣਵੀ, ਹਾਲ ਆਬਾਦ ਉਕਾੜਾ (ਪਾਕਿਸਤਾਨ), ਜਿਹੜੇ ਭੂਟੋ ਵੇਲੇ ਪੰਜਾਬ ਅਸੰਬਲੀ 'ਚ ਮੈਂਬਰ ਆਹਲਾ ਵੀ ਰਹੇ, ਅਨੁਸਾਰ, "ਸਾਡੀ ਵੰਸ਼ਾਬਲੀ ਰਾਜਾ ਦਸ਼ਰਥ ਨਾਲ ਮਿਲਦੀ ਹੈ। ਰਾਹੋਂ ਵਾਲੇ ਨਾਨਕਿਆਂ ਦੀ ਮਾਤਾ ਕੌਸ਼ੱਲਿਆ ਨਾਲ। ਅਸੀਂ ਨਾਰੂ ਮੁਸਲਮਾਨ ਹਾਂ, ਹਿੰਦੂ ਰਾਜਪੂਤਾਂ ਤੋਂ ਕਨਵਰਟ ਹੋਏ ਅਤੇ ਨਾਨਕੇ ਹਿੰਦੂ ਘੋੜੇਵਾਹ ਰਾਜਪੂਤਾਂ ਤੋਂ। ਸਾਡੇ ਬਹੁਤੇ ਕੁਨਬੇ ਦਸੂਹਾ ਅਤੇ ਹੁਸ਼ਿਆਰਪੁਰ ਤਹਿਸੀਲ਼ਾਂ 'ਚ ਵੱਸਦੇ ਸਨ ਅਤੇ ਘੋੜੇਵਾਹਾਂ ਦੇ ਸਤਲੁਜ ਦੇ ਉਰਾਂ ਅਤੇ ਪਰਾਂ, ਗੜ੍ਹਸ਼ੰਕਰ-ਨਵਾਂਸ਼ਹਿਰ ਕੰਨੀ। ਬੜਾ ਮੋਹਤਬਾਰਾਨ ਸੀ ਸਾਡਾ ਕੁਨਬਾ, ਹਿੰਦੂ-ਮੁਸਲਿਮਾਂ ਦਾ ਮਿਲਗੋਭਾ।"

ਇੱਕ ਹੋਰ ਗਾਥਾ ਅਨੁਸਾਰ, "ਜੈਪੁਰ-ਜੋਧਪੁਰ ਦੇ ਰਾਜਿਆਂ ਦਾ ਇੱਕ ਫਰਜੰਦ ਮਹਿਮੂਦ ਗਜ਼ਨਵੀਂ ਵੇਲੇ ਮੁਸਲਮਾਨ ਬਣ ਗਿਆ। ਇਵਜ਼ ਵਿੱਚ ਗਜ਼ਨਵੀਂ ਨੇ ਉਸਨੂੰ ਨਾਰੂ ਸ਼ਾਹ ਦੇ ਖਿਤਾਬ ਨਾਲ ਨਿਵਾਜਿਆ। ਉਹ ਬਜਵਾੜੇ ਆਣ ਆਬਾਦ ਹੋਇਆ। ਬੰਦਾ ਦਲੇਰ ਅਤੇ ਯੁਕਤੀ ਸੀ, ਮੌਕਾ ਮਿਲਦਿਆਂ ਹੀ ਹਰਿਆਣਾ ਆ ਨੱਪਿਆ। ਰਗਾਂ 'ਚ ਪਿਆ ਹਿੰਦੂ ਖ਼ੂਨ, ਅਤੀਤ ਯਾਦ ਕਰਵਾਂ ਦਿੰਦਾ। ਮੁਸਲਿਮ ਹੁੰਦਿਆਂ ਵੀ ਹਿੰਦੂ ਆਸਥਾ ਦਰ-ਕਿਨਾਰ ਨਾ ਕਰ ਸਕਿਆ।" ਸਿੱਟੇ ਵਜੋਂ, ਤੋੜ ਸਿੱਖਾਂ ਸ਼ਾਹੀ ਤੱਕ ਉਸਦੇ ਵਾਰਸ, ਇੱਥੋਂ ਦੇ ਮੁਸਲਿਮ ਅਹਿਲਕਾਰ, ਦਾਨੇ ਅਤੇ ਧਰਮ-ਨਿਰਪੱਖ ਰਹੇ। ਇਸੇ ਕਾਰਨ, ਮਿਸਲ ਕਰੌੜ ਸਿੰਘੀਆਂ ਦੇ ਸ. ਬਘੇਲ ਸਿੰਘ, ਜਿਸਦਾ ਸਦਰ-ਮੁਕਾਮ ਇਹੀ ਹਰਿਆਣਾ ਬਣਿਆ ਸੀ, ਨੇ ਇੱਥੋਂ ਦੇ ਮੁਸਲਿਮ ਰਾਜਪੂਤਾਂ ਦੀ ਪੁਖਤਾ, ਮਾਲਕੀ ਅਤੇ ਮਾਣ-ਸਤਿਕਾਰ ਬਰਕਰਾਰ ਰੱਖੀ। ਇਹ ਉਹੀ ਸ. ਬਘੇਲ ਸਿੰਘ ਹੈ, ਜਿਸਨੇ 'ਦਿੱਲੀ ਫਤਿਹ' 'ਚ ਕੁੰਜੀਵਤ ਰੋਲ ਨਿਭਾਇਆ ਸੀ। ਹਰਿਆਣੇ ਨਾਲ ਪੀਡੀ ਗਲਵੱਕੜੀ ਪਾ ਕੇ ਰੱਖਣ ਵਾਲਾ ਇਹ ਮਹਾਂ ਸਪੂਤ, ਅੱਜ ਵੀ ਹਰਿਆਣਾ ਦੀ ਕੇਂਦਰੀ ਜੂਹ ਵਿੱਚ ਸਦੀਵੀ ਸੁੱਤਾ ਪਿਆ ਹੈ। ਮੁੱਕਦੀ ਗੱਲ, "ਹਰਿਆਣਾ ਬੜਾ ਪ੍ਰਾਚੀਨ ਹੈ। ਪੱਕ ਨਾਲ ਕਦ ਵੱਸਿਆ? ਓ ਨਹੀਂ ਲੱਭਾ।"



*ਮਿਸਲ ਕਰੌੜ ਸਿੰਘੀਆਂ ਦੇ ਸ. ਬਘੇਲ ਸਿੰਘ, ਜਿਸਦਾ ਸਦਰ-ਮੁਕਾਮ ਇਹੀ ਹਰਿਆਣਾ ਬਣਿਆ ਸੀ, ਨੇ ਇੱਥੋਂ ਦੇ ਮੁਸਲਿਮ ਰਾਜਪੂਤਾਂ ਦੀ ਪੁਖਤਾ, ਮਾਲਕੀ ਅਤੇ ਮਾਣ-ਸਤਿਕਾਰ ਬਰਕਰਾਰ ਰੱਖੀ। ਇਹ ਉਹੀ ਸ. ਬਘੇਲ ਸਿੰਘ ਹੈ, ਜਿਸਨੇ 'ਦਿੱਲੀ ਫਤਿਹ' 'ਚ ਕੁੰਜੀਵਤ ਰੋਲ ਨਿਭਾਇਆ ਸੀ। ਹਰਿਆਣੇ ਨਾਲ ਪੀਡੀ ਗਲਵੱਕੜੀ ਪਾ ਕੇ ਰੱਖਣ ਵਾਲਾ ਇਹ ਮਹਾਂ ਸਪੂਤ, ਅੱਜ ਵੀ ਹਰਿਆਣਾ ਦੀ ਕੇਂਦਰੀ ਜੂਹ ਵਿੱਚ ਸਦੀਵੀ ਸੁੱਤਾ ਪਿਆ ਹੈ।*

## ਮੁੱਦੇ

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**



# ਯੁੱਧ ਨਸ਼ਿਆਂ ਵਿਰੁੱਧ

ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਚਰਚਾ ਵਿੱਚ ਹੈ। ਕਾਫ਼ੀ ਲੰਮੇ ਸਮੇਂ ਤੋਂ ਪੰਜਾਬ ਵਿੱਚ ਨਸ਼ਿਆਂ ਦੇ ਗੈਰ-ਕਾਨੂੰਨੀ ਵਪਾਰ ਅਤੇ ਨਸ਼ਿਆਂ ਦੀ ਬੇਰੋਕ ਵਰਤੋਂ ਕਾਰਨ ਪੰਜਾਬ ਦੀ ਨੌਜਵਾਨ ਪੀੜੀ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਸਾਲ 2016 ਵਿੱਚ ਫਿਲਮ 'ਉੜਤਾ ਪੰਜਾਬ' ਵਿੱਚ ਪੰਜਾਬ ਦੇ ਨੌਜਵਾਨਾਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੂੰ ਆਧਾਰ ਬਣਾਇਆ ਗਿਆ। ਇਸ ਫਿਲਮ ਦੀ ਵਿਆਪਕ ਆਲੋਚਨਾ ਵੀ ਹੋਈ ਕਿ ਪੰਜਾਬ ਨੂੰ ਨਸ਼ਿਆ ਦੀ ਦੁਰਵਰਤੋਂ ਸੰਬਧੀ ਬਦਨਾਮ ਕੀਤਾ ਜਾ ਰਿਹਾ ਹੈ, ਜਦ ਕਿ ਅੰਕੜੇ ਦੱਸਦੇ ਹਨ ਕਿ ਪੰਜਾਬ ਨਾਲੋਂ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਲੋਕ ਵਧੇਰੇ ਨਸ਼ਾ ਕਰਦੇ ਹਨ। ਸੰਯੁਕਤ ਰਾਸ਼ਟਰ ਦੀ ਸਾਲ 2016 ਦੀ ਨਸ਼ਿਆਂ ਸਬੰਧੀ ਰਿਪੋਰਟ ਅਨੁਸਾਰ ਨਸ਼ਿਆਂ ਦੀ ਤਸਕਰੀ ਅਤੇ ਸੇਵਨ ਵਿਸ਼ਵ ਪੱਧਰੀ ਸਮੱਸਿਆ ਹੈ। 15 ਤੋਂ 65 ਸਾਲ ਉਮਰ ਦੇ ਲਗਭਗ 25 ਕਰੋੜ ਲੋਕ ਵੱਖ-ਵੱਖ ਦੇਸ਼ਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਪੰਜਾਬ ਵਿੱਚ ਸਮੇਂ ਦੀਆਂ ਸਰਕਾਰਾਂ ਵੱਲੋਂ ਤਰਕ ਦਿੱਤਾ ਜਾਂਦਾ ਹੈ ਕਿ ਪੰਜਾਬ ਵਿੱਚ ਕੁਦਰਤੀ ਨਸ਼ਾ (ਅਫੀਮ, ਭੰਗ, ਪੋਸਤ) ਅਤੇ ਸਿੰਥੈਟਿਕ ਨਸ਼ਾ ਪੈਦਾ ਨਹੀਂ ਹੁੰਦਾ, ਸਗੋਂ ਬਾਹਰਲੇ ਰਾਜਾਂ ਜਾਂ ਵਿਦੇਸ਼ਾਂ ਵੱਲੋਂ ਨਸ਼ਾ ਤਸਕਰਾਂ ਰਾਹੀਂ ਪੰਜਾਬ ਵਿੱਚ ਵੇਚਿਆ ਜਾਂਦਾ ਹੈ, ਜਿਸਦਾ ਲੋਕ ਚੋਰੀ-ਚੋਰੀ ਸੇਵਨ ਕਰਦੇ ਹਨ। ਭਾਰਤ ਅਤੇ ਖਾਸ ਤੌਰ 'ਤੇ ਪੰਜਾਬ ਨਾਰਕੋਟਿਕ ਡਰਗ ਉਤਪਾਦਨ ਗੋਲਡਨ ਕੈਸਟ ਅਤੇ ਗੋਲਡਨ ਟ੍ਰਾਈਐਂਗਲ ਦੇਸ਼ਾਂ (ਅਫਗਾਨਿਸਤਾਨ, ਪਾਕਿਸਤਾਨ, ਈਰਾਨ ਆਦਿ) ਦੇ ਨੇੜੇ ਸਥਿਤ ਹੋਣ ਕਾਰਨ ਨਸ਼ੀਲੇ ਪਦਾਰਥਾਂ ਦੇ ਕਹਿਰ ਤੋਂ ਪ੍ਰਭਾਵਿਤ ਹੋ ਰਿਹਾ ਹੈ।

ਪਬਲਿਕ ਡੋਮੇਨ ਵਿੱਚ ਉਪਲਬਧ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ 76% ਨਸ਼ਾ ਵਰਤਣ ਵਾਲੇ ਵਧੇਰੇ ਲੋਕ 15 ਤੋਂ 35 ਸਾਲ ਦੀ ਉਮਰ ਦੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਅਦ ਲਗਭਗ 500 ਬਿਲੀਅਨ ਡਾਲਰ ਦਾ ਨਸ਼ਿਆਂ ਦਾ ਵਪਾਰ ਹੈ। ਦੁਨੀਆਂ ਭਰ ਵਿੱਚ ਲਗਭਗ 190 ਮਿਲੀਅਨ ਲੋਕ ਕੋਈ ਨਾ ਕੋਈ ਨਸ਼ੀਲਾਂ ਪਦਾਰਥ ਸੇਵਨ ਕਰਨ ਦੇ ਆਦੀ ਹਨ। ਜੇਕਰ ਭਾਰਤ ਦੀ ਗੱਲ ਕੀਤੀ ਜਾਵੇ, ਲਗਭਗ ਇੱਕ ਮਿਲੀਅਨ ਲੋਕ ਹੈਰੋਇਨ ਨਸ਼ੇ ਵਿੱਚ ਗ੍ਰਸਤ ਹਨ, ਹੈਰੋਇਨ ਦੇ ਨਾਲ-ਨਾਲ ਭੰਗ, ਅਫੀਮ, ਗਾਂਜਾ, ਚਰਸ, ਸ਼ਰਾਬ ਆਦਿ ਦਾ ਸੇਵਨ ਵੀ ਕਰਦੇ ਹਨ। 70 ਫੀ ਸਦੀ ਪੇਂਡੂ ਲੋਕ ਨਸ਼ਿਆਂ ਦੇ ਸ਼ਿਕਾਰ ਹਨ। ਨਸ਼ਿਆਂ ਦੀ ਵਰਤੋਂ ਤੋਂ ਇਲਾਵਾ ਨਸ਼ੇੜੀ ਲੋਕਾਂ ਵਿੱਚੋਂ 76% ਵੱਖ-ਵੱਖ ਨਸ਼ੀਲੇ ਪਦਾਰਥਾਂ ਵਾਲੇ ਟੀਕੇ ਵੀ ਲਾਉਂਦੇ ਹਨ। ਉਪਲਬਧ ਅੰਕੜਿਆਂ ਅਨੁਸਾਰ ਪੰਜਾਬ ਦੇ ਸਕੂਲਾਂ ਵਿੱਚ 66% ਵਿਦਿਆਰਥੀ ਨਸ਼ਿਆਂ ਦੇ ਆਦੀ ਹਨ। ਨਸ਼ਿਆਂ ਦੀ ਸਮੱਸਿਆਂ ਏਨੀ ਵਧ ਗਈ ਹੈ ਕਿ ਵਿਦਿਆਰਥੀ ਵਰਗ ਵਿੱਚ ਹਰੇਕ ਤੀਸਰਾ ਮੁੰਡਾ ਅਤੇ ਹਰ ਦਸਵੀਂ ਕੁੜੀ ਕੋਈ ਨਾ ਕੋਈ ਨਸ਼ਾ ਲੈਂਦੇ ਹਨ। ਕਾਲਜ ਪੜ੍ਹਨ ਵਾਲਿਆਂ ਵਿੱਚੋਂ 10 ਵਿੱਚੋਂ 7 ਵਿਦਿਆਰਥੀ ਨਸ਼ਾ ਸੇਵਨ ਕਰਦੇ ਹਨ। ਇਨ੍ਹਾਂ ਨਸ਼ਿਆਂ ਵਿੱਚ ਪੀਣ ਵਾਲੇ ਨਸ਼ੇ, ਖਾਣ ਵਾਲੇ ਨਸ਼ੀਲੇ ਪਦਾਰਥਾਂ ਅਤੇ ਲਾਉਣ ਵਾਲੇ ਨਸ਼ੀਲੇ ਟੀਕੇ ਵਰਤਦੇ ਹਨ। ਨਸ਼ੇ ਲੈਣ ਦਾ ਮੁੱਖ ਕਾਰਨ ਨੌਜਵਾਨ ਵਰਗ ਵਿੱਚ ਵਧ ਰਹੀਂ ਬੇਰੁਜ਼ਗਾਰੀ, ਭਵਿੱਖ ਅਸਰੁੱਖਿਆ ਬਾਰੇ ਬੇਚੈਨੀ ਅਤੇ ਨਸ਼ਿਆਂ ਦਾ ਅਸਾਨੀ ਨਾਲ ਮਿਲਣਾ ਹੈ। ਪੰਜਾਬ ਵਿੱਚ ਨਸ਼ਿਆਂ ਬਾਰੇ ਕੀਤੇ ਗਏ ਅਧਿਐਨ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਹਰੇਕ ਤੀਸਰਾ ਵਿਅਕਤੀ ਸ਼ਰਾਬ ਅਤੇ ਤੰਬਾਕੂ ਤੋਂ ਇਲਾਵਾ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਦਾ ਆਦੀ ਹੈ।

ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਸਾਲ 2023 ਦੀ ਰਿਪੋਰਟ ਅਨੁਸਾਰ ਸਾਲ 2019 ਤੋਂ 2021 ਦੌਰਾਨ ਨਸ਼ੀਲੇ ਪਦਾਰਥਾਂ ਦਾ ਵਪਾਰ ਸੇਵਨ ਅਤੇ ਤਸਕਰੀ ਸਬੰਧੀ ਐਨ.ਡੀ.ਪੀ.ਐਸ. ਐਕਟ ਅਤੇ ਰੂਲਾਂ ਅਧੀਨ ਉੱਤਰ ਪ੍ਰਦੇਸ਼ ਵਿੱਚ 31,842 ਮਹਾਰਾਸ਼ਟਰ ਵਿੱਚ 28,959 ਅਤੇ ਪੰਜਾਬ ਵਿੱਚ 28,417 ਐਫ.ਆਈ.ਆਰ. ਦਰਜ ਹੋਈਆਂ। ਅੰਕੜੇ ਦੱਸਦੇ ਹਨ ਕਿ ਮੀਜ਼ੋਰਮ ਰਾਜ ਵਿੱਚ 91% ਅਤੇ ਮੇਘਾਲਿਆ ਰਾਜ ਵਿੱਚ 90.7% ਸ਼ਹਿਰੀ ਖੇਤਰ ਦੇ ਲੋਕ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਦੇ ਆਦੀ ਹਨ। ਗੋਆ ਰਾਜ ਵਿੱਚ 78% ਅਤੇ ਪੰਜਾਬ ਵਿੱਚ 77.5% ਪੇਂਡੂ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਪਾਕਿਸਤਾਨ, ਅਫਗਾਨਿਸਤਾਨ, ਕਤਰ, ਸੰਯੁਕਤ ਅਰਬ ਅਮੀਰਾਤ ਰਾਹੀਂ ਹੁੰਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਾਰਨ ਸਰੀਰਕ ਵਿਕਾਰ, ਮਾਨਸਿਕ ਸਿਹਤ ਵਿਕਾਰ, ਐਚ.ਆਈ.ਵੀ. ਦੀ ਲਾਗ, ਹੈਪੇਟਾਈਟਸ ਦੇ ਨਾਲ ਸੰਬੰਧਤ ਜਿਗਰ ਦਾ ਕੈਂਸਰ, ਨਸ਼ਿਆਂ ਦੀ ਓਵਰ ਡੋਜ਼ ਆਦਿ ਲੈਣੀ ਅਤੇ ਸਮੇਂ ਤੋਂ ਪਹਿਲਾਂ ਮੌਤ ਹੋਣੀ ਸ਼ਾਮਲ ਹੈ।

ਨਸ਼ਾ ਤਸਕਰੀ ਅਤੇ ਨਸ਼ਿਆਂ ਦੀ ਆਦਤ ਇੱਕ ਵਿਸ਼ਵ ਵਿਆਪੀ ਸਮੱਸਿਆ ਹੈ, ਜਿਸ ਨਾਲ ਨਜਿੱਠਣ ਲਈ ਵੱਖ-ਵੱਖ ਦੇਸ਼ਾਂ ਅਤੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਸਮੇਂ-ਸਮੇਂ ਮੁਹਿੰਮਾਂ ਚਲਾਈਆਂ ਜਾਂਦੀਆਂ ਰਹੀਆਂ ਹਨ। ਭਾਰਤ ਵਿੱਚ ਨਾਰਕੋਟਿਕ ਕੰਟਰੋਲ ਬਿਊਰੋ ਅਤੇ ਸੈਂਟਰਲ ਡਰੱਗਜ਼ ਸਟੈਂਟਰਡ ਕੰਟਰੋਲ ਆਰਗੇਨਾਈਜੇਸ਼ਨ ਮੁੱਖ ਅਥਾਰਟੀਆਂ ਹਨ, ਜੋ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਕਰਦੀਆਂ ਹਨ। ਨਸ਼ੀਲੀਆਂ ਦਵਾਈਆਂ ਅਤੇ ਮਨੋ-ਉਤੇਜਕ ਪਦਾਰਥ ਐਕਟ (ਦਾ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟਾਂਸ ਐਕਟ) 1985 ਅਧੀਨ ਨਸ਼ੀਲੇ ਪਦਾਰਥਾਂ (ਚਰਸ, ਭੰਗ, ਗਾਂਜਾ, ਕੋਕਾ, ਕੁਕੀਨ) ਨੂੰ ਬਣਾਉਣਾ/ਤਿਆਰ ਕਰਨਾ, ਕਬਜੇ ਵਿੱਚ ਰੱਖਣਾ, ਵੇਚਣਾ, ਖਰੀਦਣਾ, ਟਰਾਂਸਪੋਰਟ ਕਰਨਾ, ਗੋਦਾਮ ਵਿੱਚ ਰੱਖਣਾ, ਛੁਪਾਉਣਾ, ਵਰਤਣਾ ਅਤੇ ਅੰਤਰਰਾਜੀ ਥਾਂਵਾਂ ਤੋਂ ਬਰਾਮਦ-ਦਰਾਮਦ ਕਰਨਾ ਭਾਰਤ ਵਿੱਚ ਲਿਆਉਣਾ ਜਾਂ ਬਾਹਰ ਭੇਜਣਾ ਜਾਂ ਉਨ੍ਹਾਂ ਦੀ ਟਰਾਂਸਸਿਪਮੈਂਟ ਕਰਨ ਆਦਿ ਨੂੰ ਪ੍ਰਭਾਵਿਤ, ਜੁਰਮ ਅਤੇ ਦੰਡ ਨਿਰਧਾਰਤ ਨਿਯਮ ਬਣਾਉਣ ਤੇ ਨਸ਼ੀਲੇ ਪਦਾਰਥਾਂ ਨੂੰ ਕੰਟਰੋਲ ਕਰਨ ਸਬੰਧੀ ਨਾਰਕੋਟਿਕ ਸੈਲ ਕਮਿਸ਼ਨ ਦੀ ਸਥਾਪਨਾ, ਅਪੀਲੀਟ੍ਰਿਬਿਊਨਲ ਦਾ ਗਠਨ ਆਦਿ ਦੀ ਵਿਵਸਥਾ ਕੀਤੀ ਗਈ ਹੈ। ਇਸੇ ਐਕਟ ਰਾਹੀਂ ਨਸ਼ਿਆ ਦੀ ਤਸਕਰੀ ਨੂੰ ਰੋਕਣ ਲਈ ਕੇਂਦਰੀ ਅਤੇ ਰਾਜ ਸਰਕਾਰਾਂ ਵੱਲੋਂ ਨਸ਼ਾ ਰੋਕੋ ਮੁਹਿੰਮਾਂ ਚਲਾਈਆਂ ਗਈਆਂ ਹਨ। 'ਨਸ਼ਾ ਮੁਕਤ ਭਾਰਤ' ਮੁਹਿੰਮ ਰਾਹੀਂ ਨਸ਼ਿਆਂ ਦੀ ਦੁਰਵਰਤੋਂ ਨਾਲ ਨਜਿੱਠਣਾ, ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ 'ਨਸ਼ੇ ਨੂੰ ਨਾਂਹ ਕਹੋ' ਪ੍ਰਚਾਰ ਮੁਹਿੰਮਾਂ ਅਤੇ ਨਸ਼ਿਆਂ ਦੀ ਵਰਤੋਂ ਦੇ ਉੱਚ ਪ੍ਰਚਲਨ ਵਾਲੇ ਜ਼ਿਲ੍ਹਿਆਂ ਵਿੱਚ ਨਸ਼ਾ ਛੁਡਾਉ ਸਹੂਲਤਾਂ ਦੀ ਸਥਾਪਨਾ ਕਰਨੀ ਸ਼ਾਮਲ ਹੈ।

ਯਾਦ ਰਹੇ, ਵੱਖ-ਵੱਖ ਦੇਸ਼ਾਂ ਵਿੱਚ ਸਰਕਾਰਾਂ ਵੱਲੋਂ ਨਸ਼ਿਆਂ ਖਿਲਾਫ ਐਸੀਆਂ ਮਹਿੰਮਾਂ ਚਲਦੀਆਂ ਰਹੀਆਂ ਹਨ ਅਤੇ ਭਵਿੱਖ ਵਿੱਚ ਵੀ ਚਲਦੀਆਂ ਰਹਿਣਗੀਆਂ। 17 ਜੂਨ 1971 ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਜਨਤਕ ਦੁਸ਼ਮਣ ਦੱਸਿਆ ਗਿਆ ਹੈ, ਐਸੇ ਦੁਸ਼ਮਣ ਵਿਰੁੱਧ ਇੱਕ ਨਵਾਂ ਸਰਵਪੱਖੀ ਹਮਲਾ ਕਰਨਾ ਜਰੂਰੀ ਹੈ। ਗਲੋਬਲ ਕਮਿਸ਼ਨ ਆਨ ਡਰੱਗ ਪਾਲਿਸੀ ਦੀ ਜੂਨ 2011 ਦੀ ਰਿਪੋਰਟ ਅਨੁਸਾਰ ਨਸ਼ਿਆਂ ਵਿਰੁੱਧ ਜੰਗ ਅਸਫਲ ਰਹੀ ਹੈ, ਜਿਸਦੇ ਨਤੀਜੇ ਦੁਨੀਆਂ ਭਰਦੇ ਵਿਅਕਤੀਆਂ ਅਤੇ ਸਮਾਜਾਂ ਲਈ ਵਿਨਾਸ਼ਕਾਰੀ ਰਹੇ ਹਨ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਅਨੁਸਾਰ ਨਸ਼ਿਆਂ ਵਿਰੁੱਧ ਜੰਗ ਰਣਨੀਤੀਆਂ, ਨਸ਼ੀਲੇ ਪਦਾਰਥਾਂ ਦੀ ਪੈਦਾਵਾਰ ਅਤੇ ਖਪਤ ਰੋਕਣ ਵਿੱਚ ਸਰਕਾਰਾਂ ਅਸਫਲ ਰਹੀਆਂ ਹਨ।


ਪੰਜਾਬ ਸਰਕਾਰ ਨੂੰ ਵਧੇਰੇ ਜਵਾਬ ਦੇਹ ਅਤੇ ਪਾਰਦਰਸ਼ੀ ਬਣਦੇ ਹੋਏ ਨਸ਼ਾ ਤਸਕਰਾਂ ਦੇ ਸਿਆਸੀ ਸਰਪ੍ਰਸਤਾਂ ਵਿਰੁੱਧ ਢੁਕਵੀਂ ਲੜਾਈ ਲੜਨ ਦੀ ਬੇਹੱਦ ਲੋੜ ਹੈ। ਲਿਹਾਜਾ ਮੌਜੂਦਾ ਸਰਕਾਰ ਨੂੰ ਕੱਟੜ ਇਮਾਨਦਾਰੀ ਨਾਲ ਪੰਜਾਬ ਨੂੰ ਸਦਾ ਲਈ ਨਸ਼ਾ ਮੁਕਤ ਬਣਾਉਣਾ ਚਾਹੀਦਾ ਹੈ, ਵਰਨਾ 'ਯੁੱਧ ਨਸ਼ਿਆ ਵਿਰੁੱਧ' ਵਾਟਰਲੂ ਸਾਬਤ ਹੋ ਸਕਦਾ ਹੈ। ਨਿਸ਼ਚੇ ਹੀ ਮੌਜੂਦਾ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਦੀ ਕਾਰਗੁਜ਼ਾਰੀ ਸਾਲ 2027 ਨੂੰ ਹੋਣ ਵਾਲੇ 'ਕੁਰਸੀ ਲਈ ਯੁੱਧ' ਨੂੰ ਪ੍ਰਭਾਵਿਤ ਕਰੇਗੀ।

# ਅਨਾਰਕਲੀ ਬਾਜ਼ਾਰ 'ਚ ਗੁਆਚੇ ਰਿਸ਼ਤੇ

***ਜਿਨ੍ਹਾਂ ਨੇ ਸੰਨ ਸੰਤਾਲੀ ਦੇ ਬਟਵਾਰੇ ਦੇ ਦੁੱਖ ਪਿੰਡੇ ਜਾਂ ਮਨ 'ਤੇ ਹੰਢਾਏ ਹਨ, ਉਸ ਨਾਲ ਜੁੜੀਆਂ ਯਾਦਾਂ ਅਤੇ ਯਾਦਾਂ ਵਿੱਚੋਂ ਉਠਦੀਆਂ ਚੀਸਾਂ ਦਾ ਦਰਦ ਉਹ ਹੀ ਕਿਆਸ ਸਕਦੇ ਹਨ। ਇਸ ਮੌਕੇ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ- ਕੀ ਜ਼ਮੀਨ/ਜਾਇਦਾਦ, ਕੀ ਮਾਲ-ਡੰਗਰ ਤੇ ਕੀ ਰਿਸ਼ਤੇ-ਨਾਤੇ! ਅਜਿਹੀਆਂ ਹੀ ਅਭੁੱਲ, ਮਿੱਠੀਆਂ-ਖੱਟੀਆਂ, ਅਸਹਿ-ਅਕਹਿ ਗੱਲਾਂ ਦੀ ਗੰਢ ਨਾਮੀ ਕਲਮਕਾਰ ਸਾਂਵਲ ਧਾਮੀ ਨੇ ਕੁਝ ਇਸ ਲਹਿਜ਼ੇ 'ਚ ਖੋਲ੍ਹੀ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ, ਪਾਠਕ ਇਨ੍ਹਾਂ ਨੂੰ ਪਰੁੱਚ ਕੇ ਪੜ੍ਹਨਗੇ... ਪ੍ਰਬੰਧਕੀ ਸੰਪਾਦਕ***

## ਦੁੱਖੜੇ ਬਟਵਾਰੇ ਦੇ

**ਸਾਂਵਲ ਧਾਮੀ**
**ਫੋਨ:+91-9781843444**



ਉਸਨੂੰ ਨਾ ਤਾਂ ਮਾਪਿਆਂ ਦਾ ਨਾਂ ਯਾਦ ਹੈ, ਨਾ ਹੀ ਆਪਣਾ। ਸੰਤਾਲ਼ੀ ਨੇ ਉਸਦਾ ਨਾਂ, ਘਰ ਤੇ ਪਰਿਵਾਰ ਸਭ ਕੁਝ ਬਦਲ ਕੇ ਰੱਖ ਦਿੱਤਾ। ਲਾਹੌਰ ਤੋਂ ਤੁਰੇ, ਉਹਦੇ ਨਿੱਕੇ-ਨਿੱਕੇ ਪੈਰ, ਉਹਨੂੰ ਹੁਸ਼ਿਆਰਪੁਰ ਦੇ ਕਸਬੇ ਤਲਵਾੜੇ ਤੱਕ ਲੈ ਆਏ। ਅੱਜ ਉਸਦਾ ਨਾਂ ਸਤੀਸ਼ ਕੁਮਾਰ ਹੈ। ਉਹ ਇੱਕ ਸੇਵਾ-ਮੁਕਤ ਮੁਲਾਜ਼ਮ ਹੈ ਤੇ ਆਪਣੇ ਪਰਿਵਾਰ 'ਚ ਸੁੱਖ ਦੀ ਜ਼ਿੰਦਗੀ ਗੁਜ਼ਾਰ ਰਿਹਾ ਹੈ।

ਵੰਡ ਵੇਲੇ ਮਸਾਂ ਚਾਰ-ਪੰਜ ਕੁ ਸਾਲਾਂ ਦਾ ਸੀ ਉਹ। ਉਸਨੂੰ ਧੁੰਦਲਾ-ਧੁੰਦਲਾ ਜਿਹਾ ਯਾਦ ਹੈ ਕਿ ਅਨਾਰਕਲੀ ਬਾਜ਼ਾਰ 'ਚ ਉਨ੍ਹਾਂ ਦਾ ਘਰ ਸੀ ਤੇ ਉਸਦਾ ਬਾਪ ਕਿਸੇ ਮੰਦਰ 'ਚ ਪੁਜਾਰੀ ਹੁੰਦਾ ਸੀ।

ਉਸ ਘਟਨਾ ਤੋਂ ਬਾਅਦ, ਉਸਦੀਆਂ ਅੱਖਾਂ ਨੇ ਕਰੀਬ ਛੱਬੀ ਹਜ਼ਾਰ ਵਾਰ ਸੂਰਜ ਅਸਤ ਹੁੰਦਿਆਂ ਵੇਖਿਆ ਹੋਵੇਗਾ, ਪਰ ਉਹ ਮਨਹੂਸ ਸ਼ਾਮ ਅੱਜ ਵੀ ਉਸਦੇ ਦਿਲ ਦੀ ਕਿਸੇ ਪਰਤ 'ਚ ਸਹਿਮੀ ਘੁੱਗੀ ਵਾਂਗ ਲੁਕ ਕੇ ਬੈਠੀ ਹੋਈ ਹੈ। ਜਦ ਕਦੇ ਵੀ ਉਹ ਸ਼ਾਮ ਗੁਟਕਦੀ ਹੈ ਤਾਂ ਉਸਦੇ ਮਨ-ਮਸਤਕ 'ਚ ਨੰਗੀਆਂ ਤਲਵਾਰਾਂ ਲਿਸ਼ਕ ਉੱਠਦੀਆਂ ਨੇ।

"ਮੇਰਾ ਬਾਪ ਕਿਸੇ ਘਰ ਤੋਂ ਕਥਾ ਕਰਕੇ ਪਰਤਿਆ ਸੀ। ਦਰਵਾਜ਼ਾ ਲੰਘਦਿਆਂ ਹੀ ਹਮਲਾਵਰਾਂ ਉਸਨੂੰ ਕਤਲ ਕਰ ਦਿੱਤਾ ਸੀ। ਮਾਂ ਨੂੰ ਧਾੜਵੀਆਂ ਮਾਰ ਸੁੱਟਿਆ ਜਾਂ ਆਪਣੇ ਨਾਲ਼ ਲੈ ਗਏ, ਇਹ ਨਹੀਂ ਪਤਾ ਮੈਨੂੰ! ਉਨ੍ਹਾਂ ਮੈਨੂੰ ਵੀ ਨਹੀਂ ਬਖ਼ਸ਼ਿਆ। ਮੇਰੇ ਪੇਟ 'ਚ ਵੀ ਕੁਝ ਮਾਰਿਆ। ਆਹ ਨਿਸ਼ਾਨ...।"

ਬਾਲ-ਰੁੱਤੇ ਮਿਲੇ ਜ਼ਖ਼ਮ ਦਾ ਨਿਸ਼ਾਨ ਉਹਦਾ ਜਿਸਮ ਬਹੱਤਰ ਵਰ੍ਹਿਆਂ ਤੋਂ ਚੁੱਕੀ ਫਿਰਦੈ। ਝੱਗਾ ਚੁੱਕਦਿਆਂ ਉਹ ਇਸ ਨਿਸ਼ਾਨ ਨੂੰ ਇਉਂ ਵਿਖਾਉਂਦੈ, ਜਿਉਂ ਕੋਈ ਬੁੱਢਾ ਅਥਲੀਟ ਆਪਣਾ ਇਕਲੌਤਾ ਤਮਗਾ ਵਿਖਾ ਰਿਹਾ ਹੋਵੇ।

"ਅਨਾਰਕਲੀ ਬਾਜ਼ਾਰ ਦੇ ਕੋਨੇ 'ਚ ਘਰ ਸੀ ਸਾਡਾ। ਓਥੇ ਹਰ ਕਿਸਮ ਦੀਆਂ ਦੁਕਾਨਾਂ ਸਨ। ਬੈਂਕ ਸੀ। ਡਾਕਖਾਨਾ ਵੀ ਸੀ। ਕਦੇ-ਕਦੇ ਅਸੀਂ ਬਾਜ਼ਾਰ ਜਾਂਦੇ। ਅੱਜ ਵੀ ਸੁਪਨਿਆਂ 'ਚ ਉਹ ਮਾਹੌਲ ਆ ਜਾਂਦੈ। ਬਾਪ ਤੇ ਮਾਂ ਦੇ ਚਿਹਰੇ ਵੀ ਯਾਦ ਆਉਂਦੇ ਨੇ, ਪਰ ਧੁੰਦਲੇ-ਧੁੰਦਲੇ। ਬਾਪ ਮੇਰਾ ਰਿਸ਼ਟ-ਪੁਸ਼ਟ ਆਦਮੀ ਸੀ। ਗੋਰਾ ਰੰਗ ਸੀ ਉਸਦਾ। ਮਾਂ ਵੀ ਸੋਹਣੀ ਤੇ ਸਿਹਤਮੰਦ ਸੀ। ਕਿਸੇ-ਕਿਸੇ ਦਿਨ ਉਹ ਮੈਨੂੰ ਮੰਦਰ ਵੀ ਲੈ ਜਾਂਦੇ। ਮੇਨ ਦਰਵਾਜ਼ਾ ਦੱਖਣ ਦਿਸ਼ਾ 'ਚ ਸੀ। ਕਾਫ਼ੀ ਵੱਡਾ ਮੰਦਰ ਸੀ ਉਹ। ਤਸਵੀਰਾਂ ਨਾਲ਼ ਭਰਿਆ ਹੋਇਆ ਸੀ। ਓਥੇ ਕ੍ਰਿਸ਼ਨ ਮਹਾਰਾਜ ਵੀ ਸਨ ਤੇ ਹਨੂੰਮਾਨ ਜੀ ਵੀ। ਭਜਨ ਚੱਲ ਰਹੇ ਹੁੰਦੇ। ਹੋਰ ਕਿਸੇ ਰਿਸ਼ਤੇ ਦੀ ਕੋਈ ਯਾਦ ਨਹੀਂ ਮੈਨੂੰ। ਨਾਲ਼ ਖੇਡਣ ਵਾਲ਼ੇ ਬੱਚਿਆਂ ਦਾ ਵੀ ਚੇਤਾ ਨਹੀਂ ਕੋਈ।"

"ਉਸ ਸ਼ਾਮ ਕੀ ਹੋਇਆ ਸੀ?" ਮੈਂ ਹਮਲੇ ਬਾਰੇ ਥੋੜ੍ਹੀ ਤਫ਼ਸੀਲ ਚਾਹੁੰਦਾ ਹਾਂ।

"ਸ਼ਾਮ ਦਾ ਵਕਤ ਸੀ। ਮੈਂ ਤੇ ਮੇਰੀ ਮਾਂ ਤਾਂ ਮਕਾਨ ਦੇ ਅੰਦਰ ਹੀ ਸਾਂ। ਉਹ ਨਾਹਰੇ ਲਗਾਉਂਦੇ ਆਏ। ਉਨ੍ਹਾਂ ਦੇ ਹੱਥਾਂ 'ਚ ਛੁਰੀਆਂ ਤੇ ਤਲਵਾਰਾਂ ਸਨ। ਮੈਂ ਇਨ੍ਹਾਂ ਅੱਖਾਂ ਨਾਲ਼ ਕਤਲ ਹੁੰਦੇ ਵੇਖਿਆ ਸੀ, ਆਪਣੇ ਬਾਪ ਨੂੰ। ਮੇਰੀ ਮਾਂ...! ਆਪਣੇ ਵਲ਼ੋਂ ਤਾਂ ਉਹ ਮੈਨੂੰ ਵੀ ਖ਼ਤਮ ਕਰ ਗਏ ਸੀ। ਉਹ ਤਾਂ ਮੌਕੇ 'ਤੇ ਮਿਲਟਰੀ ਜਾਂ ਪੁਲਸ ਪਹੁੰਚ ਗਈ ਸੀ। ਜ਼ਖ਼ਮੀਆਂ ਨੂੰ ਉਨ੍ਹਾਂ ਹਸਪਤਾਲ ਪਹੁੰਚਾ ਦਿੱਤਾ ਸੀ। ਪਤਾ ਨਹੀਂ ਕਿੰਨੇ ਦਿਨ ਰਿਹਾ ਸਾਂ, ਮੈਂ ਓਥੇ। ਜਦੋਂ ਥੋੜ੍ਹਾ ਠੀਕ ਹੋ ਗਿਆ ਤਾਂ ਕਿਸੇ ਬਾਂਹ ਫੜ ਕੇ ਮੈਨੂੰ ਹਸਪਤਾਲੋਂ ਬਾਹਰ ਵੱਲ ਤੋਰ ਦਿੱਤਾ ਸੀ। ਹੁਣ ਮੈਂ ਕਿਹਦੇ ਕੋਲ਼ ਜਾਂਦਾ? ਉੱਜੜੇ ਲੋਕਾਂ ਦੇ ਹਜੂਮ ਨਾਲ਼ ਧੱਕੇ-ਧੁੱਕੇ ਖਾਂਦਾ, ਮੈਂ ਵੀ ਸਟੇਸ਼ਨ 'ਤੇ ਪਹੁੰਚ ਗਿਆ ਸਾਂ। ਓਥੋਂ ਗੱਡੀ ਚੜ੍ਹ ਗਿਆ। ਜਿਸ ਸਟੇਸ਼ਨ 'ਤੇ ਮੈਂ ਉਤਰਿਆ, ਉਹ ਯੂ.ਪੀ. ਦਾ ਸ਼ਹਿਰ ਮੁਰਾਦਾਬਾਦ ਸੀ।

ਕੋਈ ਢਾਈ-ਤਿੰਨ ਕਿਲੋਮੀਟਰ ਦਾ ਸਫ਼ਰ ਕਰ ਕੇ ਮੈਂ ਸ਼ਹਿਰ ਅੰਦਰ ਆਇਆ। ਤਰਕਾਲ਼ਾਂ ਹੋ ਗਈਆਂ ਸਨ। ਓਥੇ ਇੱਕ ਮੰਦਰ ਸੀ। ਆਰਤੀ ਹੋ ਰਹੀ ਸੀ। ਮੈਂ ਵੀ ਅੰਦਰ ਚਲਾ ਗਿਆ। ਭੁੱਖ ਲੱਗੀ ਹੋਈ ਸੀ, ਪਰ ਕਿਹਨੂੰ ਕਹਿੰਦਾ? ਮੰਦਰ ਦੇ ਨਾਲ਼ ਇੱਕ ਦੁਕਾਨ ਸੀ। ਓਥੇ ਬੈਂਚ ਡੱਠਾ ਪਿਆ ਸੀ। ਮੈਂ ਓਥੇ ਲੰਮਾ ਪੈ ਗਿਆ। ਪਤਾ ਨਹੀਂ ਕਿਹੜੇ ਵੇਲੇ ਮੇਰੀ ਅੱਖ ਲੱਗ ਪਈ। ਜਦੋਂ ਅੱਖ ਖੁਲ੍ਹੀ ਤਾਂ ਮੇਰੇ ਆਸ-ਪਾਸ ਕੁਝ ਜਨਾਨੀਆਂ ਤੇ ਬੰਦੇ ਇਕੱਠੇ ਹੋਏ ਪਏ ਸਨ।

ਬੇਟਾ ਤੂੰ ਕੌਣ ਏ? ਤੇਰੇ ਮਾਪੇ ਕਿੱਥੇ ਨੇ? ਤੂੰ ਕਿੱਥੋਂ ਆਇਆਂ? ਤੂੰ ਕਿੱਥੇ ਜਾਣਾ? ਉਹ ਮੈਨੂੰ ਸਵਾਲ ਪੁੱਛਣ ਲੱਗੇ।

ਮੈਂ ਤੋਤਲੀ ਜ਼ੁਬਾਨ 'ਚ ਆਪਣੀ ਕਹਾਣੀ ਸੁਣਾਈ। ਉਹ ਸਾਰੇ ਰੋਣ ਲੱਗ ਪਏ। ਓਥੇ ਮੈਂ ਵੀ ਬਹੁਤ ਰੋਇਆ। ਉਸ ਭੀੜ 'ਚ ਇੱਕ ਲਾਲਾ ਹੇਤ ਰਾਮ ਵੀ ਸਨ। ਉਹ ਮੈਨੂੰ ਆਪਣੇ ਘਰ ਲੈ ਗਏ। ਨੁਹਾਇਆ, ਕੱਪੜੇ ਬਦਲੇ ਤੇ ਰੋਟੀ ਖਵਾਈ। ਉਨ੍ਹਾਂ ਦੀ ਦੁਕਾਨ ਸੀ, ਕਰਿਆਨੇ ਦੀ। ਓਥੇ ਮੈਂ ਤਿੰਨ ਕੁ ਸਾਲ ਰਿਹਾ। ਫਿਰ ਮੇਰੇ ਪੜ੍ਹਨ ਦਾ ਵਕਤ ਆ ਗਿਆ। ਉਨ੍ਹਾਂ ਦੇ ਬੱਚੇ ਵੀ ਪੜ੍ਹਦੇ ਸਨ। ਉਹ ਮੀਆਂ-ਬੀਵੀ ਕਈ ਦਿਨ ਸਲਾਹ ਕਰਦੇ ਰਹੇ। ਆਖ਼ਰ ਉਨ੍ਹਾਂ ਮੈਨੂੰ ਪੜ੍ਹਨ ਵਾਸਤੇ ਹਰਿਦਵਾਰ ਦੇ ਗੁਰੂਕੁੱਲ ਕਾਂਗੜੀ 'ਚ ਭੇਜ ਦਿੱਤਾ।

ਗੁਰੂਕੁੱਲ ਕਾਂਗੜੀ 'ਚ ਇਸ ਇਲਾਕੇ ਦੇ ਇੱਕ ਪ੍ਰੋਫੈਸਰ ਹੁੰਦੇ ਸਨ। ਧਰਮਪੁਰ ਪਿੰਡ ਸੀ ਉਨ੍ਹਾਂ ਦਾ। ਨਾਂ ਸੀ ਚੰਦਰ ਕੇਤੂ। ਉਹ ਸ਼ਹੀਦ ਭਗਤ ਸਿੰਘ ਹੁਰਾਂ ਦੇ ਸਾਥੀ ਪੰਡਤ ਕਿਸ਼ੋਰੀ ਲਾਲ ਦੇ ਸਕੇ ਭਾਈ ਸਨ। ਮੈਂ ਬਾਅਦ 'ਚ ਜਿਨ੍ਹਾਂ ਦਾ ਪੁੱਤ ਬਣਿਆ, ਉਨ੍ਹਾਂ ਪ੍ਰੋਫ਼ੈਸਰ ਸਾਹਿਬ ਨੂੰ ਆਖਿਆ ਹੋਇਆ ਸੀ ਕਿ ਅਗਰ ਕੋਈ ਲਾਵਾਰਿਸ ਬੱਚਾ ਮਿਲੇ ਤਾਂ ਸਾਨੂੰ ਇਤਲਾਹ ਜ਼ਰੂਰ ਦੇਣੀ।

ਓਧਰ ਲਾਲਾ ਹੇਤ ਰਾਮ ਹੁਰੀਂ ਗੁਰੂਕੁੱਲ ਕਾਂਗੜੀ ਦੇ ਪ੍ਰਬੰਧਕਾਂ ਮੂਹਰੇ ਇਹ ਸ਼ਰਤ ਰੱਖੀ ਹੋਈ ਸੀ ਕਿ ਅਗਰ ਕੋਈ ਮੇਰਾ ਵਾਲੀ-ਵਾਰਸ ਬਣਨਾ ਚਾਹੇ ਤਾਂ ਪਹਿਲਾਂ ਉਹਦਾ ਬੈਂਕ ਬੈਲੇਂਸ, ਜ਼ਮੀਨ-ਜਾਇਦਾਦ ਤੇ ਪਿੰਡ 'ਚ ਉਹਦੀ ਹੈਸੀਅਤ ਜ਼ਰੂਰ ਵੇਖੀ ਜਾਵੇ। ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਜਾਏ ਕਿ ਬੱਚਾ ਉਸ ਘਰ ਜਾ ਕੇ ਰੁ਼ਲੇ ਨਾ।

ਪ੍ਰੋਫ਼ੈਸਰ ਸਾਹਿਬ ਨੇ ਮੇਰੇ ਨਵੇਂ ਮਾਪਿਆਂ ਨੂੰ ਖ਼ਤ ਪਾਇਆ। ਮੇਰਾ 'ਬਾਪ' ਗੁਰੂਕੁੱਲ ਕਾਂਗੜੀ ਪਹੁੰਚਿਆ। ਪ੍ਰੋਫ਼ੈਸਰ ਸਾਹਿਬ ਨੇ ਮੈਨੂੰ ਆਖਿਆ- ਜਿਨ੍ਹਾਂ ਨੂੰ ਤੂੰ ਲੱਭਦਾ ਪਿਆ ਸੀ, ਤੇਰੇ ਉਹ ਪਿਤਾ ਜੀ ਆ ਗਏ ਨੇ। ਤੇਰੀ ਮਾਂ ਵੀ ਜਿਉਂਦੀ ਏ। ਬਿਲਕੁਲ ਠੀਕ-ਠਾਕ ਏ। ਤੈਨੂੰ ਘਰ ਬੈਠੀ ਉਡੀਕਦੀ ਪਈ ਏ।

ਮੈਨੂੰ ਤਾਂ ਪਤਾ ਸੀ ਕਿ ਉਹ ਝੂਠ ਬੋਲ ਰਹੇ ਨੇ, ਪਰ ਮੈਂ ਚੁੱਪ ਰਿਹਾ। ਉਹ ਮੈਨੂੰ ਗੁਰੂਕੁੱਲ ਤੋਂ ਬਾਹਰ ਲੈ ਗਏ। ਮਠਿਆਈ ਖਿਲਾਈ। ਮੈਂ ਬੱਚਾ ਸਾਂ। ਖ਼ੁਸ਼ ਹੋ ਗਿਆ। ਤੀਸਰੇ ਦਿਨ ਉਹ ਮੈਨੂੰ ਇੱਥੇ ਲੈ ਆਏ। ਬਾਰ੍ਹਾਂ ਅਗਸਤ, ਉੱਨ੍ਹੀ ਸੌ ਪੰਜਾਹ ਦਾ ਦਿਨ ਸੀ ਉਹ। ਮੈਨੂੰ ਨਵਾਂ ਇਲਾਕਾ, ਨਵਾਂ ਘਰ ਤੇ ਨਵੇਂ ਮਾਪੇ ਮਿਲ ਗਏ।

ਇਹ ਦੋ ਭਾਈ ਸਨ। ਛੋਟੇ ਸੰਤ ਰਾਮ ਦਾ ਵਿਆਹ ਹੋਇਆ ਸੀ, ਪਰ ਕੋਈ ਬੱਚਾ ਨਹੀਂ ਹੋਇਆ। ਵੱਡੇ ਭਗਤ ਰਾਮ ਜੀ ਨੇ ਵਿਆਹ ਨਹੀਂ ਸੀ ਕਰਵਾਇਆ। ਮੈਂ ਇਨ੍ਹਾਂ ਦਾ ਧਰਮ-ਪੁੱਤਰ ਬਣ ਗਿਆ। ਮੈਂ ਅਕਸਰ ਸੋਚਦਾਂ ਕਿ ਇਸ ਘਰ 'ਚ ਕੋਈ ਬੱਚਾ ਇਸ ਕਰਕੇ ਨਹੀਂ ਸੀ ਆਇਆ, ਮੈਂ ਜੋ ਆਉਣਾ ਸੀ। ਇਨ੍ਹਾਂ ਮੈਨੂੰ ਪੂਰਾ ਪਿਆਰ ਦਿੱਤਾ। ਕਦੇ ਕੋਈ ਫ਼ਰਕ ਨਹੀਂ ਕੀਤਾ। ਆਪਣਾ ਘਰ ਤੇ ਜ਼ਮੀਨ ਮੇਰੇ ਨਾਂ ਲਗਵਾ ਦਿੱਤੇ।

ਦੋ ਕੁ ਸਾਲ ਬਾਅਦ ਲਾਲਾ ਹੇਤ ਰਾਮ ਹੁਰੀਂ ਪ੍ਰੋਫ਼ੈਸਰ ਸਾਹਿਬ ਨੂੰ ਚਿੱਠੀ ਵੀ ਲਿਖੀ ਸੀ ਕਿ ਸਤੀਸ਼ ਕਿੱਥੇ ਆ ਤੇ ਕਿਸ ਹਾਲ 'ਚ ਆ? ਸਾਨੂੰ ਮਿਲਾਓ ਤਾਂ ਸਹੀ।

ਅਸੀਂ ਹਰਿਦਵਾਰ ਗਏ, ਲਾਲੇ ਹੁਰਾਂ ਨੂੰ ਉਡੀਕਦੇ ਰਹੇ, ਪਰ ਉਹ ਆਏ ਨਹੀਂ ਸਨ।


ਮੈਂ ਪੜ੍ਹਾਈ ਕੀਤੀ। ਫਿਰ ਨੌਕਰੀ ਕੀਤੀ। ਵਿਆਹ ਵੀ ਹੋ ਗਿਆ। ਮੇਰੇ ਵਿਆਹ ਤੋਂ ਛੇਤੀ ਮਗਰੋਂ ਇੱਕ-ਇੱਕ ਕਰਕੇ ਉਹ ਤਿੰਨੋਂ ਬਜ਼ੁਰਗ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ।

ਉਦੋਂ ਕੱਚੇ ਕੋਠੇ ਹੁੰਦੇ ਸਨ। ਸਿਆਲ ਦੀਆਂ ਸ਼ਾਮਾਂ ਨੂੰ ਮੈਂ ਅੰਗੀਠੀ ਮਘਾ ਲੈਣੀ। ਆਂਢ-ਗੁਆਂਢ ਦੇ ਬਜ਼ੁਰਗ ਜੁੜ ਜਾਂਦੇ। ਉਹ ਮੈਥੋਂ ਮੇਰੀ ਕਹਾਣੀ ਪੁੱਛਦੇ। ਮੈਂ ਆਖਦਾ- ਪਿਛਲੇ ਜਨਮ 'ਚ ਮੈਂ ਬਿਜ਼ਨਸਮੈਨ ਸਾਂ ਤੇ ਇਹ ਦੋਵੇਂ ਮੇਰੇ ਪਾਰਟਨਰ ਸਨ। ਇਹ ਮੈਨੂੰ ਧੋਖਾ ਦੇ ਗਏ ਸਨ ਤੇ ਉਸ ਧੋਖੇ ਦਾ ਬਦਲਾ ਲੈਣ ਲਈ ਮੈਂ ਇਸ ਜਨਮ 'ਚ ਇੱਥੇ ਆਇਆਂ ਹਾਂ।

ਮੇਰੇ ਨਵੇਂ ਮਾਪਿਆਂ ਦੇ ਸ਼ਰੀਕ ਤਾਂ ਮੇਰੇ ਨਾਲ਼ ਹੁਣ ਵੀ ਈਰਖਾ ਕਰਦੇ ਨੇ। ਉਹ ਮਿਹਣੇ ਮਾਰਦੇ ਨੇ ਕਿ ਪਤਾ ਨਹੀਂ ਇਹ ਬੱਚਾ ਇਨ੍ਹਾਂ ਕਿੱਥੋਂ ਚੁਕ ਲਿਆਂਦਾ ਸੀ। ਹੁਣ ਮੈਨੂੰ ਪਿਛਲੀਆਂ ਯਾਦਾਂ ਬਹੁਤ ਘੱਟ ਆਉਂਦੀਆਂ ਨੇ। ਮੇਰਾ ਜੰਮਣ-ਮਰਨ, ਹੁਣ ਸਭ ਕੁਝ ਇੱਥੇ ਈ ਆ। ਮੈਂ ਆਪਣੀ ਪਤਨੀ ਨਾਲ਼ ਵੀ ਕਦੇ ਗੱਲ ਨਹੀਂ ਸੀ ਕੀਤੀ। ਮੈਂ ਕਦੇ ਆਪਣੇ ਬੱਚਿਆਂ ਨਾਲ਼ ਵੀ ਕਦੇ ਆਪਣੀ ਕਹਾਣੀ ਸਾਂਝੀ ਨਹੀਂ ਸੀ ਕੀਤੀ। ਮੈਨੂੰ ਕਤਲ ਹੁੰਦੇ ਪਿਉ ਦੇ ਸੁਪਨੇ ਆਉਂਦੇ ਰਹੇ। ਮਾਂ ਦੀਆਂ ਚੀਕਾਂ ਵੀ ਮੇਰੇ ਕੰਨਾਂ 'ਚ ਗੂੰਜਦੀਆਂ ਰਹੀਆਂ, ਪਰ ਮੈਂ ਨਵੇਂ ਮਾਪਿਆਂ ਨੂੰ ਕਦੇ ਆਪਣੀ ਕਹਾਣੀ ਨਹੀਂ ਸੁਣਾਈ!" ਗੱਲ ਮੁਕਾਉਂਦਿਆਂ, ਉਹ ਉਦਾਸ ਜਿਹਾ ਮੁਸਕਰਾਇਆ ਸੀ।

"ਕਿਉਂ?" ਮੈਂ ਹੈਰਾਨ ਹੁੰਦਿਆਂ ਪੁੱਛਿਆ ਸੀ।

"ਉਹ ਵਿਚਾਰੇ ਏਹੋ ਸੋਚਦੇ ਰਹੇ ਕਿ ਮੈਨੂੰ ਅਤੀਤ ਦਾ ਕੁਝ ਵੀ ਯਾਦ ਨਹੀਂ। ਅਗਰ ਮੈਂ ਅਸਲੀਅਤ ਦੱਸਦਾ ਤਾਂ ਰਿਸ਼ਤਿਆਂ ਦਾ ਉਹ ਖ਼ੂਬਸੂਰਤ ਭਰਮ ਟੁੱਟ ਜਾਣਾ ਸੀ!" ਇਹ ਆਖ ਉਸਨੇ ਆਪਣੇ ਬਾਰ੍ਹਾਂ ਕੁ ਵਰ੍ਹਿਆਂ ਦੇ ਪੋਤਰੇ ਨੂੰ ਹਿੱਕ ਨਾਲ਼ ਲਗਾ ਕੇ ਡੁਸਕਣਾ ਸ਼ੁਰੂ ਕਰ ਦਿੱਤਾ ਸੀ।



■ ਅਨਾਰਕਲੀ ਬਾਜ਼ਾਰ (ਲਾਹੌਰ) ਵਿੱਚ ਬੰਸੀ ਮੰਦਿਰ ਹਵੇਲੀ ਦਾ ਝਰੋਕਾ

# ਰੇਤ 'ਚ ਰੌਣਕਾਂ ਲਾਉਣ ਦੀ ਫੌਜੀ-ਸਿਆਸੀ ਖੇਡ

## ਤਨਜ਼

**ਮੁਹੰਮਦ ਹਨੀਫ਼**



ਆਪਣੇ ਬਚਪਨ ਵਿੱਚ ਪਿੰਡ ਦੀ ਪਹਿਲੀ ਲੜਾਈ ਪਾਣੀ 'ਤੇ ਹੁੰਦੀ ਵੇਖੀ ਸੀ। ਕਿਸਾਨਾਂ ਅਤੇ ਛੋਟੇ ਜ਼ਿਮੀਦਾਰਾਂ ਦਾ ਪਿੰਡ ਸੀ, ਕਿਸੇ ਕੋਲ ਦੋ ਕਿੱਲੇ, ਤਾਂ ਕਿਸੇ ਕੋਲ ਚਾਰ, ਜ਼ਿਆਦਾ ਤੋਂ ਜ਼ਿਆਦਾ ਅੱਧਾ ਮੁਰੱਬਾ। ਇਹ ਨਿਮਾਣੇ ਲੋਕ ਥਾਣੇ-ਕਚਹਿਰੀਆਂ ਤੋਂ ਬਹੁਤ ਡਰਦੇ ਹਨ, ਮਿੱਟੀ ਨਾਲ ਮਿੱਟੀ ਹੋਏ ਮਜ਼ਦੂਰ ਹਨ, ਕੋਈ ਆਪਸ ਵਿੱਚ ਜ਼ਿਆਦਾ ਗਾਲ੍ਹ-ਮੰਦਾ ਵੀ ਨਹੀਂ ਕਰਦੇ ਸੀ।

ਪਰ ਜੇਕਰ ਕਿਸੇ ਨੇ ਨਹਿਰ ਦੇ ਮੋਗੇ ਨੂੰ ਵੱਢ ਲਗਾ ਦਿੱਤਾ ਜਾਂ ਕਿਸੇ ਦੀ ਪਾਣੀ ਦੀ ਵਾਰੀ ਨੂੰ 5 ਮਿੰਟ ਦੇਰੀ ਹੋ ਗਈ ਤਾਂ ਕਈਆਂ ਦੀਆਂ ਕੁਹਾੜੀਆਂ ਨਿਕਲ ਆਉਂਦੀਆਂ ਸਨ ਤੇ ਕਈਆਂ ਦੇ ਪਾਣੀ ਦੇ ਖਾਲਿ਼ਆਂ 'ਚ ਫੱਟੜ ਬੰਦੇ ਪਏ ਹੁੰਦੇ ਸੀ।

ਹੁਣ ਲੱਗਦਾ ਹੈ ਕਿ ਇਹੀ ਝਗੜਾ ਪਾਕਿਸਤਾਨ ਪੱਧਰ 'ਤੇ ਅੱਪੜ ਗਿਆ ਹੈ। ਸਾਡੇ ਕੋਲ ਮੁੱਢ-ਕਦੀਮ ਤੋਂ ਸਿੰਧ ਦਰਿਆ ਹੈ, ਜਿਹੜਾ ਸਦੀਆਂ ਤੋਂ ਹਿਆਤੀ ਦੇ ਰਿਹਾ ਹੈ, ਇਹ ਦਰਿਆ ਸਿੰਧ ਤੱਕ ਪਹੁੰਚਣ ਤੱਕ ਥੋੜ੍ਹਾ ਸੁੱਕ ਜਾਂਦਾ ਹੈ, ਪਾਣੀ ਘੱਟ ਹੋ ਜਾਂਦਾ ਹੈ।

ਹੁਣ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਵਿੱਚੋਂ 6 ਨਹਿਰਾਂ ਕੱਢ ਕਿ ਚੁਲਿਸਤਾਨ ਨੂੰ ਪਾਣੀ ਦਿੱਤਾ ਜਾਵੇਗਾ ਤੇ ਰੇਤ ਵਿੱਚ ਰੌਣਕਾਂ ਲਗਾਈਆਂ ਜਾਣਗੀਆਂ। ਹਾਲਾਂਕਿ ਸਿੱਧ ਦੇ ਲੋਕ ਤੈਸ਼ 'ਚ ਹਨ ਕਿ ਤੁਸੀਂ ਸਾਡੇ ਹਿੱਸੇ ਦਾ ਪਾਣੀ, ਪਹਿਲਾਂ ਹੀ ਸਾਨੂੰ ਨਹੀਂ ਦਿੰਦੇ, ਤੇ ਹੁਣ ਆਪਣੇ ਰੇਤ ਆਬਾਦ ਕਰਨ ਲਈ ਸਾਡੀਆਂ ਜ਼ਮੀਨਾਂ ਬੰਜਰ ਕਰਨ ਲੱਗੇ ਹੋ, ਅਸੀਂ ਇਹ ਕੰਮ ਨਹੀਂ ਹੋਣ ਦੇਵਾਂਗੇ।

ਪਰ ਇਨ੍ਹਾਂ ਨਹਿਰਾਂ ਦੀ ਲੋੜ ਕਿਉਂ ਪਈ?

ਪਾਕਿਸਤਾਨ ਦੀ ਫੌਜ ਨੇ ਸਰਕਾਰ ਨਾਲ ਰਲ਼ ਕੇ 'ਗ੍ਰੀਨ ਇਨੀਸ਼ੇਟਿਵ' ਨਾਂ ਦਾ ਮਨਸੂਬਾ ਬਣਾਇਆ ਹੈ। ਇਹ ਪਲਾਨ ਪਤਾ ਨਹੀਂ ਰਲ਼ ਕੇ ਬਣਾਇਆ ਹੈ ਜਾਂ ਫਿਰ ਉਪਰੋਂ ਆਡਰ ਆਇਆ ਹੈ ਕਿ ਅੱਜ ਤੋਂ ਅਸੀਂ ਜ਼ਿਮੀਦਾਰ ਤੇ ਤੁਸੀਂ ਸਾਡੇ ਮੁਜ਼ਾਹਰੇ, ਚੱਲੋਂ ਕੱਢੋਂ ਸਿੰਧ ਦਰਿਆ ਵਿੱਚੋਂ ਨਹਿਰਾਂ, ਵਿਰਾਨ ਕਰੋ ਆਬਾਦ, ਹੱਲ ਚਲ਼ਾਓ, ਖ਼ੁਦ ਵੀ ਖਾਓ, ਕਿਸਾਨ ਨੂੰ ਵੀ ਖਵਾਓ।

ਅਸੀਂ ਤੇ 'ਗ੍ਰੀਨ ਇਨੀਸ਼ੇਟਿਵ' ਦੀਆਂ ਸਿਰਫ਼ ਵੀਡੀਓ ਹੀ ਵੇਖੀਆਂ ਹਨ, ਜਿਨ੍ਹਾਂ ਵਿੱਚ ਡਰੋਨ ਬੀਜ ਸੁੱਟਦੇ ਨੇ, ਮਸ਼ੀਨਾਂ ਗੌਡੀ ਕਰ ਰਹੀਆਂ ਹਨ ਤੇ ਗ੍ਰੀਨ ਹਾਊਸ ਬਣੇ ਹਨ- ਕਿਸੇ ਨੇ ਕੰਪੀਊਟਰ 'ਤੇ ਬੈਠਿਆਂ ਹੀ ਜੰਗਲ ਵਿੱਚ ਮੰਗਲ ਕਰ ਛੱਡਿਆ ਹੈ।

ਪਾਕਿਸਤਾਨ ਇੱਕ ਜ਼ਰੀਨ ਮੁਲਕ ਸੀ, ਅੱਜ ਵੀ ਹੈ। ਸਾਰੀ ਉਮਰ ਸੁਣਦੇ ਆਏ ਹਾਂ ਕਿ ਸਾਡੀ ਧਰਤੀ ਇੰਨੀ ਜ਼ਰਖੇਜ ਹੈ ਕਿ ਪਾਕਿਸਤਾਨ 'ਚ ਕੋਈ ਭੁੱਖਾ ਨਹੀਂ ਸੌਂਦਾ। ਭਾਵੇਂ ਕਿ ਅੱਜ-ਕੱਲ ਇਹ ਸਵਾਲ ਪੁੱਛਦੇ ਡਰ ਲੱਗਦਾ ਹੈ ਕਿ ਕਿਤੇ ਕੋਈ ਸਫ਼ੈਦਪੋਸ਼ ਸੱਚ ਹੀ ਨਾ ਦੱਸ ਦੇਵੇ, ਤੇ ਰਾਸ਼ਨ ਦੇ ਪੈਸੇ ਨਾ ਮੰਗਣ ਲੱਗ ਜਾਵੇ।

ਵਾਹੀ-ਬੀਜੀ ਤੇ ਪਾਕਿਸਤਾਨ 'ਚ ਸਦੀਆਂ ਤੋਂ ਹੋ ਰਹੀਆਂ ਸੀ ਤੇ ਹੁਣ ਸਾਡੀ ਫੌਜ ਨੂੰ ਇਸ ਕੰਮ ਦੀ ਲੋੜ ਕਿਉਂ ਪੈ ਗਈ, ਉਸ ਕੋਲ ਪਹਿਲਾਂ ਕਿਤੇ ਘੱਟ ਕੰਮ ਹਨ, 30-35 ਵਰ੍ਹਿਆਂ ਤੋਂ ਪੂਰਾ ਸਮਾਂ ਕੰਮ ਹੈ ਦਹਿਸ਼ਤਗਰਦਾਂ ਖਿਲਾਫ਼ ਲੜਨਾ। ਉਹ ਹਾਰੇ ਚਾਹੇ ਜਿੱਤੇ, ਫੌਜ ਇਹ ਕੰਮ ਕਰਦੀ ਰਹਿੰਦੀ ਹੈ ਪਰ ਇਸ ਦੇ ਨਾਲ ਹੋਰ ਵੀ ਕਈ ਕੰਮ ਸਹੇੜ ਰੱਖੇ ਹਨ, ਲਿਸਟ ਹੀ ਚੁੱਕ ਕੇ ਵੇਖ ਲਵੋ।

ਫੌਜ ਸਾਡੀ, ਨਾਸ਼ਤੇ 'ਤੇ ਜਿਹੜਾ ਸੀਰੀਅਲਜ਼ ਖਾਣਾ ਹੁੰਦਾ ਹੈ, ਉਹ ਬਣਾਉਂਦੀ ਹੈ; ਖਾਦ, ਗੈਸ ਵੇਚਦੀ ਹੈ, ਬੈਂਕ ਚਲਾਉਂਦੀ ਹੈ; ਚੀਨੀ, ਦੁੱਧ, ਮੱਖਣ, ਛੋਟਾ-ਵੱਡਾ ਗੋਸ਼ਤ ਦਾ ਕੰਮ ਕਰਦੀ ਹੈ। ਪ੍ਰਾਈਵੇਟ ਸਿਕਿਉਰਿਟੀ ਗਾਰਡ ਤੇ ਚੋਰਾਂ ਦਾ ਖੁਰਾ ਲਗਾਉਣ ਵਾਲੇ ਖੋਜੀ ਕੁੱਤੇ ਕਿਰਾਏ 'ਤੇ ਦਿੰਦੀ ਹੈ। ਪਲਾਟਾਂ, ਫਲੈਟਾਂ ਅਤੇ ਹਾਉਸਿੰਗ ਸੁਸਾਇਟੀਆਂ ਦਾ ਕੰਮ ਤੇ ਇੰਨਾ ਫੈਲ ਗਿਆ ਹੈ ਕਿ ਹੁਣ ਬਾਰਡਰ ਤੱਕ ਪਹੁੰਚ ਗਿਆ ਹੈ। ਇਹ ਤੇਲ ਵੀ ਵੇਚਦੀ ਹੈ ਤੇ ਹੁਣ ਸੁਣਿਆ ਹੈ ਕਿ ਜੁੱਤੀਆਂ-ਕੱਪੜੇ ਵੀ ਬਣਾ ਲੈਂਦੀ ਹੈ।

ਇੱਕ ਵਾਹੁਣ-ਬੀਜਣ ਵਾਲਾ ਕੰਮ ਬਚਿਆ ਸੀ, ਜਿਹੜਾ ਸਿੰਧ ਦਰਿਆ ਦੀ ਬਰਕਤ ਤੋਂ ਸਦੀਆਂ ਤੋਂ ਚੱਲ ਰਿਹਾ ਸੀ। ਪਹਿਲੇ ਵੀ ਅਰਜ਼ ਕੀਤੀ ਹੈ ਕਿ ਕਿਸਾਨ ਹਰ ਗੱਲ 'ਤੇ ਸਬਰ-ਸ਼ੁਕਰ ਕਰ ਲੈਂਦੇ ਹਨ, ਪਰ ਪਾਣੀ ਦੀ ਵਾਰੀ ਦੀ ਵਸਾ ਨਹੀਂ ਖਾਂਦੇ। ਹੁਣ ਉਹ ਵੀ ਸੋਚਦੇ ਹੋਣਗੇ ਕਿ ਜੇ ਜ਼ਿਮੀਦਾਰੀ ਵੀ ਸਾਡੇ ਫੌਜੀ ਭਰਾਵਾਂ ਕਰਨੀ ਹੈ, ਫਿਰ ਸਾਨੂੰ ਭਾਵੇਂ ਭਰਤੀ ਕਰਕੇ ਬਾਰਡਰ 'ਤੇ ਭੇਜ ਦੇਵੋ!

# ਕਾਲੀਆਂ ਭੇਡਾਂ



ਵਿਅੰਗ

ਪਰਮਜੀਤ ਢੀਂਗਰਾ
ਫੋਨ:+91-9417358120



ਬਖਸ਼ੀ ਰਾਮ ਦਾ ਹੱਥ ਵਾਰ ਵਾਰ ਮੇਜ਼ 'ਤੇ ਪਈ ਘੰਟੀ ਵੱਲ ਚਲਾ ਜਾਂਦਾ ਤੇ ਕੰਬਦੀਆਂ ਉਂਗਲਾਂ ਨਾਲ ਉਹ ਘੰਟੀ ਦੱਬ ਦੇਂਦਾ। ਹੰਸਾ ਜਿਓਂ ਹੀ ਟਰਨ... ਟਰਨ... ਦੀ ਆਵਾਜ਼ ਸੁਣਦਾ, ਦੌੜਦਾ ਹੋਇਆ ਆਉਂਦਾ, "ਜੀ, ਜਨਾਬ...।"

"ਕੁਝ ਨਹੀਂ, ਜਾਹ ਪਾਣੀ ਦਾ ਗਲਾਸ ਲਿਆ।"

ਉਹ ਚੁੱਪ-ਚਾਪ ਪਾਣੀ ਦਾ ਗਲਾਸ ਮੇਜ਼ 'ਤੇ ਰੱਖ ਕੇ ਕੁਝ ਪਲ ਰੁਕਦਾ ਕਿ ਸ਼ਾਇਦ ਸਾਹਿਬ ਕੁਝ ਹੋਰ ਆਖੇ, ਪਰ ਬਖਸ਼ੀ ਰਾਮ ਨੂੰ ਤਰੇਲੀਆਂ ਆ ਰਹੀਆਂ ਸਨ। ਉਹ ਸਵੇਰ ਦਾ ਬੈਠਾ ਇੱਕ ਵੱਡੀ ਡਿਕਸ਼ਨਰੀ ਫੋਲ ਫੋਲ ਥੱਕ ਗਿਆ ਸੀ।

ਉਹਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਇਹੋ ਜਿਹਾ ਭਾਣਾ ਵੀ ਵਾਪਰ ਸਕਦਾ ਹੈ। ਉਂਜ ਉਹ ਹਰ ਰੋਜ਼ ਇਹ ਸ਼ਬਦ ਸੁਣਦਾ ਵੀ ਆ ਰਿਹਾ ਸੀ ਤੇ ਵਰਤਦਾ ਵੀ; ਪਰ ਵੱਡੀ ਸਰਕਾਰ ਨੇ ਇਹ ਨਵੀਂ ਭਸੂੜੀ ਪਾ ਦਿੱਤੀ ਸੀ- ਅਖੇ ਇਸ ਸ਼ਬਦ ਬਾਰੇ ਵਿਸਥਾਰ ਨਾਲ ਰਿਪੋਰਟ ਭੇਜੋ ਤਾਂ ਕਿ ਵੱਖ-ਵੱਖ ਮਹਿਕਮਿਆਂ ਵਿੱਚ ਇਨ੍ਹਾਂ ਦੀ ਪਛਾਣ ਯਕੀਨੀ ਬਣਾਈ ਜਾ ਸਕੇ।

ਬਖਸ਼ੀ ਰਾਮ ਨੇ ਪੰਜਾਬੀ ਸਕੂਲ ਤੋਂ ਅੱਗੇ ਪੜ੍ਹੀ ਨਹੀਂ ਸੀ। ਬੀ.ਏ. ਅੰਗਰੇਜ਼ੀ ਵਿੱਚ ਕਰਕੇ ਉਹ ਭਲੇ ਵੇਲਿਆਂ ਵਿੱਚ ਬਾਬੂ ਲੱਗ ਗਿਆ ਸੀ। ਉਦੋਂ ਬਾਬੂ ਦਫਤਰਾਂ ਦੇ ਮਾਲਕ ਸਮਝੇ ਜਾਂਦੇ ਸਨ। ਉਨ੍ਹਾਂ ਦਾ ਰੁਤਬਾ ਸ਼ਹਿਦ ਦੇ ਛੱਤੇ ਦੀ ਰਾਣੀ ਮੱਖੀ ਵਰਗਾ ਹੁੰਦਾ ਸੀ, ਮਜਾਲ ਕੋਈ ਚੂੰ ਕਰ ਜਾਵੇ। ਲੋਕਾਂ ਨੂੰ ਵੀ ਪਤਾ ਹੁੰਦਾ ਸੀ ਕਿ ਜੇ ਕੰਮ ਕਰਾਉਣਾ ਹੈ ਤਾਂ ਬਾਬੂ ਦੀ ਖੁਸ਼ਾਮਦ ਦੇ ਨਾਲ ਨਾਲ ਚਾਂਦੀ ਦਾ ਪਹੀਆ ਵੀ ਜ਼ਰੂਰੀ ਹੈ। ਜੇ ਕੋਈ ਹਮਕੀ-ਤੁਮਕੀ ਵਾਲਾ ਚਾਂਦੀ ਦੇ ਪਹੀਏ ਤੱਕ ਨਾ ਪਹੁੰਚਦਾ ਤਾਂ ਬਾਬੂ ਟਿੰਡ ਵਿੱਚ ਅਜਿਹਾ ਕਾਨਾ ਪਾਉਂਦਾ ਕਿ ਪਹੀਆ ਨਾ ਦੇਣ ਵਾਲਾ ਚਾਂਦੀ ਦੀ ਬੱਘੀ ਦੇਣ ਲਈ ਵੀ ਤਿਆਰ ਹੋ ਜਾਂਦਾ। ਇੰਜ ਹੀ ਪਹੀਆ ਪਹੀਆ ਜੋੜ ਕੇ ਉਹ ਅਫਸਰ ਦੀ ਪਦਵੀ ਤੱਕ ਜਾ ਪਹੁੰਚਿਆ ਸੀ।

ਜਦੋਂ ਦੀ ਨਵੀਂ ਹਕੂਮਤ ਆਈ ਸੀ, ਬਖਸ਼ੀ ਰਾਮ ਕੋਲ ਚਾਂਦੀ ਦੇ ਪਹੀਏ ਘੱਟ ਗਏ ਸਨ, ਪਰ ਉਹ ਵੀ ਗੁਰੂ ਘੰਟਾਲ ਸੀ। ਉਹਨੇ ਬਾਬੂਗਿਰੀ ਵਿੱਚ ਹੁਣ ਤੱਕ ਮਾਸਟਰ ਦੀਆਂ ਕਈ ਡਿਗਰੀਆਂ ਚੁੱਪ-ਚੁੱਪੀਤੇ ਡੂੱਕ ਲਈਆਂ ਸਨ। ਕਈ ਨਵੇਂ ਨਵੇਂ ਬਣੇ ਬਾਬੂ ਉਹਨੂੰ ਗੁਰੂ ਧਾਰਨ ਨੂੰ ਫਿਰਦੇ ਸਨ। ਉਹ ਗੁਰੂ ਬਨਣ ਤੋਂ ਪਹਿਲਾਂ ਹੀ ਹਿੱਸਾ ਪੱਤੀ ਤੈਅ ਕਰ ਲੈਂਦਾ। ਇੰਜ ਉਹਨੂੰ ਬਹੁਤੀ ਸਿਰ-ਖਪਾਈ ਵੀ ਨਹੀਂ ਸੀ ਕਰਨੀ ਪੈਂਦੀ। ਦੂਜਾ ਹੁਣ ਉਹ ਕਿਸੇ ਵੀ ਅਸਾਮੀ ਨਾਲ ਦਫਤਰ ਵਿੱਚ ਸੌਦਾ ਨਹੀਂ ਸੀ ਕਰਦਾ। ਪਹਿਲਾਂ ਚੰਗੀ ਤਰ੍ਹਾਂ ਪਰਖ ਕਰ ਲੈਂਦਾ ਸੀ ਕਿ ਬੰਦਾ ਕੋਈ ਸਰਕਾਰੀਆ ਤਾਂ ਨਹੀਂ! ਹੁਣ ਕਿਹੜਾ ਕਿਸੇ ਦੇ ਮੂੰਹ 'ਤੇ ਲਿਖਿਆ ਹੁੰਦਾ ਹੈ ਕਿ ਇਹ ਸਰਕਾਰੀਆ ਹੈ ਕਿ ਉਂਜ ਹੀ ਮੁਸੀਬਤ ਦਾ ਮਾਰਿਆ! ਇਹੋ ਜਿਹੇ ਬੰਦਿਆਂ ਦੀ ਪਛਾਣ ਲਈ ਉਹਨੇ ਆਪਣੀ ਤਰਕੀਬ ਘੜ ਲਈ ਸੀ। ਉਹ ਸਰਕਾਰ ਦੀ ਰੱਜ ਕੇ ਤਾਰੀਫ ਕਰਦਾ। ਜੇ ਅੱਗੋਂ ਅਸਾਮੀ ਵੀ ਉਹਦੀ ਹਾਂ ਵਿੱਚ ਹਾਂ ਮਿਲਾਉਂਦੀ ਸਿਫਤਾਂ ਦੇ ਪੁਲ਼ ਬੰਨਣ ਲੱਗ ਜਾਂਦੀ ਤਾਂ ਸਮਝੋ ਇਹ ਸਰਕਾਰੀ ਤੋਤਾ ਹੈ। ਇਹਦੇ ਤੋਂ ਹੁਸ਼ਿਆਰ ਰਹਿਣ ਦੀ ਲੋੜ ਹੈ।

ਜੇ ਕਿਤੇ ਅਸਾਮੀ ਅੱਗੋਂ ਚਾਰੇ ਖੁਰ ਚੁੱਕ ਕੇ ਸਰਕਾਰ ਨੂੰ ਪੈ ਨਿਕਲੇ ਤੇ ਚੋਣਾਂ ਵਿੱਚ ਕੀਤੇ ਵਾਅਦਿਆਂ ਦੇ ਪੋਤੜੇ ਫੋਲਣ ਲੱਗ ਜਾਵੇ ਤਾਂ ਸਮਝੋ ਕਿ ਝੋਟਾ ਚੋਇਆ ਜਾ ਸਕਦਾ ਹੈ। ਇਹੋ ਜਿਹੀਆਂ ਅਸਾਮੀਆਂ ਨੂੰ ਬਖਸ਼ੀ ਰਾਮ ਹੋਰ ਉਕਸਾਂਦਾ ਤੇ ਨਾਲ ਨਾਲ ਕਹਿੰਦਾ, "ਭਾਈ ਸਾਡਾ ਕੀ ਕਸੂਰ, ਆਵਾ ਹੀ ਊਤਿਆ ਪਿਐ। ਅਸੀਂ ਤਾਂ ਚਾਹੁੰਦੇ ਆਂ ਕਿ ਕਿਸੇ ਦੀ ਖੱਜਲ ਖੁਆਰੀ ਨਾ ਹੋਏ, ਹਰ ਇੱਕ ਦਾ ਕੰਮ ਬਿਨਾ ਪੈਸੇ ਤੋਂ ਹੋਵੇ, ਪਰ ਕੀ ਕਰੀਏ ਉਪਰਲੇ ਸਾਡੀ ਜਾਨ ਖਾ ਜਾਂਦੇ ਨੇ। ਜੇ ਇੱਕ ਮਹੀਨਾ ਵੀ ਭੱਤਾ ਲੇਟ ਹੋ ਜਾਏ ਤਾਂ ਉਨ੍ਹਾਂ ਦਾ ਇੱਕੋ ਤਾਹਨਾ ਹੁੰਦਾ, ਲੱਗਦੈ ਸੀਟ ਚੂੰਡੀਆਂ ਵੱਢਦੀ ਐ। ਜਲਦੀ ਜੈਤੋ ਮਿਲੂਗੀ ਢਿਚਕੂੰ ਢਿੰਚਕੂ ਕਰਦੀ ਕੁਰਸੀ। ਸਾਰਾ ਦਿਨ ਮੂੰਹ ਤੋਂ ਬਰਸਾਤੀ ਮੱਖੀ ਨਹੀਂ ਉੱਡਣੀ।"

ਉਹ ਅਸਾਮੀ ਵੱਲ ਨਿਗ੍ਹਾ ਮਾਰਦਾ। ਅਸਾਮੀ ਅੱਗੋਂ ਉਹਨੂੰ ਤਾੜ ਰਹੀ ਹੁੰਦੀ ਕਿ ਹੁਣ ਭਾਅ ਕੀ ਲੱਗੇਗਾ, ਮੋਲ-ਤੋਲ ਦੀ ਕੋਈ ਗੁੰਜਾਇਸ਼ ਹੈ ਕਿ ਨਹੀਂ। ਹਾਲਾਂਕਿ ਬਖਸ਼ੀ ਰਾਮ ਨੇ ਪਹਿਲਾਂ ਹੀ ਏਜੰਟ ਰੱਖੇ ਹੋਏ ਸਨ ਤੇ ਉਹ ਚੰਗੀ ਤਰ੍ਹਾਂ ਸਮਝਾ ਦੇਂਦੇ ਸਨ ਕਿ ਕਿੰਨਾ ਕੁ ਭਾਰ ਪਾਉਣਾ ਪਏਗਾ ਤੇ ਫਾਈਲ ਝੱਟ ਅਫਸਰ ਕੋਲੋਂ ਘੁੱਗੀ ਮਰਵਾ ਕੇ ਚੰਡੀਗੜ੍ਹ ਵੱਲ ਉੱਡਣ ਲੱਗ ਜਾਏਗੀ। ਇਸ ਉਡਾਣ ਵਿੱਚ ਏਜੰਟ ਆਪਣਾ ਹਿੱਸਾ ਪਹਿਲਾਂ ਹੀ ਬਰੈਕਟ ਲਾ ਕੇ ਰਾਖਵਾਂ ਕਰ ਲੈਂਦੇ।

ਜੇ ਕਿਸੇ ਅਸਾਮੀ ਨੂੰ ਜ਼ਿਆਦਾ ਕਾਹਲੀ ਹੁੰਦੀ ਤੇ ਚੰਡੀਗੜ੍ਹ ਫਾਈਲ ਦਾ ਪਤਾ-ਟਿਕਾਣਾ ਲੱਭਣਾ ਹੁੰਦਾ ਤਾਂ ਇਹਦੇ ਲਈ ਡੀਲ ਹੁੰਦੀ ਤੇ ਉਪਰ ਤੱਕ ਦਾ ਹਿੱਸਾ ਇਸ ਵਿੱਚ ਸ਼ਾਮਲ ਕਰਕੇ ਗੰਢ ਬੰਨ੍ਹ ਦਿੱਤੀ ਜਾਂਦੀ; ਪਰ ਉਪਰ ਕੰਮ ਕਰਾਉਣ ਦੀ ਗਾਰੰਟੀ ਬਿਲਕੁਲ ਨਾ ਲਈ ਜਾਂਦੀ ਕਿਉਂਕਿ ਉਪਰਲਿਆਂ ਦਾ ਆਪਣਾ ਨੈੱਟਵਰਕ ਤੇ ਏਜੰਟ ਸਨ। ਉਨ੍ਹਾਂ ਦੇ ਭਾਰ ਵੀ ਵੱਖਰੇ ਸਨ।

ਬਖਸ਼ੀ ਰਾਮ ਖਿਆਲਾਂ ਵਿੱਚ ਗੋਤੇ ਲਾਉਂਦਾ ਕਦੇ ਡੁੱਬਦਾ ਕਦੇ ਤੈਰਦਾ ਘੰਟੀ ਤੋਂ ਹੱਥ ਚੁੱਕ ਹੀ ਨਹੀਂ ਸੀ ਰਿਹਾ। ਹੰਸ ਰਾਜ ਉਡੀਕ ਵਿੱਚ ਖੜਾ ਸੀ ਕਿ ਫਾਇਰ ਬ੍ਰਿਗੇਡ ਦੀ ਘੰਟੀ ਬੰਦ ਹੋਵੇ ਤਾਂ ਉਹ ਸਾਹਿਬ ਨੂੰ ਪੁੱਛੇ ਕਿ ਕੀ ਹੁਕਮ ਐ, ਜਨਾਬ! ਪਰ ਸਾਹਿਬ ਤਾਂ ਜਿਵੇਂ ਡੌਰ ਭੌਰਾ ਹੋਇਆ ਡਿਕਸ਼ਨਰੀ ਫੋਲੀ ਜਾ ਰਿਹਾ ਸੀ, ਜਿਵੇਂ ਉਹਦੇ 'ਚ ਕੋਈ ਅਸਾਮੀ ਗੁਆਚ ਗਈ ਹੋਵੇ।

ਸਾਰੀ ਰਾਤ ਉਹਨੂੰ ਨੀਂਦ ਨਹੀਂ ਸੀ ਆਈ। ਜਦੋਂ ਉਹ ਭੇਡ ਬਾਰੇ ਸੋਚਦਾ ਤਾਂ ਸਮਝ ਨਹੀਂ ਸੀ ਆ ਰਹੀ ਕਿ ਉਹਨੇ ਕਾਲੀ ਭੇਡ ਤਾਂ ਕਦੇ ਸਕੂਲ ਦੀ ਕਿਤਾਬ ਵਿੱਚ ਵੀ ਨਹੀਂ ਸੀ ਦੇਖੀ, ਜਿੱਥੇ ਅਕਸਰ 'ਭ' ਭੇਡ ਰਟਾਈ ਜਾਂਦੀ। ਕਦੇ ਕਦੇ ਉਹ ਸੋਚਦਾ ਕਿ 'ਭ' ਸਿਰਫ ਭੇਡ ਲਈ ਹੀ ਕਿਉਂ ਰਾਖਵਾਂ ਹੈ? ਇਹ ਹੋਰ ਕੋਈ ਕਿਉਂ ਨਹੀਂ ਹੋ ਸਕਦਾ, ਮਸਲਨ ਭੇਡੂ, ਮੱਛਰ ਦੀ ਭੀਂ ਭੀਂ, ਭੁਜਿਆ ਹੋਇਆ ਬਤਊਂ, ਭੇਜਾ। ਉਹਨੂੰ ਲੱਗਦਾ ਭੇਡ ਹੀ ਠੀਕ ਹੈ। ਹਾਲਾਂਕਿ ਉਹਨੇ ਕਦੇ ਭੇਡ ਨੂੰ ਹੱਥ ਲਾ ਕੇ ਨਹੀਂ ਸੀ ਦੇਖਿਆ। ਸ਼ਹਿਰਾਂ ਵਿੱਚ ਭੇਡਾਂ ਹੁੰਦੀਆਂ ਹੀ ਨਹੀਂ।

ਪਰ ਵੱਡੀ ਸਰਕਾਰ ਨੇ ਕਾਲੀਆਂ ਭੇਡਾਂ ਦਾ ਇਹ ਨਵਾਂ ਹੀ ਰੱਫੜ ਪਾ ਦਿੱਤਾ ਸੀ। ਹਾਲਾਂਕਿ ਉਹਨੇ ਕਾਲੀ ਕਮਾਈ, ਕਾਲੀਆਂ ਇੱਟਾਂ, ਕਾਲੇ ਰੋੜ, ਕਾਲੀ ਨਾਗਣੀ, ਕਾਲੀ ਗੁੱਤ, ਕਾਲੀਆਂ ਅੱਖਾਂ, ਕਾਲੇ ਸਿਆਹ ਬੰਦੇ, ਕਾਲੀ ਬੱਦਲੀ, ਕਾਲੀ ਦੀਵਾਲੀ ਤੇ ਇੱਥੋਂ ਤੱਕ ਦਾਲ ਵਿੱਚ ਕਾਲਾ ਤੇ ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲੇ ਬਾਰੇ ਵੀ ਅਕਸਰ ਸੁਣਿਆ ਸੀ; ਪਰ ਕਾਲੀਆਂ ਭੇਡਾਂ ਬਾਰੇ ਉਹਦਾ ਗਿਆਨ ਸਿਫਰ ਬਰਾਬਰ ਸੀ।

ਹੁਣ ਤਤਕਾਲ ਮੰਗੀ ਜਾਣਕਾਰੀ ਅਨੁਸਾਰ ਕਾਲੀਆਂ ਭੇਡਾਂ ਦੀ ਰਿਪੋਰਟ ਤਿਆਰ ਕਰਕੇ ਉਪਰ ਭੇਜਣੀ ਸੀ। ਜਿੰਨੀ ਸਿਰ ਖਪਾਈ ਉਹਨੇ ਕਰਨੀ ਸੀ, ਕਰ ਲਈ। ਕਈ ਕੋਸ਼ ਫੋਲ ਲਏ, ਕਈ ਮਹਿਕਮਿਆਂ ਤੋਂ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਮਹਿਕਮੇ ਵਿੱਚ ਕਾਲੀਆਂ ਭੇਡਾਂ ਹਨ, ਜੇ ਹਨ ਤਾਂ ਕਿੰਨੀਆਂ? ਪਰ ਕਿਤਿਓਂ ਵੀ ਕੋਈ ਸੁਰਾਗ ਨਹੀਂ ਸੀ ਲੱਭ ਰਿਹਾ। ਕਦੇ ਉਹਨੂੰ ਲੱਗਦਾ ਕਿਸੇ ਨੇ ਕੋਈ ਸ਼ਰਾਰਤ ਹੀ ਨਾ ਕੀਤੀ ਹੋਵੇ, ਪਰ ਵੱਡੇ ਦਫਤਰ ਦਾ ਨੰਬਰ ਤੇ ਲੱਗੀ ਮੋਹਰ ਦੇਖ ਕੇ ਉਹਨੂੰ ਯਕੀਨ ਹੋ ਗਿਆ ਕਿ ਇਹ ਕਾਲੀਆਂ ਭੇਡਾਂ ਦਾ ਮਸਲਾ ਖਾਸਾ ਵੱਡਾ ਤੇ ਅਹਿਮ ਹੈ। ਇਸੇ ਕਰਕੇ ਤੁਰੰਤ ਰਿਪੋਰਟ ਮੰਗੀ ਗਈ ਹੈ, ਤਾਂ ਜੋ ਇਨ੍ਹਾਂ ਦੀ ਪਛਾਣ ਕਰਕੇ ਉਚਿਤ ਕਾਰਵਾਈ ਕੀਤੀ ਜਾ ਸਕੇ।

ਅਖੀਰ ਉਹਨੇ ਪਿਛਲਾ ਰਿਕਾਰਡ ਵੀ ਤਾੜ ਲਿਆ ਕਿ ਜਿੰਨੀ ਭਰਤੀ ਹੋਈ ਸੀ, ਉਹਦੇ ਵਿੱਚ ਕੋਈ ਕਾਲੀ ਭੇਡ ਤਾਂ ਨਹੀਂ? ਪਰ ਸਾਰੇ ਰਿਕਾਰਡ ਵਿੱਚ ਇਹਦੇ ਨਾਲ ਸੰਬੰਧਤ ਕੋਈ ਖਾਨਾ ਨਹੀਂ ਸੀ। ਉਹਨੇ ਸਰਕਾਰੀ ਮੈਨੂਅਲ ਦੀ ਵੀ ਫੋਲਾਫਾਲੀ ਕੀਤੀ, ਪਰ ਕਾਲੀਆਂ ਭੇਡਾਂ ਸ਼ਬਦ ਬਾਰੇ ਕੁਝ ਵੀ ਸਪੱਸ਼ਟ ਨਹੀਂ ਸੀ। ਅਖੀਰ ਉਹਨੇ ਫੈਸਲਾ ਕਰ ਲਿਆ ਕਿ ਉਹ ਰਿਪੋਰਟ ਨਿੱਲ ਕਰਕੇ ਭੇਜ ਦਏਗਾ ਕਿ ਇੱਥੇ ਕੋਈ ਕਾਲੀ ਭੇਡ ਨਹੀਂ, ਬਸ ਟੰਟਾ ਖਤਮ!

ਉਹਨੇ ਘੰਟੀ ਮਾਰੀ ਤੇ ਹੰਸ ਰਾਜ ਨੂੰ ਚਾਹ ਲਿਆਉਣ ਲਈ ਕਿਹਾ। ਟੁਆਇਲਟ ਵਿੱਚ ਜਾ ਕੇ ਹੌਲਾ ਹੋ ਕੇ ਉਹਨੇ ਮੂੰਹ ਧੋਤਾ ਤੇ ਸ਼ੀਸ਼ੇ ਸਾਹਮਣੇ ਖਲੋ ਕੇ ਵਾਲ ਵਾਹੁਣ ਹੀ ਲੱਗਾ ਸੀ ਕਿ ਇੱਕ ਦਮ ਉਹਦੀ ਚੀਕ ਨਿਕਲਦੀ ਗਲੇ ਵਿੱਚ ਫਸ ਗਈ। ਸ਼ੀਸ਼ੇ ਵਿੱਚ ਕਾਲੀ ਭੇਡ ਜੀਭ ਕੱਢੀ ਉਹਨੂੰ ਅੱਖਾਂ ਕੱਢ ਰਹੀ ਸੀ। ਸ਼ੀਸ਼ੇ ਤੋਂ ਪਰ੍ਹਾਂ ਹੋ ਕੇ ਉਹ ਸੋਚਣ ਲੱਗਾ ਕਿ ਇਹਦਾ ਮਤਲਬ ਹੈ ਦਫਤਰ ਵਿੱਚ ਕਾਲੀ ਭੇਡ ਹੈ ਜ਼ਰੂਰ। ਉਹਨੇ ਇੱਕ ਵਾਰ ਫਿਰ ਸ਼ੀਸ਼ੇ ਵਿੱਚ ਦੇਖਣ ਦਾ ਜੇਰਾ ਕੀਤਾ, ਪਰ ਭੇਡ ਟੱਸ ਤੋਂ ਮੱਸ ਨਹੀਂ ਸੀ ਹੋਈ, ਸਗੋਂ ਉਹਦਾ ਰੰਗ ਹੋਰ ਕਾਲਾ ਸ਼ਾਹ ਹੋ ਗਿਆ ਸੀ।

ਉਹਨੇ ਕੁਰਸੀ 'ਤੇ ਆਕੜ ਭੰਨਦਿਆਂ ਸਟੈਨੋ ਨੂੰ ਨੋਟਿਸ ਲਿਖਵਾਇਆ ਕਿ ਸਵੇਰੇ ਹਾਜ਼ਰੀ ਤੋਂ ਬਾਅਦ ਸਾਰੇ ਕਰਮਚਾਰੀ ਵੱਡੇ ਦਫਤਰ ਵਿੱਚ ਇਕੱਠੇ ਹੋ ਕੇ ਸ਼ੀਸ਼ੇ ਵਿੱਚ ਆਪਣੀ ਆਪਣੀ ਸ਼ਕਲ ਦੇਖਣਗੇ ਤਾਂ ਕਿ ਕਾਲੀਆਂ ਭੇਡਾਂ ਦੀ ਪਛਾਣ ਕੀਤੀ ਜਾ ਸਕੇ। ਕੱਲ੍ਹ ਕਿਸੇ ਨੂੰ ਛੁੱਟੀ ਨਹੀਂ ਮਿਲੇਗੀ। ਇਸ ਨੋਟਿਸ ਨੂੰ ਅਤੀ ਜ਼ਰੂਰੀ ਸਮਝਿਆ ਜਾਵੇ। ਗੈਰ-ਹਾਜ਼ਰ ਕਰਮਚਾਰੀ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਬਾ ਹੁਕਮ...।

# ਇਨਾਮਾਂ-ਸਨਮਾਨਾਂ ਦੀ ਦੌੜ

ਚੋਭਾਂ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਚੰਗੀ, ਗੁਣਕਾਰੀ ਅਤੇ ਸੇਧਮਈ ਸਾਹਿਤ ਰਚਨਾ ਕਰਨ ਦਾ ਗੁਣ ਆਪਣੇ ਆਪ ਵਿੱਚ ਹੀ ਕਿਸੇ ਸ਼ਖ਼ਸ 'ਤੇ ਪਰਮਾਤਮਾ ਵੱਲੋਂ ਕੀਤੀ ਗਈ ਇੱਕ ਅਮੁੱਲੀ ਬਖ਼ਸ਼ਿਸ਼ ਹੈ ਤੇ ਉਹ ਬੜੇ ਹੀ ਸੁਭਾਗੇ ਜੀਵ ਹੁੰਦੇ ਹਨ, ਜੋ ਬਤੌਰ ਸਾਹਿਤਕਾਰ ਚੰਗੇਰਾ ਸਾਹਿਤ ਰਚ ਕੇ ਆਪਣੀ ਮਾਂ ਬੋਲੀ, ਆਪਣੇ ਲੋਕ ਸਾਹਿਤ, ਆਪਣੇ ਸੱਭਿਆਚਾਰ, ਆਪਣੇ ਲੋਕ ਵਿਰਸੇ, ਆਪਣੇ ਮੁਲਕ ਅਤੇ ਆਪਣੇ ਮੁਲਕਵਾਸੀਆਂ ਦੇ ਨਾਲ-ਨਾਲ ਸਮੁੱਚੇ ਸੰਸਾਰ ਦੇ ਭਲੇ ਨਾਲ ਜੁੜੇ ਸਰੋਕਾਰਾਂ ਨੂੰ ਉਭਾਰਨ ਤੇ ਪ੍ਰਚਾਰਨ ਦੀ ਸੇਵਾ ਕਰਦੇ ਹਨ। ਇਸ ਮਹਾਨ ਕਾਰਜ ਨੂੰ ਕਰਦਿਆਂ ਇੱਕ ਸਾਹਿਤਕਾਰ ਨੂੰ ਇਸ ਗੱਲ ਦਾ ਫ਼ਖ਼ਰ ਮਹਿਸੂਸ ਕਰਨਾ ਚਾਹੀਦਾ ਹੈ ਕਿ ਪਰਮਾਤਮਾ ਨੇ ਇਸ ਵਡਮੁੱਲੀ ਸੇਵਾ ਲਈ ਉਸਨੂੰ ਚੁਣਿਆ ਹੈ ਤੇ ਉਸ ਸੇਵਾ ਨੂੰ ਬਾਖ਼ੂਬੀ ਨਿਭਾਉਣ ਦੀ ਸੂਝ ਤੇ ਸਮਰੱਥਾ ਉਸਦੀ ਝੋਲੀ ਪਾਈ ਹੈ; ਕਿਉਂਕਿ ਇੱਕ ਚੰਗਾ ਸਾਹਿਤਕਾਰ ਬਣਨਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ ਹੈ। 'ਧੰਨੁ ਲੇਖਾਰੀ ਨਾਨਕਾ' ਜਿਹਾ ਮਹਾਂਵਾਕ ਆਪਣੇ ਆਪ ਵਿੱਚ ਹੀ ਅਰਥਾਂ ਦਾ ਸਮੁੰਦਰ ਸਮੋਈ ਬੈਠਾ ਹੈ। ਹੁਣ ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਾਹਿਤਕਾਰਾਂ ਨੂੰ ਮਾਇਕ ਜਾਂ ਪਦਾਰਥਕ ਰੂਪ ਵਿੱਚ ਮਾਣ-ਸਨਮਾਨ ਮਿਲਣਾ ਚਾਹੀਦਾ ਹੈ ਜਾਂ ਨਹੀਂ? ਅਤੇ ਕੀ ਸਾਹਿਤਕਾਰਾਂ ਨੂੰ 'ਐਵਾਰਡਾਂ' ਜਾਂ 'ਪੁਰਸਕਾਰਾਂ' ਦੀ ਦੌੜ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ ਜਾਂ ਨਹੀਂ?

ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਹਰੇਕ ਚੰਗੇ ਲੇਖਕ ਜਾਂ ਪ੍ਰਤਿਭਾਵਾਨ ਸਾਹਿਤਕਾਰ ਨੂੰ ਸਮਾਜ ਵੱਲੋਂ ਕਿਸੇ ਨਾ ਕਿਸੇ ਰੂਪ ਵਿੱਚ ਭਰਪੂਰ ਮਾਣ-ਸਨਮਾਨ ਪ੍ਰਦਾਨ ਕੀਤਾ ਹੀ ਜਾਣਾ ਚਾਹੀਦਾ ਹੈ ਤੇ ਅਕਸਰ ਹੀ ਇਹ ਪ੍ਰਦਾਨ ਕੀਤਾ ਵੀ ਜਾਂਦਾ ਹੈ। ਇਸਦੇ ਬਾਵਜੂਦ ਅਨੇਕਾਂ ਸਾਹਿਤਕਾਰ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਹੋਰ ਜ਼ਿਆਦਾ ਅਤੇ ਵੱਧ ਤੋਂ ਵੱਧ ਮਾਣ-ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਇੱਥੇ ਇਹ ਮੂਲ ਗੱਲ ਸਮਝਣ ਦੀ ਲੋੜ ਹੈ ਕਿ ਜੇਕਰ ਕੋਈ ਸਾਹਿਤਕਾਰ ਆਪਣੇ ਮਨ ਦੇ ਵਲਵਲੇ ਪ੍ਰਗਟ ਕਰਨ ਲਈ ਜਾਂ ਫਿਰ ਸਾਹਿਤ, ਸੱਭਿਅਚਾਰ, ਵਿਰਸੇ ਅਤੇ ਲੋਕ ਸਰੋਕਾਰਾਂ ਲਈ ਸਾਹਿਤ ਰਚਨਾ ਕਰ ਰਿਹਾ ਹੈ ਤੇ ਲੋਕ ਉਸਦੇ ਸਾਹਿਤ ਨੂੰ ਬੜੀ ਬੇਸਬਰੀ ਨਾਲ ਪੜ੍ਹਦੇ ਤੇ ਪਲੋਸਦੇ ਹਨ ਤਾਂ ਇਹ ਆਪਣੇ ਆਪ ਵਿੱਚ ਹੀ 'ਸਭ ਤੋਂ ਵੱਡਾ ਇਨਾਮ ਤੇ ਸਨਮਾਨ' ਹੈ। ਜੇਕਰ ਕਿਸੇ ਸਾਹਿਤਕਾਰ ਦੀ ਸਾਹਿਤਕ ਕਿਰਤ ਪੜ੍ਹ ਕੇ ਉਸਦੇ ਪਾਠਕ ਪ੍ਰਸ਼ੰਸਾਮਈ ਖ਼ਤ ਜਾਂ ਫ਼ੋਨ ਸੁਨੇਹੇ ਲਿਖਦੇ ਹਨ ਜਾਂ ਫਿਰ ਫ਼ੋਨ ਕਰਦੇ ਹਨ ਤਾਂ ਇਸਨੂੰ ਹੀ ਸੱਚਾ 'ਐਵਾਰਡ ਜਾਂ ਪੁਰਸਕਾਰ' ਮੰਨ ਕੇ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ ਤੇ ਕਿਸੇ ਸਭਾ, ਸੁਸਾਇਟੀ ਜਾਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨ ਤੋਂ ਪਦਾਰਥਕ ਸਨਮਾਨ ਲੈਣ ਦੀ ਹਿਰਸ ਮਨ ਵਿੱਚ ਨਹੀਂ ਪਾਲਣੀ ਚਾਹੀਦੀ। ਮੇਰਾ ਵਿਚਾਰ ਹੈ ਕਿ ਅੱਜ ਤੱਕ ਜਿੰਨੇ ਵੀ ਸਾਹਿਤਾਕਰਾਂ ਨੂੰ ਵੱਡੇ ਜਾਂ ਛੋਟੇ ਪੁਰਸਕਾਰ ਪ੍ਰਾਪਤ ਹੋਏ ਹਨ, ਉਹ ਉਨ੍ਹਾਂ ਦੀ ਲਿਆਕਤ ਅਤੇ ਸੁਘੜ ਸਾਹਿਤਕਾਰੀ ਨਾਲ ਬਰ ਮੇਚਣ ਵਾਲੇ ਨਹੀਂ ਸਨ। ਕਈ ਸਾਹਿਤਕਾਰ ਅਜਿਹੇ ਹਨ, ਜਿਨ੍ਹਾਂ ਦਾ ਕੰਮ ਐਨਾ ਵੱਡਾ ਹੈ ਕਿ ਉਸ ਕੰਮ ਦੇ ਸਨਮੁੱਖ ਉਨ੍ਹਾਂ ਨੂੰ ਮਿਲਿਆ ਐਵਾਰਡ ਜਾਂ ਪੁਰਸਕਾਰ ਬਹੁਤ ਹੀ ਬੌਣਾ ਜਿਹਾ ਜਾਪਦਾ ਹੈ। ਦੂਜੇ ਪਾਸੇ ਅਜਿਹੇ ਸਾਹਿਤਕਾਰ ਵੀ ਹਨ, ਜਿਨ੍ਹਾਂ ਨੇ ਕੇਵਲ ਸਿਫ਼ਾਰਸ਼, ਚਾਪਲੂਸੀ ਅਤੇ ਰਿਸ਼ਵਤਖ਼ੋਰੀ ਜਿਹੇ 'ਜੁਗਾੜ' ਲਗਾ ਕੇ ਵੱਡੇ-ਵੱਡੇ ਪੁਰਸਕਾਰ ਹਾਸਿਲ ਕੀਤੇ ਹਨ, ਪਰ ਜਦੋਂ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਨੂੰ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਹ ਸਾਹਿਤਕਾਰ ਆਪਣੇ ਆਪ ਨੂੰ ਹਾਸਿਲ ਹੋਏ ਐਵਾਰਡ ਦੇ ਵੱਡੇ ਕੱਦ ਦੇ ਸਨਮੁੱਖ ਕਿੰਨਾ ਬੌਣਾ ਜਾਂ ਛੋਟਾ ਹੈ। ਤੀਜੀ ਸ਼੍ਰੇਣੀ ਉਨ੍ਹਾਂ ਸਾਹਿਤਕਾਰਾਂ ਦੀ ਹੈ, ਜਿਨ੍ਹਾਂ ਦੀਆਂ ਕਿਰਤਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਜਿਸ ਰਚਨਾ ਲਈ ਪੁਰਸਕਾਰ ਮਿਲਿਆ ਹੈ, ਉਹ ਵਾਕਿਆ ਹੀ ਉਸੇ ਇਨਾਮ ਜਾਂ ਪੁਰਸਕਾਰ ਦੀਆਂ ਹੱਕਦਾਰ ਸਨ।

ਇਹ ਇੱਕ ਕੌੜੀ ਸੱਚਾਈ ਹੈ ਕਿ ਜਿੰਨੀ ਵੱਡੀ ਗਿਣਤੀ ਵਿੱਚ ਅੱਜ ਸਾਹਿਤਕਾਰ, ਸਾਹਿਤ ਰਚਨਾ ਕਰ ਰਹੇ ਹਨ, ਓਨੀ ਵੱਡੀ ਗਿਣਤੀ ਵਿੱਚ ਹਰੇਕ ਸਾਹਿਤਕਾਰ ਨੂੰ ਜਾਂ ਉਸਦੀ ਰਚਨਾ ਨੂੰ ਪੁਰਸਕਾਰ ਦਿੱਤੇ ਜਾਣਾ ਸੰਭਵ ਹੀ ਨਹੀਂ ਹੈ। ਇਸ ਲਈ ਜੇਕਰ ਕੋਈ ਸਾਹਿਤਕਾਰ ਉੱਚ ਕੋਟੀ ਦਾ ਸਾਹਿਤ ਰਚ ਰਿਹਾ ਹੈ, ਪਰ ਉਸਨੂੰ ਬਣਦਾ ਮਾਣ-ਸਨਮਾਨ ਨਹੀਂ ਮਿਲ ਰਿਹਾ ਹੈ ਤਾਂ ਉਸਨੂੰ ਝੂਰਨਾ ਨਹੀਂ ਚਾਹੀਦਾ ਹੈ ਤੇ ਉਸਨੂੰ ਪਵਿੱਤਰ ਗ੍ਰੰਥ ਗੀਤਾ ਵਿੱਚ ਦਰਜ ਭਗਵਾਨ ਸ੍ਰੀ ਕ੍ਰਿਸ਼ਨ ਦੇ ਉਸ ਅਮਰ ਸੰਦੇਸ਼ ਨੂੰ ਹਿਰਦੇ ਵਿੱਚ ਵਸਾ ਲੈਣਾ ਚਾਹੀਦਾ ਹੈ, ਜੋ ਆਖ਼ਦਾ ਹੈ- "ਹੇ ਪ੍ਰਾਣੀ, ਤੂੰ ਕੇਵਲ ਆਪਣਾ ਕਰਮ ਕਰ ਤੇ ਪੂਰੀ ਨਿਸ਼ਠਾ ਨਾਲ ਕਰ ਪਰ ਫ਼ਲ ਦੀ ਇੱਛਾ ਨਾ ਰੱਖ।"

ਦੁਨੀਆਂ ਭਰ ਵਿੱਚ ਮਸ਼ਹੂਰ ਸ਼ਾਇਰ ਮਿਰਜ਼ਾ ਗ਼ਾਲਿਬ ਨੇ ਕੋਈ ਦਰਜਨਾਂ ਸਾਹਿਤਕ ਪੁਸਤਕਾਂ ਨਹੀਂ ਰਚੀਆਂ ਸਨ। ਉਸਦਾ 'ਦੀਵਾਨ-ਏ-ਗ਼ਾਲਿਬ' ਇੱਕ ਅਮਰ ਰਚਨਾ ਹੈ ਤੇ ਕਈ ਸਾਲਾਂ ਤੋਂ ਪੜ੍ਹੀ ਜਾ ਰਹੀ ਹੈ ਤੇ ਕਈ ਯੁਗਾਂ ਤੱਕ ਪੜ੍ਹੀ ਜਾਵੇਗੀ। ਰੂਸੀ ਸਾਹਿਤਕਾਰ ਰਸੂਲ ਹਮਜ਼ਾਤੋਵ ਦੀ ਕ੍ਰਿਤ 'ਮੇਰਾ ਦਾਗ਼ਿਸਤਾਨ' ਦੁਨੀਆਂ ਦੀ ਹਰ ਜ਼ੁਬਾਨ ਵਿੱਚ ਅਨੁਵਾਦ ਹੋ ਕੇ ਪੜ੍ਹੀ ਜਾਣ ਵਾਲੀ ਅਮਰ ਸਾਹਿਤਕ ਕਿਰਤ ਹੈ। ਸ਼ੇਖ਼ ਸਾਅਦੀ, ਟੈਗੋਰ, ਮੁਨਸ਼ੀ ਪ੍ਰੇਮ ਚੰਦ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਬਟਾਲਵੀ ਦੀਆਂ ਸ਼ਬਦ ਕਿਰਤਾਂ ਨੂੰ ਲੋਕ ਬੜੀ ਹੀ ਮੁਹੱਬਤ ਅਤੇ ਖ਼ਲੂਸ ਨਾਲ ਪੜ੍ਹਦੇ ਹਨ। ਇਨ੍ਹਾਂ ਸਾਹਿਤਕਾਰਾਂ ਨੂੰ ਮਿਲ ਰਿਹਾ ਪਾਠਕਾਂ ਅਤੇ ਪ੍ਰਸ਼ੰਸਕਾਂ ਦਾ ਅਥਾਹ ਪਿਆਰ ਆਪਣੇ ਆਪ ਵਿੱਚ ਹੀ ਕਿਸੇ 'ਨੋਬਲ ਪੁਰਸਕਾਰ' ਤੋਂ ਵੀ ਵੱਡਾ ਪੁਰਸਕਾਰ ਹੈ। ਸੋ, ਹਰੇਕ ਸਾਹਿਤਕਾਰ ਨੂੰ ਆਪਣੀ ਸਾਹਿਤਕ ਰਚਨਾ ਦਾ ਕੱਦ-ਬੁੱਤ ਇਸ ਕਦਰ ਵੱਡਾ ਰੱਖਣਾ ਚਾਹੀਦਾ ਹੈ ਕਿ ਉਹ ਲੋਕ ਹਿਰਦਿਆਂ ਦੀਆਂ ਗਹਿਰਾਈਆਂ ਵਿੱਚ ਇਸ ਕਦਰ ਵੱਸ ਜਾਵੇ ਕਿ ਅਤਿਅੰਤ ਬਲਵਾਨ ਆਖਿਆ ਜਾਂਦਾ ਸਮਾਂ ਵੀ ਉਸਦੀ ਚਮਕ ਫਿੱਕੀ ਨਾ ਪਾ ਸਕੇ।

ਕੁਝ ਦਿਨ ਪਹਿਲਾਂ ਮੈਨੂੰ ਇੱਕ ਬਜ਼ੁਰਗ ਸਾਹਿਤਕਾਰ ਦਾ ਫ਼ੋਨ ਆਇਆ ਤੇ ਉਹ ਆਖਣ ਲੱਗੇ- "ਬੇਟਾ! ਮੈਂ ਆਪਣੇ ਆਪ ਵਿੱਚ ਇੱਕ 'ਲੈਜੈਂਡ' ਹਾਂ। ਤੂੰ ਮੇਰੇ 'ਤੇ ਪੀਐਚ.ਡੀ. ਕਰ। ਮੇਰੀ ਪਹੁੰਚ ਯੂਨੀਵਰਸਿਟੀ ਦੇ ਉੱਚ-ਅਹੁਦਿਆਂ ਤੱਕ ਹੈ ਤੇ ਮੈਂ ਤੇਰਾ ਥੀਸਿਸ ਜਲਦੀ ਪਾਸ ਕਰਵਾ ਦੇਵਾਂਗਾ। ਫਿਰ ਤੂੰ ਮੇਰੇ 'ਤੇ ਇੱਕ ਕਿਤਾਬ ਵੀ ਲਿਖ਼ ਤੇ ਉਸ ਕਿਤਾਬ ਦੀ ਛਪਾਈ ਦੀ ਲਾਗਤ ਦੀ ਅੱਧੀ ਰਕਮ ਵੀ ਮੈਂ ਤੈਨੂੰ ਦੇ ਦਿਆਂਗਾ...।" ਇਸ ਤਰ੍ਹਾਂ ਦੀਆਂ ਕੁਝ ਹੋਰ ਗੱਲਾਂ ਕਰਨ ਪਿੱਛੋਂ ਉਨ੍ਹਾਂ ਮੈਨੂੰ 'ਪੇਸ਼ਕਸ਼' ਕਰਦਿਆਂ ਕਿਹਾ, "ਤੂੰ ਆਪਣੀ ਇੱਕ ਫ਼ੋਟੋ ਭੇਜ। ਅਸੀਂ ਇੱਕ 'ਸਨਮਾਨ ਸਮਾਗਮ' ਕਰਕੇ ਤੈਨੂੰ ਦੁਸ਼ਾਲਾ ਦਿਆਂਗੇ ਤੇ ਤੇਰੀ ਫ਼ੋਟੋ ਜੜਿਆ ਇੱਕ ਮੋਮੈਂਟੋ ਵੀ ਭੇਟ ਕਰਾਂਗੇ।" ਉਸ ਬਜ਼ੁਰਗ ਸਾਹਿਤਕਾਰ ਦੇ ਉਕਤ ਵਾਕਾਂ ਨੇ ਹੀ ਉਕਤ ਸਮੁੱਚਾ ਵਿਸਥਾਰ ਲਿਖਣ ਦਾ ਬੀਜ ਮੇਰੇ ਅੰਦਰ ਬੀਜਿਆ ਸੀ। ਮੈਨੂੰ ਪਤਾ ਹੈ ਕਿ ਇਸ ਤਰੀਕੇ ਨਾਲ ਵੱਖ-ਵੱਖ ਅਖੌਤੀ ਸਾਹਿਤਕ ਸਭਾਵਾਂ ਤੋਂ ਸਨਮਾਨਿਤ ਹੋਣ ਵਾਲੇ ਸਾਹਿਤਕਾਰਾਂ ਤੇ ਸਾਹਿਤਕ ਪੱਤਰਕਾਰਾਂ ਦੀ ਕੋਈ ਕਮੀ ਨਹੀਂ ਹੈ, ਪਰ ਮੇਰੀ ਜ਼ਮੀਰ ਉਸ ਭੀੜ ਦਾ ਹਿੱਸਾ ਬਣਨ ਦੀ ਆਗਿਆ ਨਹੀਂ ਦਿੰਦੀ ਹੈ। ਮੈਂ ਬੜੇ ਹੀ ਸਤਿਕਾਰ ਸਹਿਤ ਉਸ ਬਜ਼ੁਰਗ ਸਾਹਿਤਕਾਰ ਤੋਂ ਉਕਤ 'ਮਾਣ-ਸਨਮਾਨ' ਲੈਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ।

ਉਕਤ ਪ੍ਰਸੰਗ ਦਾ ਜ਼ਿਕਰ ਕਰਨ ਦਾ ਮੇਰਾ ਮੰਤਵ ਕਿਸੇ ਸਤਿਕਾਰਤ ਸਾਹਿਤਕਾਰ ਨੂੰ ਨੀਵਾਂ ਵਿਖਾਉਣਾ ਨਹੀਂ ਹੈ, ਸਗੋਂ ਮੇਰਾ ਅਸਲ ਮਕਸਦ ਉਨ੍ਹਾਂ ਹਜ਼ਾਰਾਂ ਸਾਹਿਤਕਾਰਾਂ ਦੇ 'ਪ੍ਰਤੀਕ' ਵਜੋਂ ਉਕਤ ਬਜ਼ੁਰਗ ਸਾਹਿਤਕਾਰ ਦਾ ਜ਼ਿਕਰ ਕਰਨਾ ਹੈ, ਜੋ 'ਸਵੈ-ਸਿਫ਼ਤ' ਲਈ ਤਰਲੋਮੱਛੀ ਹੁੰਦੇ ਰਹਿੰਦੇ ਹਨ ਤੇ ਕਿਸੇ ਸੁਆਰਥ ਖ਼ਾਤਿਰ ਕਿਸੇ ਦੂਜੇ ਸਾਹਿਤਕਾਰ ਜਾਂ ਪੱਤਰਕਾਰ ਨੂੰ 'ਸਨਮਾਨਿਤ' ਕਰਦੇ ਹਨ। ਕੁਝ ਇੱਕ ਸਾਹਿਤਕਾਰ ਤਾਂ ਵੱਖ-ਵੱਖ ਸਾਹਿਤਕ ਜਥੇਬੰਦੀਆਂ ਕਾਇਮ ਕਰ ਲੈਂਦੇ ਹਨ ਤੇ ਹਰੇਕ ਸਾਹਿਤਕ ਸਮਾਗਮ ਵਿੱਚ 'ਤੂੰ ਮੇਰਾ ਸਨਮਾਨ ਕਰ, ਮੈਂ ਤੇਰਾ ਸਨਮਾਨ ਕਰਦਾ ਹਾਂ' ਦੀ ਨੀਤੀ 'ਤੇ ਕੰਮ ਕਰਦਿਆਂ ਇੱਕ ਦੂਜੀ ਜਥੇਬੰਦੀ ਦੇ ਮੁਖੀ ਨੂੰ ਹੀ ਹਰ ਵਾਰ ਸਮਾਗਮ ਦੀ ਪ੍ਰਧਾਨਗੀ ਲਈ ਸੱਦ ਲੈਂਦੇ ਹਨ ਤੇ ਮੁੜ-ਘਿੜ ਕੇ ਇੱਕ ਦੂਜੇ ਦਾ ਹੀ ਸਨਮਾਨ ਕਰੀ ਜਾਂਦੇ ਹਨ। ਕਿਸੇ ਮਾਣ-ਸਨਮਾਨ ਦੇ ਸਹੀ ਪਾਤਰ ਨਾ ਹੁੰਦਿਆਂ ਹੋਇਆਂ ਵੀ ਐਵੇਂ ਹੀ ਝੂਠੇ 'ਪ੍ਰਸ਼ੰਸਾ ਪੱਤਰ', 'ਖੋਖਲੇ ਮੋਮੈਂਟੋ' ਅਤੇ 'ਵੱਡੇ ਪੁਰਸਕਾਰ' ਆਪਣੀ ਝੋਲੀ ਪੁਆ ਲੈਣਾ ਸਰਾਸਰ ਜ਼ਮੀਰਕੁਸ਼ੀ ਹੈ। ਹਰੇਕ ਸਾਹਿਤਕਾਰ ਨੂੰ ਇਨਾਮਾਂ ਤੇ ਸਨਮਾਨਾਂ ਦੀ ਦੌੜ ਨੂੰ ਛੱਡ ਕੇ ਕੇਵਲ ਤੇ ਕੇਵਲ ਚੰਗਾ, ਸੁਚੱਜਾ, ਸੁਥਰਾ ਤੇ ਸੇਧਮਈ ਸਾਹਿਤ ਰਚਣ ਵੱਲ ਧਿਆਨ ਕਰਨਾ ਚਾਹੀਦਾ ਹੈ ਅਤੇ ਲੋਕ ਗੀਤਾਂ ਜਿਹਾ ਪਾਏਦਾਰ ਤੇ ਲੰਮੇਰੀ ਉਮਰ ਵਾਲਾ ਸਾਹਿਤ ਰਚਣਾ ਚਾਹੀਦਾ ਹੈ, ਜੋ ਪੀੜ੍ਹੀ-ਦਰ-ਪੀੜ੍ਹੀ ਪੜ੍ਹਿਆ ਤੇ ਪਿਆਰਿਆ ਜਾਵੇ।

ਯਾਦ-ਝਰੋਖਾ

**ਮਨਮੋਹਨ ਸਿੰਘ ਦਾਊਂ**
**ਫੋਨ: +91-9815123900**




# ਡਾ. ਰੰਧਾਵਾ ਨਾਲ ਮਿਲਣੀ ਦਾ ਪ੍ਰਤੀਕਰਮ


ਚੰਗੀਆਂ ਸ਼ਖ਼ਸੀਅਤਾਂ ਤੇ ਉੱਤਮ ਪੁਸਤਕਾਂ ਤੁਹਾਨੂੰ ਨੇੜੇ ਲਿਆਉਂਦੀਆਂ ਨੇ ਅਤੇ ਪਲਟਾਊ ਅਸਰ ਕਰਦੀਆਂ ਹਨ। ਜਦੋਂ ਮੈਂ 1967 'ਚ ਡਾ. ਐਮ.ਐਸ. ਰੰਧਾਵਾ ਦੀ ਸੰਪਾਦਕ ਕੀਤੀ ਪੁਸਤਕ 'ਪੂਰਨ ਸਿੰਘ: ਜੀਵਨ ਤੇ ਕਵਿਤਾ' ਪੜ੍ਹੀ ਤਾਂ ਮੈਨੂੰ ਇਸ ਪੁਸਤਕ ਨੇ ਬਹੁਤ ਪ੍ਰਭਾਵਿਤ ਕੀਤਾ। ਉਦੋਂ ਡਾ. ਰੰਧਾਵਾ ਚੰਡੀਗੜ੍ਹ ਦੇ ਪਹਿਲੇ ਚੀਫ਼ ਕਮਿਸ਼ਨਰ ਸਨ ਤੇ ਗਾਰਡਨ ਕਲੋਨੀ ਖਰੜ 'ਚ ਆਪਣੀ ਰਿਹਾਇਸ਼ੀ ਕੋਠੀ 'ਚ ਰਹਿੰਦੇ ਸਨ। ਇਹ ਪੁਸਤਕ ਸਾਹਿਤ ਅਕਾਦਮੀ, ਦਿੱਲੀ ਨੇ ਪਹਿਲੀ ਵਾਰ 1964 'ਚ ਡਾ. ਰੰਧਾਵਾ ਦੇ ਉੱਦਮ ਸਦਕਾ ਪ੍ਰਕਾਸ਼ਿਤ ਕੀਤੀ ਸੀ। ਦੂਜੀ ਐਡੀਸ਼ਨ ਸੰਸ਼ੋਧਿਤ 2009 'ਚ ਛਾਪੀ ਗਈ। ਮੈਂ ਉਦੋਂ ਪਿੰਡ ਦਾਊਂ ਰਹਿੰਦਾ ਸੀ ਤੇ ਸਰਕਾਰੀ ਮਿਡਲ ਸਕੂਲ ਤਿਊੜ ਪੜ੍ਹਾਉਂਦੇ ਸਮੇਂ ਐਮ.ਏ. ਪੰਜਾਬੀ (ਪ੍ਰਾਈਵੇਟਲੀ) ਦੀ ਤਿਆਰੀ ਕਰਦਾ ਸੀ। ਪ੍ਰੋ. ਪੂਰਨ ਸਿੰਘ ਮੇਰਾ ਮਨ ਭਾਉਂਦਾ ਕਵੀ ਸੀ ਤੇ ਮੈਂ ਇਹ ਪੁਸਤਕ ਖਰੀਦ ਲਈ ਸੀ। ਮੈਂ ਜਕਦੇ-ਜਕਦੇ 16 ਜੁਲਾਈ 1967 ਨੂੰ ਡਾ. ਰੰਧਾਵਾ ਨੂੰ ਖਰੜ ਦੇ ਪਤੇ 'ਤੇ ਪੁਸਤਕ ਬਾਰੇ ਇਨਲੈਂਡ ਲੈਟਰ ਲਿਖ ਕੇ ਭੇਜਿਆ। ਡਾ. ਰੰਧਾਵਾ ਦੀ ਪ੍ਰਸ਼ੰਸਾ ਤਾਂ ਕਰਨੀ ਹੀ ਬਣਦੀ ਸੀ। ਮੈਂ ਇਹ ਵੀ ਲਿਖ ਦਿੱਤਾ ਕਿ ਅਸੀਂ ਕੁਝ ਸਾਹਿਤ-ਰਸੀਆਂ ਨੇ ਪੰਜਾਬੀ ਸਾਹਿਤ ਸਭਾ ਖਰੜ ਦਾ ਗਠਨ ਕੀਤਾ ਹੈ। ਮੈਨੂੰ ਖਿਆਲ ਸੀ ਕਿ ਏਡੀ ਵੱਡੀ ਸ਼ਖ਼ਸੀਅਤ ਡਾ. ਰੰਧਾਵਾ ਕੋਲ ਮੇਰੀ ਚਿੱਠੀ ਨੂੰ ਵਾਚਣ ਦਾ ਸਮਾਂ ਕਿੱਥੇ ਹੋਵੇਗਾ!

ਮੈਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ ਕਿ ਡਾ. ਰੰਧਾਵਾ ਦਾ ਅੰਗਰੇਜ਼ੀ 'ਚ ਮਿਤੀ 18 ਜੁਲਾਈ 1967 ਦਾ ਕਾਰਡ ਮੈਨੂੰ ਮੇਰੇ ਪਿੰਡ ਦੇ ਪਤੇ 'ਤੇ 19 ਜੁਲਾਈ 1967 ਨੂੰ ਮਿਲ ਗਿਆ, ਜਿਸ 'ਚ ਉਨ੍ਹਾਂ ਨੇ ਖ਼ਤ ਦੀ ਤਾਰੀਫ਼ ਹੀ ਨਹੀਂ ਕੀਤੀ ਸਗੋਂ ਮੈਨੂੰ ਕਿਸੇ ਵੀ ਐਤਵਾਰ ਸ਼ਾਮੀਂ ਪੰਜ ਤੋਂ ਛੇ ਵਜੇ ਦੌਰਾਨ ਮਿਲਣ ਦਾ ਸੱਦਾ ਵੀ ਦੇ ਦਿੱਤਾ। (ਇਹ ਪੱਤਰ ਹੁਣ ਤੱਕ ਮੈਂ ਸਾਂਭਿਆ ਹੋਇਆ ਹੈ।) ਘਰ 'ਚ ਪਿਤਾ ਜੀ ਨੂੰ ਵੀ ਡਾਢੀ ਖ਼ੁਸ਼ੀ ਹੋਈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜਦੋਂ ਮੈਂ ਖਾਲਸਾ ਹਾਈ ਸਕੂਲ ਖਰੜ ਪੜ੍ਹਦਾ ਸੀ ਤਾਂ ਡਾ. ਰੰਧਾਵਾ ਨੇ ਬਹੁਤ ਪਹਿਲਾਂ ਇਸ ਸਕੂਲ ਦੀ ਲਾਇਬ੍ਰੇਰੀ-ਕਮ-ਆਰਟ ਗੈਲਰੀ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪੁਸਤਕਾਂ, ਦੁਰਲਭ ਪੇਂਟਿੰਗਾਂ, ਤਸਵੀਰਾਂ, ਵੱਡੇ-ਵੱਡੇ ਮੇਜ਼ ਤੇ ਕੁਰਸੀਆਂ ਉਪਲਬਧ ਕਰਵਾਈਆਂ ਸਨ। ਉਸ ਵੇਲੇ ਡਾ. ਰੰਧਾਵਾ ਇਸ ਖੇਤਰ 'ਚ ਡਿਪਟੀ-ਕਮਿਸ਼ਨਰ ਹੁੰਦੇ ਸਨ। ਇਹ ਗੱਲ ਸ਼ਾਇਦ 1950 ਦੇ ਨੇੜੇ-ਤੇੜੇ ਦੀ ਹੈ। ਡਾ. ਰੰਧਾਵਾ ਕਦੇ-ਕਦੇ ਇਸ ਸਕੂਲ ਵਿੱਚ ਆਉਂਦੇ ਸਨ ਤੇ ਸਕੂਲ ਦੇ ਹੈਡਮਾਸਟਰ ਸ. ਸਮੁੰਦ ਸਿੰਘ ਸਿੱਧੂ ਤੇ ਮੇਰੇ ਪਿਤਾ ਸ. ਸਰੂਪ ਸਿੰਘ, ਜੋ ਸਕੂਲ ਟੀਚਰ-ਕਮ-ਕਲਰਕ ਸਨ, ਉਨ੍ਹਾਂ ਨੂੰ ਮਿਲ ਕੇ ਚੰਗੀਆਂ ਸਕੀਮਾਂ ਦੱਸ ਵੀ ਜਾਂਦੇ ਸਨ। ਅਸੀਂ ਵੀ ਕਦੇ-ਕਦੇ ਡਾ. ਰੰਧਾਵਾ ਨੂੰ ਵੇਖ ਕੇ ਅੰਗਰੇਜ਼ ਅਫ਼ਸਰ ਸਮਝਦੇ ਹੁੰਦੇ ਸੀ। ਮੈਨੂੰ ਉਨ੍ਹਾਂ ਪੇਂਟਿੰਗਜ਼ ਨੂੰ ਵੇਖ ਕੇ ਚਾਅ ਚੜ੍ਹ ਜਾਂਦਾ ਸੀ। ਮੈਨੂੰ ਹੁਣ ਵੀ ਯਾਦ ਹੈ ਕਿ ਡਾ. ਰੰਧਾਵਾ ਨੇ ਜਿੱਥੇ ਬਹੁਤ ਵੱਡ-ਮੁੱਲੀਆਂ ਪੇਂਟਿੰਗਜ਼ ਉਸ ਲਾਇਬ੍ਰੇਰੀ 'ਚ ਲੁਆਈਆਂ, ਉੱਥੇ ਪ੍ਰੋ. ਪੂਰਨ ਸਿੰਘ ਦੀ ਪੇਂਟਿੰਗ ਵਿਸ਼ੇਸ਼ ਤੌਰ 'ਤੇ ਸ. ਸੋਭਾ ਸਿੰਘ ਤੋਂ ਬਣਵਾ ਕੇ ਲੁਆਈ।

ਮੈਂ ਪਿਤਾ ਜੀ ਦੀ ਸਲਾਹ ਲੈ ਕੇ, ਆਉਂਦੇ ਐਤਵਾਰ ਪਿੰਡੋਂ ਤੀਜੇ ਪਹਿਰ ਡਾ. ਰੰਧਾਵਾ ਨੂੰ ਖਰੜ ਮਿਲਣ, ਸਾਈਕਲ ਚਲਾਉਂਦਾ ਸਹਿਮਿਆ-ਸਹਿਮਿਆ ਜਾ ਪੁੱਜਿਆ। ਸਾਈਕਲ ਚਲਾਉਣ ਕਾਰਨ, ਮੈਂ ਗਰਮੀ ਨਾਲ ਭਿੱਜ ਗਿਆ ਤੇ ਉਪਰੋਂ ਡਾ. ਰੰਧਾਵਾ ਨੂੰ ਮਿਲਣ ਦਾ ਚਾਅ ਵੀ ਤੌਣੀਆਂ ਲਿਆ ਰਿਹਾ ਸੀ। ਮੈਂ ਕੈਂਪਸ 'ਚ ਪ੍ਰਵੇਸ਼ ਕੀਤਾ। ਨੌਕਰ ਨੂੰ ਮੈਂ ਆਪਣਾ ਨਾਂ ਦੱਸ ਕੇ ਡਾ. ਸਾਹਿਬ ਨੂੰ ਮਿਲਣ ਬਾਰੇ ਦੱਸਿਆ। ਮੈਂ ਅਜੇ ਸੋਚਾਂ ਵਿੱਚ ਡੁੱਬਿਆ ਹੋਇਆ ਹੀ ਸੀ ਕਿ ਡਾ. ਰੰਧਾਵਾ ਆ ਬਹੁੜੇ। ਮੈਂ ਸਤਿਕਾਰ ਵਜੋਂ ਝੁਕ ਕੇ ਅਦਾ ਕੀਤੀ। ਮੈਨੂੰ ਥਾਪੜਾ ਦਿੱਤਾ ਤੇ ਲਾਅਨ 'ਚ ਪਈ ਇੱਕ ਮੰਜੀ ਉੱਤੇ ਆਪਣੇ ਨਾਲ ਬਿਠਾ ਲਿਆ। ਸੋਚੋ, ਮੇਰੇ ਦਿਲ ਦੀਆਂ ਖ਼ੁਸ਼ੀਆਂ ਕਿਹੜੇ ਅਸਮਾਨੀਂ ਚੜ੍ਹੀਆਂ ਹੋਣਗੀਆਂ। ਲਗਪਗ 20 ਮਿੰਟ ਡਾ. ਰੰਧਾਵਾ ਨੇ ਮੇਰੇ ਨਾਲ ਸਾਹਿਤ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਪ੍ਰੋ. ਪੂਰਨ ਸਿੰਘ ਦੀ ਪੁਸਤਕ ਬਾਰੇ ਗੱਲਾਂ ਛੋਹੀਆਂ। "ਚੰਗਾ ਕੀਤਾ, ਤੂੰ ਖਰੜ ਪੰਜਾਬੀ ਸਾਹਿਤ ਸਭਾ ਬਣਾਈ। ਤੈਨੂੰ ਦੱਸਾਂ ਖਰੜ ਇਲਾਕੇ ਨੂੰ ਵੀ ਹਿੰਦੀ ਏਰੀਆ ਦੱਸ ਕੇ ਹਰਿਆਣਾ 'ਚ ਸ਼ਾਮਲ ਕੀਤਾ ਜਾ ਰਿਹਾ ਸੀ, ਪਰ ਮੈਂ ਅੜ ਗਿਆ ਕਿ ਇਹ ਤਾਂ ਪੰਜਾਬੀ ਖੇਤਰ ਹੈ। ਪੰਜਾਬ 'ਚ ਰਹੇਗਾ। ਰਾਜਨੀਤੀ ਬੜੀ ਭੈੜੀ। ਤੂੰ ਆ ਜੇ ਕਰ, ਛੁੱਟੀ ਵਾਲੇ ਦਿਨ।"



ਡਾ. ਐਮ.ਐਸ. ਰੰਧਾਵਾ




ਮੈਂ ਉਨ੍ਹਾਂ ਤੋਂ ਆਗਿਆ ਲਈ। ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਘਰ ਪਹੁੰਚ ਗਿਆ। ਪਿਤਾ ਜੀ ਨਾਲ ਗੱਲ ਸਾਂਝੀ ਕੀਤੀ ਤੇ ਉਨ੍ਹਾਂ ਨੇ ਕਿਹਾ ਕਿ ਵੱਡੇ ਪੁਰਖਾਂ ਨਾਲ ਮਿਲਣਾ ਸੁਭਾਗ ਹੁੰਦਾ, ਸਿੱਖਣ ਲਈ ਮਿਲਦਾ। ਇਸ ਤੋਂ ਬਾਅਦ ਮੈਨੂੰ ਡਾ. ਰੰਧਾਵਾ ਤੇ ਬੀਬੀ ਇਕਬਾਲ ਕੌਰ ਰੰਧਾਵਾ ਨਾਲ ਮਿਲਣ ਦਾ ਮੌਕਾ ਮਿਲਦਾ ਰਿਹਾ। ਉਨ੍ਹਾਂ ਨਾਲ ਸੈਰ ਸਮੇਂ ਵੀ ਕੁਝ ਪਲ ਗੁਜ਼ਾਰੇ। ਚਾਹ ਤੇ ਜੂਸ ਪੀਣ ਦਾ ਸੁਭਾਗ ਵੀ ਮਿਲਿਆ। ਉਨ੍ਹਾਂ ਦੇ ਸੰਪਰਕ ਨਾਲ ਡਾ. ਹਰਚਰਨ ਸਿੰਘ ਦਾ ਨਾਟਕ 'ਇਤਿਹਾਸ ਜੁਆਬ ਮੰਗਦਾ' ਕਲਾਕਾਰ ਤੇ ਨਿਰਦੇਸ਼ਕ ਹਰਪਾਲ ਟਿਵਾਣਾ ਨੇ ਖਾਲਸਾ ਸਕੂਲ ਖਰੜ ਵਿਖੇ ਮੰਚਿਤ ਕੀਤਾ, ਜੋ ਉਸ ਵੇਲੇ ਸੱਤ ਹਜ਼ਾਰ ਦਰਸ਼ਕਾਂ ਨੇ ਵੇਖਿਆ, ਜਿਸ ਦੀ ਪ੍ਰਧਾਨਗੀ ਡਾ. ਰੰਧਾਵਾ ਨੇ ਕੀਤੀ ਤੇ ਪਹਿਲੀ ਵਾਰ ਮੈਨੂੰ ਬਤੌਰ ਪੰਜਾਬੀ ਸਾਹਿਤ ਸਭਾ ਖਰੜ ਦੇ ਪ੍ਰਧਾਨ ਵਜੋਂ ਡਾ. ਰੰਧਾਵਾ ਨੇ ਸੰਬੋਧਨ ਕਰਨ ਲਈ ਹੱਲਾਸ਼ੇਰੀ ਦਿੱਤੀ। ਇਸ ਯਾਦਗਾਰੀ ਸਮਾਗਮ ਨੂੰ ਹੁਣ ਵੀ ਯਾਦ ਕੀਤਾ ਜਾਂਦਾ ਹੈ, ਇਹ 1967 ਦਾ ਮੌਕਾ ਸੀ। ਉਸ ਤੋਂ ਬਾਅਦ ਇਸੇ ਸਕੂਲ ਵਿੱਚ ਡਾ. ਹਰਚਰਨ ਸਿੰਘ ਨਾਟਕਕਾਰ ਦਾ ਸਨਮਾਨ ਸਮਾਗਮ ਡਾ. ਰੰਧਾਵਾ ਦੀ ਅਗਵਾਈ ਤੇ ਸਰਪ੍ਰਸਤੀ ਵਿੱਚ ਕੀਤਾ ਗਿਆ। ਮੇਰੀ ਇਨਾਮੀ ਪੁਸਤਕ 'ਸਭਿਆਚਾਰਕ ਮੁਹਾਂਦਰੇ' ਦਾ ਮੁਖ-ਬੰਦ ਡਾ. ਰੰਧਾਵਾ ਨੇ ਬੜੇ ਉਮਾਹ ਨਾਲ ਲਿਖ ਕੇ ਮੈਨੂੰ ਮਾਣ ਤੇ ਪਿਆਰ ਬਖਸ਼ਿਆ। 'ਪੂਰਨ ਸਿੰਘ: ਜੀਵਨੀ ਤੇ ਕਵਿਤਾ' ਦੇ ਸਬੰਧ ਵਿੱਚ ਕੁਝ ਗੱਲਾਂ ਬੜੀਆਂ ਮਹੱਤਵਪੂਰਨ ਹਨ।

ਇਸ ਪੁਸਤਕ ਦਾ ਪ੍ਰਾਕਥਨ ਡਾ. ਰੰਧਾਵਾ ਨੇ ਪ੍ਰੋ. ਪੂਰਨ ਸਿੰਘ ਦੇ ਸਪੁੱਤਰ ਮਦਨਮੋਹਨ ਸਿੰਘ, ਜੋ ਸ਼ਿਮਲੇ ਸਬ-ਜੱਜ ਸੀ, ਤੋਂ ਲਿਖਵਾਇਆ। ਉਸ ਨੂੰ ਮਿਲ ਕੇ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਨੂੰ ਸਾਂਭਣ ਦਾ ਬੀੜਾ ਚੁੱਕਿਆ। ਪੁਸਤਕਾਂ ਪੜ੍ਹਨ ਦੇ ਸ਼ੌਕ ਕਾਰਨ ਹੀ ਡਾ. ਰੰਧਾਵਾ ਇਸ ਪੁਸਤਕ ਦੇ ਪ੍ਰਵੇਸ਼ ਵਿੱਚ ਲਿਖਦੇ ਹਨ ਕਿ ਪੂਰਨ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਦੀ ਅੰਗਰੇਜ਼ੀ ਪੁਸਤਕ 'ਸਿਸਟਰਜ਼ ਔਫ਼ ਦੀ ਸਪਿਨਿੰਗ ਵੀਲ' (ਤ੍ਰਿੰਝਣ) ਰਾਹੀਂ 1929 ਵਿੱਚ ਹੋਈ, ਉਦੋਂ ਮੈਂ ਲਾਹੌਰ ਮਿਸ਼ਨ ਕਾਲਜ 'ਚ ਪੜ੍ਹਦਾ ਸਾਂ। ਇਹ ਇੱਕ ਪੰਜਾਬੀ ਕਵੀ ਦੀ ਅੰਗਰੇਜ਼ੀ ਵਿੱਚ ਪਹਿਲੀ ਕਾਵਿ-ਰਚਨਾ ਸੀ, ਜੋ ਇੰਗਲਿਸਤਾਨ ਵਿੱਚ ਪ੍ਰਕਾਸ਼ਿਤ ਹੋਈ, ਜਿਸ ਦਾ ਮੁੱਖ ਬੰਦ ਉੱਘੇ ਕਵੀ ਅਰਨੈਸਟ ਰਾਈਸ ਨੇ ਲਿਖਿਆ ਸੀ। ਦੂਜੀ ਪੁਸਤਕ ਡਾ. ਰੰਧਾਵਾ ਨੂੰ 'ਦੀ ਸਪਿਰਟ ਬੌਰਨ ਪੀਪਲ' (ਰੂਹ ਦੇ ਜਾਏ) ਪ੍ਰਾਪਤ ਹੋਈ, ਜਿਸ ਨੂੰ ਪੜ੍ਹ ਕੇ 'ਆਰਟ ਐਂਡ ਪਰਸਨੈਲਿਟੀ' (ਕਲਾ ਤੇ ਸ਼ਖ਼ਸੀਅਤ) ਬਾਰੇ ਬਹੁਤ ਕਮਾਲ ਦੀ ਜਾਣਕਾਰੀ ਮਿਲੀ। ਇੰਝ ਹੀ ਪੂਰਨ ਸਿੰਘ ਦੀ ਜੀਵਨੀ 'ਔਨ ਪਾਥਸ ਔਫ ਲਾਈਫ' (ਜੀਵਨ ਮਾਰਗ ਉੱਤੇ), ਜੋ ਡਾ. ਰੰਧਾਵਾ ਨੇ 1954 'ਚ ਛਪਵਾਈ। ਵਿਚਾਰ ਅਧੀਨ ਪੁਸਤਕ ਦਾ ਪਹਿਲਾ ਨਾਂ 'ਪੂਰਨ ਸਿੰਘ ਰਚਨਾਵਲੀ' ਤਜਵੀਜ਼ ਕੀਤਾ ਗਿਆ, ਪਰ ਰੰਧਾਵਾ ਸਾਹਿਬ ਨੇ ਪੂਰਨ ਸਿੰਘ ਦੀਆਂ ਕਾਵਿ-ਪੁਸਤਕਾਂ ਖੁੱਲ੍ਹੇ ਘੁੰਡ, ਖੁੱਲ੍ਹੇ ਮੈਦਾਨ, ਖੁੱਲ੍ਹੇ ਅਸਮਾਨੀ ਰੰਗ, ਖੁੱਲ੍ਹੇ ਲੇਖ ਤੇ ਹੋਰ ਅਣਛਪੀ ਸਮੱਗਰੀ ਨੂੰ ਸੋਧ-ਸੁਧਾਈ ਕਰਕੇ 'ਪੂਰਨ ਸਿੰਘ ਜੀਵਨੀ ਤੇ ਕਵਿਤਾ' ਨਾਂ ਥੱਲੇ ਸਾਹਿਤ ਅਕਾਦਮੀ, ਦਿੱਲੀ ਦੇ ਪੰਜਾਬੀ ਸਲਾਹਕਾਰ ਬੋਰਡ ਨਾਲ ਸਬੰਧ ਹੋਣ ਕਾਰਨ ਪ੍ਰਕਾਸ਼ਿਤ ਕਰਵਾਈ।

ਕਮਾਲ ਦੀ ਗੱਲ ਇਹ ਹੈ ਕਿ ਡਾ. ਰੰਧਾਵਾ ਨੇ ਪ੍ਰੋ. ਪੂਰਨ ਸਿੰਘ ਦੀ ਸੁਪਤਨੀ ਮਾਇਆ ਦੇਵੀ ਨਾਲ ਸੰਪਰਕ ਕਰਕੇ ਇਸ ਪੁਸਤਕ ਨੂੰ 'ਜੀਵਨੀ' (ਪੂਰਨ ਸਿੰਘ ਦੀਆਂ ਕੁਝ ਯਾਦਾਂ) ਮੁੱਖ ਬੰਦ ਵਜੋਂ ਲਿਖਵਾਇਆ। ਮਾਇਆ ਦੇਵੀ ਪੂਰਨ ਸਿੰਘ ਨੇ ਲਗਪਗ 100 ਸਫ਼ਿਆਂ 'ਚ ਜਿਹੜੀਆਂ ਅਦੁੱਤੀ ਯਾਦਾਂ ਤੇ ਪੂਰਨ ਸਿੰਘ ਦੀ ਸ਼ਖ਼ਸੀਅਤ ਬਾਰੇ ਗੱਲਾਂ ਲਿਖੀਆਂ ਹਨ, ਉਹ ਬਹੁਤ ਹੀ ਮੁੱਲਵਾਨ ਤੇ ਮਨੋਹਰ ਹਨ। ਉਹ ਏਨੀ ਵਧੀਆ ਵਾਰਤਕ ਹੈ, ਕਿਰਸ਼ਕ ਆਉਂਦਾ। 'ਸੁਆਮੀ ਜੀ' ਕਹਿ ਕੇ ਸੰਬੋਧਨ ਕਰਦੀ ਸੀ। ਇਸ ਭਾਗ ਨੂੰ ਅੱਠ ਖੰਡਾਂ 'ਚ ਲਿਖਿਆ ਗਿਆ। ਰਾਵਲਪਿੰਡੀ, ਲਾਹੌਰ, ਡੋਈ ਵਾਲਾ, ਡੇਹਰਾਦੂਨ, ਪਟਿਆਲਾ, ਗਵਾਲੀਅਰ, ਸਰਈਆ (ਗੋਰਖਪੁਰ) ਤੇ ਸ਼ੇਖੂਪੁਰਾ (ਚੱਕ ਨੰ: 73/19)।

ਇੱਕ ਜ਼ਿਕਰ ਬਹੁਤ ਹੀ ਭਾਵੁਕਤਾ ਵਾਲਾ ਹੈ: "ਸੁੱਤਾ ਹੈਂ ਤਾਂ ਜਾਗ ਪੂਰਨਾ, ਤੈਨੂੰ ਮਾਇਆ ਸੀਟੀਆਂ ਮਾਰੇ।" ਪੰਜਾਬੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਕਿਸੇ ਔਰਤ ਨੇ ਆਪਣੇ ਸਾਹਿਤਕਾਰ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਪਤੀ ਸਬੰਧੀ ਅਜਿਹੀ ਰਚਨਾ ਨਹੀਂ ਕੀਤੀ ਹੋਣੀ। ਇਹ ਡਾ. ਰੰਧਾਵਾ ਦੀ ਹੀ ਮਿਕਨਾਤੀਸੀ ਆਭਾ ਸੀ, ਜਿਸ ਦੇ ਫਲਸਰੂਪ ਇਹ ਲਿਖਤ ਇਸ ਪੁਸਤਕ ਦਾ ਸ਼ਿੰਗਾਰ ਹੀ ਨਹੀਂ ਸਗੋਂ ਅਸਲੀ ਰੂਹ ਦੇ ਬੋਲ ਹਨ। ਪੁਸਤਕ ਦੇ ਅਗਲੇ ਭਾਗ 'ਚ ਪੂਰਨ ਸਿੰਘ ਦੀ ਕਾਵਿ-ਰਚਨਾ 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਤੇ 'ਖੁੱਲ੍ਹੇ ਅਸਮਾਨੀ ਰੰਗ' ਸ਼ਾਮਲ ਕੀਤੇ ਗਏ।

ਡਾ. ਰੰਧਾਵਾ ਦੀ ਪ੍ਰੋ. ਪੂਰਨ ਸਿੰਘ ਬਾਰੇ ਦ੍ਰਿਸ਼ਟੀ ਵੀ ਬਹੁਤ ਸ੍ਰੇਸ਼ਟ ਤੇ ਸਟੀਕ ਹੈ: "ਪੰਜਾਬ ਨੂੰ ਅਸੀਸ, ਮਾਰਮਿਕ ਕਵਿਤਾ ਹੈ। ਪੂਰਨ ਸਿੰਘ ਦੀ ਪ੍ਰਤਿਭਾ ਤੇ ਨਿਡਰ ਸ਼ਖ਼ਸੀਅਤ ਨੇ ਸਾਰੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ ਹੈ। ਪੂਰਨ ਸਿੰਘ ਮਾਨਵਤਾ ਦਾ ਕਵੀ ਹੈ। ਉਸ ਲਈ ਧਰਮ, ਫਿਰਕੇ ਅਤੇ ਜਾਤੀ ਦੀਆਂ ਕਲਪਿਤ ਸੀਮਾਵਾਂ ਕੋਈ ਅਰਥ ਨਹੀਂ ਰੱਖਦੀਆਂ। ਪੂਰਨ ਸਿੰਘ ਦਾ ਰੱਬ ਗੁਰੂ ਨਾਨਕ ਦਾ ਰੱਬ ਹੈ। ਉਸ ਦੀ ਕਵਿਤਾ ਉਸ ਦੀ ਰਹੱਸਵਾਦੀ ਆਤਮ-ਕਥਾ ਹੈ। ਉਸ ਦੇ ਸ਼ਬਦ ਪੰਜਾਬੀ ਮੁਟਿਆਰ ਦੀਆਂ ਵੰਗਾਂ ਵਾਂਗ ਛਣਕਦੇ ਹਨ। ਉਸ ਦੀ ਸ਼ਖ਼ਸੀਅਤ ਵਿੱਚ ਉਹ ਪਾਰਸ ਸੀ, ਜਿਸ ਦੀ ਛੋਹ ਨਾਲ ਬੋਲੀ, ਵਿਚਾਰ ਤੇ ਕਲਪਨਾ ਹਰਿਮੰਦਰ ਦੇ ਸੋਨ ਕਲਸਾਂ ਵਾਂਗ ਜਗਮਗਾ ਉੱਠਦੇ ਹਨ। ਉਸ ਦੀਆਂ ਰਚਨਾਵਾਂ ਵਿੱਚ ਸਾਨੂੰ ਪੰਜਾਬ ਦੇ ਮੈਦਾਨਾਂ ਦੀ ਖੁੱਲ੍ਹ, ਸਰ੍ਹੋਂ ਦੇ ਖੇਤਾਂ ਦੀ ਸੁਗੰਧ ਅਤੇ ਪੰਜ ਦਰਿਆਵਾਂ ਦੇ ਬੇ-ਪ੍ਰਵਾਹ ਵਹਿਣਾਂ ਦੀ ਮਸਤੀ ਲਭਦੀ ਹੈ।"

ਅੰਤ ਵਿੱਚ ਡਾ. ਰੰਧਾਵਾ ਲਿਖਦੇ ਹਨ: "ਪੂਰਨ ਸਿੰਘ ਦੀ ਪੰਜਾਬ ਵਿੱਚ ਉਹੀ ਥਾਂ ਹੈ, ਜੋ ਰਾਬਿੰਦਰ ਨਾਥ ਟੈਗੋਰ ਦੀ ਬੰਗਾਲੀ, ਇਕਬਾਲ ਦੀ ਉਰਦੂ, ਗੋਇਟੇ ਦੀ ਜਰਮਨ ਅਤੇ ਨੋਗੂਚੀ ਦੀ ਜਾਪਾਨ ਦੇ ਸਾਹਿਤ ਵਿੱਚ।"

ਇਹ ਪੁਸਤਕ ਮੇਰੇ ਲਈ ਕ੍ਰਿਸ਼ਮਾ ਸਿੱਧ ਹੋਈ, ਜਿਸ ਕਾਰਨ ਮੇਰੀ ਨੇੜਤਾ ਡਾ. ਰੰਧਾਵਾ ਨਾਲ ਹੋਈ ਤੇ ਡਾ. ਰੰਧਾਵਾ ਨੂੰ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਨੇ ਮੋਹਿਤ ਕੀਤਾ। ਦੋਵੇਂ ਸ਼ਖ਼ਸੀਅਤਾਂ ਨੂੰ ਮੇਰੀ ਅਕੀਦਤ।

# ਫਿਰ ਹੋਣ ਲੱਗੀ ਗਾਜ਼ਾ ਦੇ ਥੇਹਾਂ 'ਤੇ ਇਜ਼ਰਾਇਲੀ ਬੰਬਾਰੀ

*...ਸਫਾ ਇੱਕ ਦੀ ਬਾਕੀ ⇒*

ਫਲਿਸਤੀਨ ਦੇ ਸਰਕਾਰੀ ਮੀਡੀਆ ਵਿਭਾਗ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਗਾਜ਼ਾ ਹਮਲੇ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 61,700 ਲੋਕ ਮਾਰੇ ਗਏ ਹਨ ਅਤੇ 1,13,705 ਲੋਕ ਜ਼ਖਮੀ ਹੋ ਗਏ ਹਨ। ਇਨ੍ਹਾਂ ਵਿੱਚੋਂ 60 ਫੀਸਦੀ ਤੋਂ ਵਧੇਰੇ ਔਰਤਾਂ ਅਤੇ ਬੱਚੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਲੋਕ ਢਹਿ ਢੇਰੀ ਕੀਤੇ ਗਏ ਗਜ਼ਾ ਦੇ ਮਲਬੇ ਹੇਠਾਂ ਦਬੇ ਪਏ ਹਨ।

ਯਾਦ ਰਹੇ, ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਹਮਾਸ ਵੱਲੋਂ 7 ਅਕਤੂਬਰ 2023 ਨੂੰ ਇਜ਼ਰਾਇਲ ਦੇ ਅੰਦਰ ਜਾ ਕੇ ਕੀਤੇ ਗਏ ਹਮਲੇ ਵਿੱਚ 1250 ਦੇ ਕਰੀਬ ਲੋਕ ਮਾਰੇ ਗਏ ਸਨ ਅਤੇ 250 ਨੂੰ ਹਮਾਸ ਵੱਲੋਂ ਬੰਦੀ ਬਣਾ ਲਿਆ ਗਿਆ ਸੀ। ਇਸ ਹਮਲੇ ਤੋਂ ਬਾਅਦ ਨੇਤਨਯਾਹੂ ਦੀ ਅਗਵਾਈ ਵਾਲੀ ਇਜ਼ਰਾਇਲੀ ਸਰਕਾਰ ਨੇ ਗਾਜ਼ਾ ਪੱਟੀ 'ਤੇ ਜ਼ਮੀਨੀ ਅਤੇ ਹਵਾਈ ਹਮਲਾ ਸ਼ੁਰੂ ਕਰ ਦਿੱਤਾ ਸੀ। ਕਤਰ, ਮਿਸਰ ਅਤੇ ਅਮਰੀਕਾ ਦੀ ਵਿਚੋਲਗੀ ਨਾਲ ਕੁਝ ਹਫਤੇ ਪਹਿਲਾਂ ਗਾਜ਼ਾ ਵਿੱਚ ਜੰਗਬੰਦੀ ਹੋਈ। ਇਸ ਦਰਮਿਆਨ ਲੱਖਾਂ ਫਲਿਸਤੀਨੀ ਲੋਕ ਮੁੜ ਉੱਤਰੀ ਗਾਜ਼ਾ ਵੱਲ ਆ ਗਏ ਅਤੇ ਥੇਹ ਹੋਏ ਆਪਣੇ ਘਰਾਂ 'ਤੇ ਤੰਬੂ ਲਗਾ ਕੇ ਬੈਠ ਗਏ। ਜੰਗਬੰਦੀ ਦੇ ਤਿੰਨ ਪੜਾਅ ਮਿਥੇ ਗਏ ਸਨ, ਜਿਨ੍ਹਾਂ ਵਿੱਚ ਨੇਤਨਯਾਹੂ ਸਰਕਾਰ ਨੇ ਫਲਿਸਤੀਨੀ ਕੈਦੀਆਂ ਨੂੰ ਰਿਹਾਅ ਕਰਨਾ ਸੀ ਅਤੇ ਹਮਾਸ ਵੱਲੋਂ ਅਗਵਾ ਕੀਤੇ ਗਏ ਲੋਕਾਂ ਨੂੰ ਰਿਹਾਅ ਕੀਤਾ ਜਾਣਾ ਸੀ। ਕੁਝ ਹਫਤੇ ਚੱਲੀ ਜੰਗਬੰਦੀ ਦੇ ਪਹਿਲੇ ਪੜਾਅ ਵਿੱਚ ਦੋਹਾਂ ਧਿਰਾਂ ਵੱਲੋਂ ਬੰਦੀ ਰਿਹਾਅ ਵੀ ਕੀਤੇ ਗਏ, ਪਰ ਇਜ਼ਰਾਇਲ ਨੇ ਇਹ ਸਮਝੌਤਾ ਦੂਜੇ ਪੜਾਅ ਵਿੱਚ ਜਾਣ ਤੋਂ ਪਹਿਲਾਂ ਹੀ ਹਮਲੇ ਦੁਬਾਰਾ ਸ਼ੁਰੂ ਕਰ ਦਿੱਤੇ। ਸਮਝੌਤੇ ਦੇ ਦੂਜੇ ਪੜਾਅ ਵਿੱਚ ਗਾਜ਼ਾ ਵਿੱਚੋਂ ਇਜ਼ਰਾਇਲੀ ਫੌਜਾਂ ਨੂੰ ਵਾਪਸ ਭੇਜਿਆ ਜਾਣਾ ਸੀ ਅਤੇ ਹਮਾਸ ਵੱਲੋਂ ਹੋਰ ਬੰਦੀ ਰਿਹਾਅ ਕੀਤੇ ਜਾਣੇ ਸਨ, ਪਰ ਇਜ਼ਰਾਇਲ ਨੇ ਦੂਜੇ ਪੜਾਅ ਤੋਂ ਪਹਿਲਾਂ ਹੀ ਸਾਰੇ ਇਜ਼ਰਾਇਲੀ ਬੰਦੀ ਰਿਹਾਅ ਕਰਨ ਦੀ ਮੰਗ ਰੱਖ ਦਿੱਤੀ ਅਤੇ ਅਮਰੀਕਾ ਨੇ ਇਸ ਦੀ ਹਮਾਇਤ ਕੀਤੀ। ਹਮਾਸ ਨੇ ਅਜਿਹਾ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ। ਹਮਾਸ ਵੱਲੋਂ ਅਜਿਹਾ ਨਾ ਕਰਨ 'ਤੇ ਇਜ਼ਰਾਈਲ ਨੇ ਗਾਜ਼ਾ ਵਿੱਚ ਮੁੜ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਅਤੇ ਹੁਣ ਜ਼ਮੀਨੀ ਹਮਲੇ ਦੁਬਾਰਾ ਸ਼ੁਰੂ ਕਰਨ ਦੀ ਗੱਲ ਨੇਤਨਯਾਹੂ ਵੱਲੋਂ ਕੀਤੀ ਜਾ ਰਹੀ ਹੈ।

ਇੱਥੇ ਇਹ ਵੀ ਧਿਆਨਯੋਗ ਹੈ ਕਿ ਇਜ਼ਰਾਇਲ ਵਿੱਚ ਬਹੁਤ ਸਾਰੇ ਲੋਕ ਨੇਤਨਯਾਹੂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ ਅਤੇ ਬੰਦੀਆਂ ਨੂੰ ਰਿਹਾਅ ਕਰਨ ਲਈ ਜ਼ੋਰ ਪਾ ਰਹੇ ਹਨ। ਇਜ਼ਰਾਇਲੀ ਅਖ਼ਬਾਰਾਂ ਵਿੱਚ ਛਪੀਆਂ ਕੁਝ ਰਿਪੋਰਟਾਂ ਅਨੁਸਾਰ 70 ਫੀਸਦੀ ਇਜ਼ਰਾਇਲੀ ਲੋਕ ਜੰਗ ਰੋਕਣ ਦੇ ਹੱਕ ਵਿੱਚ ਹਨ ਅਤੇ ਨੇਤਨਯਾਹੂ ਨੂੰ ਨਾਪਸੰਦ ਕਰਦੇ ਹਨ। ਉਸ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਅਦਾਲਤ ਵਿੱਚ ਹੈ। ਆਪਣੀ ਗੱਦੀ ਬਚਾਉਣ ਲਈ ਹੀ ਉਹ ਜੰਗ ਛੇੜੀ ਰੱਖਣਾ ਚਾਹੁੰਦਾ ਹੈ। ਨਵੇਂ ਹਾਲਾਤ ਤੋਂ ਇਹ ਵੀ ਲਗਦਾ ਹੈ ਕਿ ਇਜ਼ਰਾਇਲ ਅਤੇ ਟਰੰਪ ਪ੍ਰਸ਼ਾਸਨ ਗਾਜ਼ਾ ਤੇ ਵੈਸਟ ਬੈਂਕ ਨੂੰ ਮੁਕੰਮਲ ਤੌਰ 'ਤੇ ਫਲਿਸਤੀਨੀ ਆਬਾਦੀ ਤੋਂ ਮੁਕਤ ਕਰਵਾਉਣਾ ਚਾਹੁੰਦੇ ਹਨ। ਇਸ ਹਿਸਾਬ ਨਾਲ ਇਹ ਇੱਕ ਤਰ੍ਹਾਂ ਨਾਲ ਮੁਕੰਮਲ ਨਸਲੀ ਸਫਾਏ ਦੀ ਮੁਹਿੰਮ ਹੀ ਜਾਪਦੀ ਹੈ।

ਯਹੂਦੀ ਖ਼ਾਸ ਕਰਕੇ ਜੀਓਨਿਸਟ ਕਮਿਊਨਿਟੀ, ਨਾਜ਼ੀਆਂ ਵੱਲੋਂ ਜਰਮਨੀ ਵਿੱਚ ਕੀਤੇ ਗਏ ਉਨ੍ਹਾਂ ਦੇ ਆਪਣੇ ਨਸਲਘਾਤ ਦਾ ਰੋਣਾ ਸਾਰੀ ਦੁਨੀਆਂ ਵਿੱਚ ਰੋਂਦੇ ਹਨ। ਇਸ ਆਧਾਰ 'ਤੇ ਇਹ ਕਈ ਮੁਲਕਾਂ ਦੀਆਂ ਹਕੂਮਤਾਂ/ਲੋਕਾਂ ਦੀ ਹਮਦਰਦੀ ਜਿੱਤਣ ਦਾ ਯਤਨ ਵੀ ਕਰਦੇ ਹਨ ਅਤੇ ਬਹੁਤੀ ਵਾਰੀ ਜਿੱਤ ਵੀ ਲੈਂਦੇ ਹਨ, ਪਰ ਪਿਛਲੇ ਸਵਾ ਸਾਲ ਤੋਂ ਗਾਜ਼ਾ ਪੱਟੀ ਵਿੱਚ ਜਿਸ ਕਿਸਮ ਦਾ ਨਰਸੰਘਾਰ ਇਨ੍ਹਾਂ ਨੇ ਵਿੱਢਿਆ ਹੋਇਆ ਹੈ, ਇਸ ਦੀ ਮਿਸਾਲ ਇਤਿਹਾਸ ਵਿੱਚ ਸ਼ਾਇਦ ਹੀ ਕਿਤੇ ਲੱਭੇ। ਜਿੰਨੀ ਬੇਦਰਦੀ/ਬਰਬਰਤਾ ਨਾਲ ਇਹ ਫਲਿਸਤੀਨੀ ਇਲਾਕਿਆਂ ਖਾਸ ਕਰਕੇ ਗਾਜ਼ਾ ਪੱਟੀ ਦੇ ਥੇਹਾਂ 'ਤੇ ਹਮਲੇ ਕਰ ਰਹੇ ਹਨ, ਉਸ ਤੋਂ ਲਗਦਾ ਕਿ ਇਨ੍ਹਾਂ ਜ਼ਾਹਲਾਂ ਨੂੰ ਮਨੁੱਖ ਕਹਿਣਾ ਵੀ ਇੱਕ ਪਾਪ ਹੈ।


ਸਿੱਖ ਬੁੱਧੀਜੀਵੀ ਆਮ ਤੌਰ 'ਤੇ ਆਪਣੀ ਤੁਲਨਾ ਯਹੂਦੀਆਂ ਨਾਲ ਕਰਦੇ ਹਨ। ਇੱਥੇ ਦਿਲਚਸਪ ਤੱਥ ਇਹ ਹੈ ਕਿ ਹਿੰਦੂਤਵੀ ਤਾਕਤਾਂ ਵੀ ਆਪਣੀ ਤੁਲਨਾ ਯਹੂਦੀਆਂ ਨਾਲ ਕਰਦੀਆਂ ਹਨ। ਨਿਰੱਪਖਤਾ ਨਾਲ ਵੇਖੀਏ ਤਾਂ ਹਿੰਦੂ ਸਮਾਜ ਦੀ ਤੁਲਨਾ ਕਿਸੇ ਹੱਦ ਤੱਕ ਯਹੂਦੀਆਂ ਨਾਲ ਕੀਤੀ ਜਾ ਸਕਦੀ ਹੈ, ਕਿਉਂਕਿ ਇਹ ਲੋਕ ਵੀ ਸੂਦਖੋਰੀ ਦਾ ਧੰਦਾ ਵੱਡੀ ਪੱਧਰ 'ਤੇ ਕਰਦੇ ਰਹੇ ਹਨ। ਤੱਥ ਇਹ ਹਨ ਕਿ ਯਹੂਦੀ ਲੋਕਾਂ ਨੇ ਕਈ ਹਜ਼ਾਰ ਸਾਲ ਪਹਿਲਾਂ ਆਪਣੀ ਪੁਸ਼ਤੈਨੀ ਜ਼ਮੀਨ ਤੋਂ ਉਖ਼ੜਨ ਤੋਂ ਬਾਅਦ ਆਪਣਾ ਗੁਜ਼ਰ-ਬਸਰ ਮੁੱਖ ਰੂਪ ਵਿੱਚ ਸੂਦਖੋਰੀ ਨਾਲ ਕੀਤਾ ਹੈ।

ਇਹ ਬਿਲਕੁਲ ਸੱਚ ਹੈ ਕਿ ਕੋਈ ਵੀ ਧਾਰਮਿਕ ਜਾਂ ਨਸਲੀ ਭਾਈਚਾਰਾ ਮੁਕੰਮਲ ਰੂਪ ਵਿੱਚ ਚੰਗਾ/ਮਾੜਾ ਨਹੀਂ ਹੋ ਸਕਦਾ, ਪਰ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਕੋਈ ਭਾਈਚਾਰਾ ਬਹੁਗਿਣਤੀ ਰੂਪ ਵਿੱਚ ਜਿਸ ਤਰ੍ਹਾਂ ਦੇ ਕਿੱਤੇ/ਕਾਰੋਬਾਰ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦਾ ਹੈ, ਇਸ ਨਾਲ ਉਸ ਦੀ ਸ਼ਖਸੀਅਤ, ਸੁਭਾਅ ਅਤੇ ਮਾਨਸਿਕਤਾ ਦੀ ਘਾੜਤ ਖੁਦ-ਬ-ਖੁਦ ਘੜੀ ਜਾਂਦੀ ਹੈ। ਇਸੇ ਪ੍ਰਸੰਗ ਵਿੱਚ ਅਸੀਂ ਕਿਸਾਨ ਅਤੇ ਬਿਜ਼ਨਸਮੈਨ ਖਾਸ ਕਰ ਵਿੱਤੀ (ਫਾਈਨੈਂਸ਼ੀਲ) ਕਾਰੋਬਾਰ ਵਾਲੇ ਲੋਕਾਂ ਦਾ ਸੁਭਾਅ ਵੇਖ ਸਕਦੇ ਹਾਂ। ਜਦੋਂ ਹਿਟਲਰ ਨੇ ਯਹੂਦੀਆਂ ਖਿਲਾਫ ਖੰਡਾ ਖੜਕਾਇਆ ਉਦੋਂ ਜਰਮਨ ਕੌਮ ਦਾ ਕੇਂਦਰੀ ਸੱਭਿਆਚਾਰ ਕਿਸਾਨੀ ਸੁਭਾਅ ਦੀ ਹੀ ਉਪਜ ਸੀ। ਪੰਜਾਬ ਦੇ ਇੱਕ ਮਰਹੂਮ ਬਜ਼ੁਰਗ ਪੱਤਰਕਾਰ ਕਿਹਾ ਕਰਦੇ ਸਨ ਕਿ ਸੂਦਖ਼ੋਰੀ ਮਨੁੱਖੀ ਆਤਮਾ ਨੂੰ ਮਾਰ ਦਿੰਦੀ ਹੈ। ਇਸ ਨਾਲ ਦਇਆ ਭਾਵਨਾ ਮਰ ਮੁੱਕ ਜਾਂਦੀ ਹੈ ਅਤੇ ਕਿਸਾਨ ਦਾ ਇਸ ਤੋਂ ਬਿਨਾ ਗੁਜ਼ਰਾ ਨਹੀਂ।

ਪਿਛਲੀ ਸਦੀ ਦੇ ਮੁੱਢ ਵਿੱਚ ਸਟੇਟ ਹਾਸਲ ਹੋਣ ਤੋਂ ਬਾਅਦ ਜਿਸ ਤਰ੍ਹਾਂ ਦਾ ਆਪਣੇ ਗੁਆਂਢੀਆਂ ਪ੍ਰਤੀ ਇਜ਼ਰਾਇਲੀਆਂ ਦਾ ਵਿਹਾਰ ਸਾਹਮਣੇ ਆਇਆ, ਉਸ ਤੋਂ ਲਗਦਾ ਕਿ ਜਰਮਨੀ ਵਿੱਚ ਹਿਟਲਰ ਵੱਲੋਂ ਯਹੂਦੀਆਂ ਦੇ ਕੀਤੇ ਗਏ ਕਥਿੱਤ ਨਰਸੰਘਾਰ ਦੀ ਮਿੱਥ ਬਾਰੇ ਮੁੜ ਤੋਂ ਸੋਚਣ ਦਾ ਸਮਾਂ ਆ ਗਿਆ ਹੈ। ਸਾਡੇ ਵਕਤਾਂ ਦਾ ਇਹ ਬਹੁਤ ਬੇਚੈਨ ਕਰਨ ਵਾਲਾ ਸੱਚ ਹੈ ਕਿ ਕੱਲ੍ਹ ਤੱਕ ਆਪਣੇ ਆਪ ਨੂੰ ਇੱਕ ਵੱਡੇ ਨਸਲਘਾਤ ਦਾ ਸ਼ਿਕਾਰ ਦੱਸਣ ਵਾਲੇ ਲੋਕ ਉਸ ਨਾਲੋਂ ਵੀ ਭੈੜੀ ਨਸਲਕੁਸ਼ੀ ਕਰਨ ਲਈ ਫਲਿਸਤੀਨ ਵਿੱਚ ਹਰ ਹਰਬਾ ਵਰਤ ਰਹੇ ਹਨ। ਇਹ ਸਵਾਲ ਉਂਝ ਦੁਨੀਆਂ ਦੇ ਉੱਚਕੋਟੀ ਦੇ ਮਨੋਵਿਗਿਆਨੀਆਂ ਦੇ ਸਮਝਣ ਵਾਲਾ ਹੈ ਕਿ ਕਿਸੇ ਹੋਰ ਕੌਮ ਹੱਥੋਂ ਨਸਲਕੁਸ਼ੀ ਦਾ ਸ਼ਿਕਾਰ ਹੋਣ ਵਾਲੇ ਲੋਕ ਆਪਣਾ ਉੱਤੇ ਬੀਤਿਆ ਇੰਨੀ ਛੇਤੀ ਕਿਵੇਂ ਭੁੱਲ ਜਾਂਦੇ ਹਨ! ਮਨੁੱਖ ਦੀ ਇਹੋ ਜਿਹੀ ਮਾਨਸਿਕਤਾ ਬਣਦੀ ਕਿਵੇਂ ਹੈ! ਅਣਮਨੁੱਖੀ ਵਿਹਾਰ ਦੀ ਇਹ ਸਿਖ਼ਰ ਹੈ ਕਿ ਜਿਸ ਧਰਤੀ 'ਤੇ ਫਲਿਸਤੀਨ ਦੇ ਲੋਕਾਂ ਦਾ ਅਣਮਿਣਿਆ ਖੂਨ ਡੁੱਲ੍ਹ ਗਿਆ ਹੈ ਅਤੇ ਜਿੱਥੇ ਤਾਜ਼ਾ ਬੰਬਾਰੀ ਕਾਰਨ ਹਜ਼ਾਰਾਂ ਲਾਸ਼ਾਂ ਮਲਬੇ ਹੇਠ ਦਬੀਆਂ ਪਈਆਂ ਹਨ, ਉਥੇ ਮਲਬੇ ਵਾਂਗ ਹੀ ਜੀਂਦੇ ਲੋਕਾਂ ਦਾ ਮਲਬਾ ਬਣਾ ਕੇ ਮੌਜ ਮੇਲੇ ਦੇ ਕੇਂਦਰ ਖੋਲ੍ਹਣ ਦੀ ਵਜਾਹਤ ਕੀਤੀ ਜਾ ਰਹੀ ਹੈ। ਸਾਰੀ ਦੁਨੀਆਂ ਇਹ ਸੱਚਾਈ ਸਪਸ਼ਟ ਵੇਖ ਰਹੀ ਹੈ ਕਿ ਸੰਸਾਰ ਦੇ 49 ਮੁਲਕਾਂ ਵਿੱਚ ਬਹੁਗਿਣਤੀ ਮੁਸਲਮਾਨ ਆਬਾਦੀ ਵੱਸਦੀ ਹੈ, ਪਰ ਇਰਾਨ ਤੋਂ ਬਿਨਾ ਕੋਈ ਵੀ ਫਲਿਸਤੀਨ ਦੇ ਲੋਕਾਂ ਦੇ ਹੱਕ ਵਿੱਚ ਨਹੀਂ ਉੱਤਰ ਰਿਹਾ।


# ਨਜ਼ਰ ਦਾ ਪਾਸਕੂ

*ਨਾਵਲੀ ਦ੍ਰਿਸ਼ਾਂ ਨੂੰ ਚਿਤਰਦਿਆਂ ਜਿਸ ਤਰ੍ਹਾਂ ਦੀ ਖੁੱਲ੍ਹ ਵਰਤੀ ਗਈ ਹੈ, ਉਹ ਬੇਸ਼ਕ ਨੈਤਿਕਤਾ ਦੇ ਸੰਦਰਭ ਵਿੱਚ ਰੜਕਦੀ ਹੈ, ਪਰ ਕਹਾਣੀ ਜਿਸ ਧਰਾਤਲ 'ਤੇ ਘੜੀ ਗਈ ਹੈ ਤੇ ਜਿਸ ਤਰ੍ਹਾਂ ਦੀ ਤਰਜ਼ ਉਸ ਨੂੰ ਦਿੱਤੀ ਗਈ ਹੈ, ਉਸ ਦੇ ਮੱਦੇਨਜ਼ਰ ਅਜਿਹੇ ਸ਼ਬਦੀ ਚਿੱਤਰਾਂ ਦਾ ਰੰਗ ਉਘੜਨਾ ਸੁਭਾਵਿਕ ਹੈ। ਇੰਜ ਅਜਿਹੇ ਰੂਪਾਂ ਨਾਲ ਖਾਸਾ ਕੁਝ ਪ੍ਰਭਾਵਿਤ ਹੋਣਾ ਤੈਅ ਹੈ- ਕੁਝ ਚੰਗੇ ਪ੍ਰਤੀਕਰਮ ਤੇ ਕੁਝ ਮਾੜੇ ਵੀ; ਜਾਂ ਦੋਹਾਂ ਤਰ੍ਹਾਂ ਦੇ ਰਲਵੇਂ-ਮਿਲਵੇਂ ਪ੍ਰਤੀਕਰਮ ਪ੍ਰਗਟ ਹੋਣੇ ਲਾਜ਼ਮੀ ਹਨ। ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਉਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*




## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (7)



ਬਖ਼ਸ਼ਿੰਦਰ
ਵੱਟਸਐਪ:+1-778-793-8979



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸੰਨੀ ਨੂੰ ਉਹ ਰਾਤ ਮਸਾਂ-ਮਸਾਂ ਹੀ ਪਈ ਸੀ, ਕਿਉਂਕਿ ਰੱਬ ਨੇ ਉਸ ਦਾ ਕਮਰਾ ਕਿਰਾਏ 'ਤੇ ਚੜ੍ਹਾਉਣ ਵਿਚ ਮਦਦ ਕਰ ਕੇ, ਉਸ ਨੂੰ ਗੋਲਡਨ ਗਾਜਰਾਂ ਦੀ ਭਰੀ ਕਿਆਰੀ ਹੀ ਨਹੀਂ ਦੇ ਦਿੱਤੀ ਸੀ, ਸਟੈਲਾ ਦੇ ਰੂਪ 'ਚ, ਉਸ ਵਿਚ ਇਕ ਰੰਬੀ ਵੀ ਰੱਖ ਦਿੱਤੀ ਸੀ।

ਉਸ ਰਾਤ ਜਦੋਂ ਸ਼ਰਾਬ ਦੇ ਨਸ਼ੇ ਵਿਚ ਤਕਰੀਬਨ ਅੰਨ੍ਹੀ ਹੋਈ ਕੁਲਵੰਤ ਕੌਰ ਨੇ, ਆਪਣੇ ਬੈੱਡਰੂਮ ਵਿਚ ਵੜ ਕੇ, ਆਪਣਾ ਪਤੀ ਹਰਪਾਲ ਸਿੰਘ ਸੁੱਤਾ ਪਿਆ ਹੀ ਦੱਬ ਲਿਆ ਤੇ ਉਨ੍ਹਾਂ ਦੇ ਕਮਰੇ ਅੰਦਰੋਂ 'ਜਾਂਗਲੀ ਜਿਹੀਆਂ ਆਵਾਜ਼ਾਂ' ਆਉਣ ਦੀ ਥਾਂ, ਮਸਤੀ ਭਰੇ ਘੁਰਾੜਿਆਂ ਦਾ ਸੰਗੀਤ ਬਾਹਰ ਆਉਣ ਲੱਗਿਆ ਤਾਂ ਸੰਨੀ ਫੈਮਿਲੀ ਰੂਮ ਦੇ ਸੋਫੇ ਤੋਂ ਆਪਣੀ ਰਜ਼ਾਈ ਪਰ੍ਹਾਂ ਕਰ ਕੇ ਉੱਠ ਬੈਠਿਆ। ਕੁਝ ਪਲ ਲਈ ਉਹ, ਇਹ ਯਕੀਨੀ ਬਣਾਉਣ ਲਈ ਬੈਠਾ ਰਿਹਾ ਕਿ ਕਿਸੇ ਨੇ ਉਸ ਦੇ ਉੱਠਣ ਨਾਲ਼ ਸੋਫੇ 'ਚੋਂ ਨਿਕਲੀ 'ਚੁਰ-ਚੁਰ, ਚੀਂ-ਚੀਂ' ਦੀ ਆਵਾਜ਼ ਤਾਂ ਨਹੀਂ ਸੁਣੀ! ਜਦੋਂ ਚਾਰੇ ਪਾਸਿਉਂ ਹਰੀਆਂ ਹੀ ਹਰੀਆਂ ਝੰਡੀਆਂ ਦੇ ਝਲਕਾਰੇ ਪੈਣ ਲੱਗੇ ਤਾਂ ਸੰਨੀ ਯਾਨੀ 'ਸਬਰ ਸੰਤੋਖ ਸਿੰਘ' ਆਪਣੇ ਸਬਰ ਦੇ ਭਰੇ ਹੋਏ ਪਿਆਲੇ ਨੂੰ ਛਲਕਣੋਂ ਬਚਾਉਂਦਾ-ਬਚਾਉਂਦਾ, ਸਟੈਲਾ ਵੱਲੋਂ ਢੋਏ ਹੋਏ ਬੂਹੇ ਨੂੰ ਧੱਕ ਕੇ ਉਸ ਦੇ ਕਮਰੇ ਅੰਦਰ ਜਾ ਵੜਿਆ। ਸਿਆਣੇ ਤਾਂ ਇੰਨਾ ਹੀ ਕਹਿ ਗਏ ਹਨ ਕਿ ਕੰਧਾਂ ਦੇ ਵੀ ਕੰਨ ਹੁੰਦੇ ਹਨ, ਪਰ ਅੱਜ ਦੇ ਨਵੀਨ ਤਕਨਾਲੋਜੀ ਦੇ ਜ਼ਮਾਨੇ ਵਿਚ ਤਾਂ ਕਈ ਬੰਦਿਆਂ ਦੇ ਕੰਨ, ਦੇਖਣ ਨੂੰ ਹੀ ਕੰਨ ਦਿਸਦੇ ਹਨ, ਪਰ ਉਹ ਕੰਮ, ਲੰਮੀ ਰੇਂਜ ਵਾਲ਼ੇ ਐਨਟੀਨਿਆਂ ਵਾਲ਼ੇ ਕਰਦੇ ਹਨ। ਆਪਣੇ ਮਾਪਿਆਂ ਦੇ ਬੈੱਡਰੂਮ ਦੇ ਨਾਲ਼ ਦੇ ਬੈੱਡਰੂਮ ਵਿਚ ਪਈ ਚੰਨੀ ਦੇ ਕੰਨ, ਕੁਝ ਬਹੁਤੇ ਹੀ ਐਨਟੀਨਾ ਕਿਸਮ ਦੇ ਸਨ। ਉਨ੍ਹੀਂ ਦਿਨੀਂ ਤਾਂ ਉਸ ਦਾ ਸਾਰਾ ਹੀ ਜਿਸਮ, ਇਕ ਵੱਡੇ ਟਰਾਂਸਮੀਟਰ ਵਾਲ਼ੇ ਸਾਰੇ ਹੀ ਕੰਮ ਕਰਦਾ ਸੀ। ਸੋ, ਚੰਨੀ ਦੇ ਸਰੀਰ ਨੇ ਸੰਨੀ ਵੱਲੋਂ ਬਹੁਤ ਹੀ ਧਿਆਨ ਨਾਲ਼ ਬੂਹਾ ਖੋਲ੍ਹਣ ਤੇ ਫਿਰ ਬਹੁਤ ਹੀ ਚੁਸਤੀ ਨਾਲ਼ ਬੰਦ ਕਰਨ ਦੇ ਬਾਵਜੂਦ, ਬੂਹੇ ਦੀ ਆਵਾਜ਼ ਹੀ ਨਹੀਂ ਸੁਣ ਲਈ, ਸਗੋਂ ਸੰਨੀ ਵੱਲੋਂ ਸਟੈਲਾ ਦੀ ਰਜ਼ਾਈ ਦਾ ਇਕ ਪਾਸਾ ਚੁੱਕ ਕੇ, ਉਸ ਅੰਦਰ ਵੜਨ ਵੇਲ਼ੇ, ਰਜ਼ਾਈ ਵਿਚੋਂ ਆਈ ਸਟੈਲਾ ਦੇ ਨੰਗੇ ਪਿੰਡੇ ਦੀ ਸੁਗੰਧ ਵੀ ਸੁੰਘ ਲਈ ਸੀ।

ਅਜੇ ਸੰਨੀ ਤੇ ਸਟੈਲਾ ਦੇ ਪਿੰਡਿਆਂ ਨੇ ਆਪਸ ਵਿਚ ਜੁੜ-ਖਹਿ ਕੇ ਰਜ਼ਾਈ ਇੰਨੀ ਵੀ ਨਿੱਘੀ ਨਹੀਂ ਕੀਤੀ ਸੀ ਕਿ ਉਹ ਵਗਾਹ ਕੇ ਔਹ ਸੁੱਟੀ ਜਾ ਸਕੇ। ਇੰਨੇ ਵਿਚ ਹੀ, ਬੂਹੇ ਉੱਤੇ ਚੰਨੀ ਦੇ ਲੰਬੇ ਤੇ ਤਿੱਖੇ ਨਹੁੰਆਂ ਦੀ ਦਸਤਕ ਹੋਈ। ਸੰਨੀ ਤੇ ਸਟੈਲਾ ਦੇ ਹੱਥ, ਇਕ-ਦੂਜੇ ਦੇ ਪਿੰਡੇ ਨਾਲ਼ੋਂ ਤੇ ਬੁੱਲ੍ਹ, ਬੁੱਲ੍ਹਾਂ ਨਾਲ਼ੋਂ ਵੱਖ ਹੋ ਗਏ। ਉਨ੍ਹਾਂ ਦੋਹਾਂ ਦੇ ਪਿੰਡੇ, ਪੂਰੇ ਦੇ ਪੂਰੇ ਕੰਨ ਬਣ ਗਏ ਸਨ। ਚੰਨੀ ਨੇ ਆਪਣੀ ਇਕ ਉਂਗਲ ਨਾਲ਼ ਹੀ, ਬੂਹਾ ਦੋ ਵਾਰ ਹੋਰ ਠਕੋਰ ਦਿੱਤਾ ਤਾਂ ਸੰਨੀ ਨੇ ਕਾਹਲੀ-ਕਾਹਲੀ ਉੱਠ ਕੇ, ਗਲ਼ 'ਚ ਟੀ-ਸ਼ਰਟ ਪਾ ਕੇ, ਬੂਹੇ ਵੱਲ ਜਾਂਦਿਆਂ ਬਾਹਾਂ ਵੀ ਉਸ ਦੀਆਂ ਬਾਹਾਂ ਵਿਚੀਂ ਲੰਘਾ ਲਈਆਂ। ਬੂਹਾ ਖੋਲ੍ਹਿਆ ਤਾਂ ਚੰਨੀ ਨੇ ਆਪਣੇ ਬੁੱਲਾਂ ਉੱਤੇ ਉਂਗਲ ਰੱਖ ਕੇ, ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਸੰਨੀ ਨੂੰ ਇਕ ਪਾਸੇ ਧੱਕ ਕੇ, ਅੰਦਰ ਵੜਦਿਆਂ ਬੂਹਾ ਬੰਦ ਕਰਨ ਦੀ ਕੀਤੀ।

"ਇਹ ਕੀ ਹੋ ਰਿਹਾ ਏ, ਮੈਂ ਇਹ ਨਹੀਂ ਪੁੱਛਾਂਗੀ। ਹਾਂ, ਕਦੋਂ ਦਾ ਹੋ ਰਿਹਾ ਏ, ਇਹ ਜ਼ਰੂਰ ਜਾਨਣਾ ਚਾਹਾਂਗੀ," ਚੰਨੀ ਨੇ ਅੰਦਰ ਵੜਦਿਆਂ ਹੀ ਸਮਾਂ ਖੋਟਾ ਕਰਨ ਦੀ ਥਾਂ ਸਿੱਧਾ ਹੀ ਸੁਆਲ ਕੀਤਾ ਤਾਂ ਸਟੈਲਾ ਕੁਝ ਕਹਿਣ ਲੱਗੀ, ਪਰ ਸੰਨੀ ਨੇ ਆਪਣੇ ਬੁੱਲ੍ਹਾਂ ਉੱਤੇ ਉਂਗਲੀ ਰੱਖ ਕੇ, ਉਸ ਨੂੰ ਬੋਲਣ ਤੋਂ ਮਨ੍ਹਾਂ ਕਰ ਦਿੱਤਾ ਤੇ ਕਿਹਾ, "ਹੋਣਾ ਕੀ ਆ ਸਿੱਸੀ। ਨੀਂਦ ਨਹੀਂ ਆਉਂਦੀ ਸੀ ਤਾਂ ਮੈਂ ਸੋਚਿਆ ਕਿ ਸਟੈਲਾ ਨਾਲ਼ ਚਾਰ ਕੁ ਗੱਲਾਂ ਕਰ ਕੇ ਮਨ ਹੌਲ਼ਾ ਕਰ ਲੈਨਾਂ।"

"ਮਨ ਭਾਰਾ ਕਦੋਂ ਤੋਂ ਹੋਣ ਲੱਗ ਪਿਆ ਤੁਹਾਡਾ ਭਰਾ ਜੀ?" ਚੰਨੀ ਦੀ ਗੱਲ ਵਿਚਲਾ ਵਿਅੰਗ ਦੋਹਾਂ ਦੇ ਕਸੂਤੇ ਥਾਂ ਵੱਜਿਆ ਸੀ ਤੇ ਸੰਨੀ ਕੋਲ਼ੋਂ ਜੁਆਬ ਵਿਚ ਕੁਝ ਵੀ ਕਿਹਾ ਨਹੀਂ ਗਿਆ ਸੀ।

"ਅੱਛਾ ਇਹ ਦੱਸ, ਚਾਰ ਕੁ ਗੱਲਾਂ ਕਰਨ ਦਾ ਇਹ ਸਿਲਸਿਲਾ ਇਸ ਕਮਰੇ ਵਿਚ ਹੀ ਸ਼ੁਰੂ ਕੀਤੈ ਕਿ ਕਮਰਾ ਰੈਂਟ ਕਰਨ ਤੋਂ ਪਹਿਲਾਂ, ਬਾਹਰੋਂ ਹੀ ਕੀਤਾ-ਕਰਾਇਆ ਆਇਆ ਏ?"

"ਇਹੋ ਜਿਹੀ ਕੋਈ ਵੀ ਗੱਲ ਨਹੀਂ ਏ ਚੰਨੀ, ਪਲੀਜ਼ ਮੌਮ-ਡੈਡ ਨੂੰ ਨਾ ਦੱਸੀਂ।"

"ਇੰਨੀ ਕੁ ਸਮਝਣ ਜੋਗੀ ਤਾਂ ਹੋ ਗਈ ਹਾਂ ਕਾਕੇ ਕਿ ਇਹ ਗੱਲ ਕਿਸ ਨੂੰ ਦੱਸਣੀ ਏ ਜਾਂ ਕਿਸ ਤੋਂ ਲੁਕਾਉਣੀ ਏ। ਆਈ ਐੱਮ ਸੌਰੀ! ਪਲੀਜ਼ ਕੈਰੀ ਔਨ! ਸੌਰੀ ਸਟੈਲਾ ਫੋਰਡ, ਆਈ ਹੈਵ ਡਿਸਟਰਬਡ ਯੋਅਰ ਰੁਟੀਨ," ਇਹ ਕਹਿ ਕੇ ਚੰਨੀ ਉਨ੍ਹਾਂ ਦੇ ਕਮਰੇ 'ਚੋਂ ਬਾਹਰ ਨਿੱਕਲ ਗਈ। ਭਾਵੇਂ ਉਸ ਕਮਰੇ ਵਿਚ 'ਹੀਟ' ਚੱਲਦੀ ਸੀ, ਪਰ ਸਟੈਲਾ ਦੀ ਰਜ਼ਾਈ ਠੰਢੀ ਯੱਖ ਹੋ ਚੁੱਕੀ ਸੀ।

ਉਸ ਰਾਤ ਤਾਂ ਸਟੈਲਾ ਤੇ ਸੰਨੀ ਦੇ ਸਰੀਰਾਂ ਵਿਚ ਪਹਿਲਾਂ ਵਾਲ਼ਾ ਕਣ ਹੀ ਨਹੀਂ ਰਿਹਾ ਸੀ। ਸੰਨੀ ਨੂੰ ਲੱਗਿਆ ਕਿ ਮਸਾਂ-ਮਸਾਂ ਪਟੜੀ 'ਤੇ ਚੜ੍ਹੀ, ਉਸ ਦੀ ਜ਼ਿੰਦਗੀ ਦੀ ਰੇਲ ਗੱਡੀ ਪਟੜੀਉਂ ਲਹਿ ਕੇ ਔਹ ਗਈ ਹੈ। ਉਸ ਨੂੰ ਲੱਗਦਾ ਹੁੰਦਾ ਸੀ ਕਿ ਸਟੈਲਾ ਨੂੰ ਆਪਣਾ ਕਮਰਾ ਕਿਰਾਏ 'ਤੇ ਦੇਣ ਲਈ, ਘਰ ਦਿਆਂ ਨੂੰ ਰਾਜ਼ੀ ਕਰ ਕੇ, ਉਸ ਨੇ ਬਹੁਤ ਵੱਡੀ ਜੰਗ ਜਿੱਤ ਲਈ ਸੀ, ਪਰ ਅੱਜ ਚੰਨੀ ਵੱਲੋਂ ਉਨ੍ਹਾਂ ਦੀ ਚੋਰੀ ਫੜੀ ਜਾਣ ਨਾਲ਼ ਉਸ ਨੂੰ ਇਹ ਲੱਗਣ ਲੱਗ ਪਿਆ ਸੀ ਕਿ ਸਵੇਰੇ ਦਿਨ ਚੜ੍ਹਨ ਸਾਰ ਸਟੈਲਾ ਤਾਂ ਇਸ ਘਰੋਂ ਕੱਢੀ ਹੀ ਜਾਵੇਗੀ, ਉਸ ਦਾ ਜੁੱਲੀ-ਤਪੜਾ ਵੀ ਉਸ ਦੇ ਨਾਲ਼ ਹੀ ਚੁਕਾ ਦਿੱਤਾ ਜਾਵੇਗਾ।

ਸੰਨੀ ਘੰਟਾ ਕੁ ਸਟੈਲਾ ਨੂੰ ਦਿਲਾਸੇ ਜਿਹੇ ਦਿੰਦਿਆਂ ਉਸ ਦਾ ਪਿੰਡਾ ਥਾਪੜ-ਪਲੋਸ ਕੇ ਤੇ ਉਸ ਦੀ ਪੋਲੀ ਜਿਹੀ ਚੁੰਮੀ ਲੈ ਕੇ, ਉਸ ਦੇ ਕਮਰੇ 'ਚੋਂ ਬਾਹਰ, ਫਿਰ ਫੈਮਿਲੀਰੂਮ ਵਿਚ, ਉਸ ਦੀ ਉਡੀਕ 'ਚ ਪਏ ਸੋਫੇ ਉੱਤੇ ਜਾ-ਪਿਆ। ਉਸ ਨੂੰ ਪਤਾ ਨਹੀਂ ਲੱਗਿਆ ਕਦੋਂ, ਪਰ ਨੀਂਦ ਆ ਗਈ ਸੀ।

---

ਦਾਨਿਸ਼ ਨੇ ਆਪਣੀ ਸਕਰਿਪਟ ਲਈ ਕਾਫੀ ਸਾਰੇ 'ਰਾਅ ਮੈਟੀਰੀਅਲ' ਦਾ ਜੁਗਾੜ ਕਰ ਲਿਆ ਸੀ। ਭਾਵੇਂ ਉਸ ਦੀ ਪ੍ਰੋਡਿਊਸਰ ਵੱਲੋਂ ਇਸ ਵੈੱਬ ਸੀਰੀਜ਼ ਵਿਚ 'ਮਾਸ-ਮਸਾਲੇ' ਦੀ ਕੋਈ ਕਸਰ ਨਾ ਛੱਡਣ ਦੀ ਹਦਾਇਤ ਕੀਤੀ ਹੋਈ ਸੀ, ਪਰ ਦਾਨਿਸ਼ ਇਹ ਕਹਾਣੀ 'ਨੈਗੇਟਿਵਲੀ ਪੌਜ਼ਿਟਿਵ' ਢੰਗ ਨਾਲ਼ ਨਿਭਾਉਣ ਬਾਰੇ ਸੋਚਣ ਲੱਗ ਪਿਆ ਸੀ। ਉਸ ਨੇ ਇਸ ਕਹਾਣੀ ਵਿਚ, ਮਾਪਿਆਂ ਵੱਲੋਂ ਔਲਾਦ ਵਿਚ 'ਮੁੰਡੇ-ਕੁੜੀ' ਦੇ ਫ਼ਰਕ ਨੂੰ ਵਿਤਕਰੇ ਵਾਲ਼ੀ ਰੰਗਤ ਦੇ ਕੇ ਇਸ ਨੂੰ ਵਿਅੰਗਾਤਮਕ ਢੰਗ ਨਾਲ਼ ਪੇਸ਼ ਕਰਨ ਦਾ ਮਨ ਬਣਾ ਲਿਆ ਸੀ। ਪਤਾ ਨਹੀਂ ਕਿਉਂ, ਉਸ ਦੀਆਂ ਲਿਖਤਾਂ ਅੰਦਰ ਕਿਸੇ ਨਾ ਕਿਸੇ ਤਰ੍ਹਾਂ 'ਧੀ-ਭੈਣ ਦੀ ਇੱਜ਼ਤ ਦੀ ਰਾਖੀ' ਵਾਲ਼ਾ 'ਐਂਗਲ' ਆ ਹੀ ਜਾਂਦਾ ਸੀ। ਉਸ ਨੇ ਆਪਣੀ ਸਕਰਿਪਟ ਦਾ ਪਹਿਲਾ ਡਰਾਫਟ ਤਾਂ ਇਸੇ ਤਰ੍ਹਾਂ ਹੀ ਸਿਰੇ ਚੜ੍ਹਾਉਣ ਦਾ ਮਨ ਬਣਾ ਲਿਆ।

ਉਸ ਨੇ ਇਕ ਡਸਟਰ ਨਾਲ਼, ਆਪਣੇ ਕੰਪਿਊਟਰ ਦੇ ਪ੍ਰਿੰਟਰ ਦੀ ਝਾੜ-ਪੂੰਝ ਅਤੇ ਸਾਫ਼-ਸਫ਼ਾਈ ਕੀਤੀ। ਉਹ ਆਪਣੀ ਲਿਖੀ ਹੋਈ ਹਰ ਸਕਰਿਪਟ ਦਾ ਪਹਿਲਾ 'ਪ੍ਰਿੰਟ ਆਊਟ' ਕੱਢਣ ਤੋਂ ਪਹਿਲਾਂ, ਹਰ ਵਾਰ ਆਪਣੇ ਪ੍ਰਿੰਟਰ ਦੀ 'ਸਫ਼ਾਈ-ਸੇਵਾ' ਇਸੇ ਤਰ੍ਹਾਂ ਕਰਿਆ ਕਰਦਾ ਸੀ, ਕਿਉਂਕਿ ਉਹ ਕੰਪਿਊਟਰ ਤੇ ਪ੍ਰਿੰਟਰ ਉਸ ਦੇ ਰਿਜ਼ਕ ਦਾਤੇ ਜੁ ਸਨ। ਉਸ ਨੂੰ ਇਕ ਵਹਿਮ ਜਿਹਾ ਵੀ ਸੀ ਕਿ ਜੇ ਉਹ ਆਪਣੇ ਪ੍ਰਿੰਟਰ ਨੂੰ ਸਾਫ਼ ਕੀਤੇ ਬਗ਼ੈਰ ਆਪਣੀ ਸਕਰਿਪਟ ਦਾ ਪਹਿਲਾ ਪ੍ਰਿੰਟ ਕੱਢੇਗਾ ਤਾਂ ਉਸ ਦਾ/ਦੀ ਪ੍ਰੋਡਿਊਸਰ, ਉਸ ਸਕਰਿਪਟ ਵਿਚੋਂ ਕਈ 'ਕੀੜੇ' ਕੱਢੇਗਾ/ਕੱਢੇਗੀ। ਜੇ ਉਹ, ਪ੍ਰਿੰਟ ਆਊਟ ਕੱਢਣ ਤੋਂ ਪਹਿਲਾਂ ਪ੍ਰਿੰਟਰ ਦੀ 'ਸਾਫ਼-ਸਫ਼ਾਈ' ਚੰਗੀ ਤਰ੍ਹਾਂ ਕਰ ਲਵੇ ਤਾਂ ਪ੍ਰੋਡਿਊਸਰ ਨੂੰ ਉਸ ਦੀ ਸਕਰਿਪਟ ਵਿਚ ਕੋਈ 'ਕੀੜਾ' ਨਹੀਂ ਦਿਸੇਗਾ ਤੇ ਉਹ, ਉਸ ਦੀ ਸਕਰਿਪਟ ਦੀ ਪ੍ਰਸ਼ੰਸਾ ਕਰੇਗਾ/ਕਰੇਗੀ। ਉਸ ਨੇ ਪ੍ਰਿੰਟਰ ਦੇ 'ਪੇਪਰ ਸਲੌਟ' ਵਿਚ ਨਵੇਂ ਕਾਗਜ਼ ਪਾਉਣ ਤੋਂ ਪਹਿਲਾਂ ਉਨ੍ਹਾਂ ਉੱਤੇ ਹਲਕਾ ਜਿਹਾ ਪਰਫਿਊਮ ਛਿੜਕਿਆ। ਇਸ ਦੀ ਵਜ੍ਹਾ ਇਹ ਸੀ ਕਿ ਉਸ ਦੇ ਸੋਚਣ ਅਨੁਸਾਰ, ਸਕਰਿਪਟ ਵਾਲ਼ੀ ਫਾਈਲ ਫੜਨ ਸਾਰ ਹੀ ਪ੍ਰੋਡਿਊਸਰ ਨੂੰ ਫਾਈਲ ਵਿਚੋਂ ਖ਼ੁਸ਼ਬੂ ਆਉਣੀ ਚਾਹੀਦੀ ਹੈ, ਕਿਉਂਕਿ ਫਾਈਲ ਖੋਲ੍ਹਣ ਤੋਂ ਪਹਿਲਾਂ ਉਸ ਵਿਚੋਂ ਆਉਂਦੀ ਖ਼ੁਸ਼ਬੂ ਪ੍ਰੋਡਿਊਸਰ ਦਾ 'ਮੂਡ ਸੈੱਟ' ਕਰ ਦਿਆ ਕਰਦੀ ਹੈ।

ਉਸ ਨੇ ਇਕ ਬਹੁਤ ਹੀ ਸਜੀਲੇ ਜਿਹੇ ਫਾਈਲ ਕਵਰ ਵਿਚ ਆਪਣੀ ਸਕਰਿਪਟ ਸਮੇਟੀ ਤੇ ਲਤਾ ਕਪੂਰ ਦੇ ਦਫ਼ਤਰ ਦੇ ਨੰਬਰ 'ਤੇ ਫੋਨ ਕੀਤਾ। ਫੋਨ ਕਿਸੇ ਸਹਾਇਕ ਨੇ ਚੁੱਕਿਆ ਤੇ ਕਿਹਾ, "ਲਤਾ ਕਪੂਰਜ਼ ਆਫ਼ਿਸ।"

"ਕੁੱਡ ਆਈ ਟੌਕ ਟੂ ਮਿੱਸ ਲਤਾ ਕਪੂਰ?"

"ਮੇ ਆਈ ਨੋ, ਹੂ ਇਜ਼ ਸਪੀਕਿੰਗ?"

"ਬੰਦੇ ਕੋ ਦਾਨਿਸ਼ ਕਹਿਤੇ ਹੈਂ ਹਜ਼ੂਰ!" ਦਾਨਿਸ਼ ਵੱਲੋਂ ਬੋਲੀ ਜਾਂਦੀ ਉਰਦੂ ਜਾਂ ਹਿੰਦੀ, ਉਸ ਦਾ ਫੋਨ ਸੁਣਨ ਵਾਲ਼ੇ ਦੇ ਕੰਨ ਵਿਚ ਹੀ ਨਹੀਂ, ਮਨ ਵਿਚ ਵੀ ਇਕ ਝੁਣਝੁਣੀ ਜਿਹੀ ਛੇੜ ਦਿਆ ਕਰਦੀ ਹੈ। ਇਸ ਵਾਰ ਵੀ ਇਸੇ ਤਰ੍ਹਾਂ ਹੋਇਆ। ਇਸ ਤੋਂ ਮਗਰੋਂ ਦੂਜੇ ਪਾਸਿਓਂ ਆਈ ਆਵਾਜ਼ ਲਤਾ ਕਪੂਰ ਦੀ ਹੀ ਸੀ, "ਸਲਾਮ ਦਾਨਿਸ਼ ਸਾਹਬ! ਹੁਕਮ ਫ਼ਰਮਾਓ।" ਲਤਾ ਆਪਣੇ ਪੁਰਾਣੇ ਵਾਕਫ਼ਾਂ, ਖ਼ਾਸ ਤੌਰ 'ਤੇ ਪੰਜਾਬੀ ਜਾਣਕਾਰਾਂ ਨਾਲ਼, ਪੰਜਾਬੀ ਵਿਚ ਹੀ ਗੱਲ ਕਰਿਆ ਕਰਦੀ ਸੀ।

"ਸਲਾਮ ਲਤਾ ਮੈਮ! ਤੁਹਾਡੀ ਸਕਰਿਪਟ ਦਾ ਪਹਿਲਾ ਡਰਾਫਟ ਮੇਰੇ ਡੈਸਕ ਦੀ ਸ਼ਾਨ ਵਧਾ ਰਿਹੈ। ਜੇ ਤਾਂ ਤੁਸੀਂ ਆਪ ਪੜ੍ਹੋਗੇ ਤਾਂ ਕਿਸੇ ਨੂੰ ਭੇਜ ਕੇ ਮੰਗਵਾ ਲਓ। ਜੇ ਖ਼ਾਦਿਮ ਤੋਂ ਸੁਣਨੀ ਚਾਹੋ ਤਾਂ ਗੱਡੀ ਭੇਜ ਦਿਓ, ਖ਼ਾਦਿਮ ਖ਼ੁਦ ਹਾਜ਼ਰਿ-ਖ਼ਿਦਮਤ ਹੋ ਜਾਏਗਾ।"

"ਜੇ ਇਸ ਸਿਲਸਿਲੇ ਵਿਚ ਮੈਂ ਤੁਹਾਨੂੰ ਅੱਧੇ ਘੰਟੇ ਮਗਰੋਂ ਫੋਨ ਕਰਾਂ ਤਾਂ ਕਿੱਦਾਂ ਰਹੂ?" ਲਤਾ ਦੇ ਜੁਮਲੇ ਵਿਚ ਸ਼ੋਖ਼ੀ ਸੀ।

"ਮੈਂ ਪੌਣੇ ਘੰਟੇ ਤਕ ਤਾਂ ਬਹੁਤ ਸੌਖਿਆਂ ਹੀ ਉਡੀਕ ਕਰ ਸਕਦਾਂ, ਪਰ ਇਸ ਤੋਂ ਮਗਰੋਂ...।"

"ਨਾ ਜੀ ਨਾ, ਮੈਂ ਇਸ ਤੋਂ ਵੱਧ ਤੁਹਾਨੂੰ ਉਡੀਕ ਕਰਾਉਣਾ ਅਫੋਰਡ ਹੀ ਨਹੀਂ ਕਰ ਸਕਦੀ। ਯੋਅਰ ਫੋਨ ਵਿਲ ਵੀ ਰਿੰਗਿੰਗ ਅਗਜ਼ੈਕਟਲੀ ਆਫਟਰ ਥਰਟੀ ਮਿਨੱਟਸ। ਓਕੇ ਬਾਇ।" ਲਤਾ ਕਪੂਰ ਨੇ ਦਾਨਿਸ਼ ਦਾ ਜੁਆਬ ਉਡੀਕੇ ਬਗ਼ੈਰ ਹੀ ਫੋਨ ਰੱਖ ਦਿੱਤਾ ਸੀ। ਦਾਨਿਸ਼ ਨੂੰ ਪਤਾ ਸੀ ਕਿ ਇਸ ਵੇਲ਼ੇ ਲਤਾ ਕਪੂਰ ਕਿਸੇ ਹੋਰ ਅਹਿਮ ਸ਼ਖ਼ਸੀਅਤ ਨਾਲ਼ ਮੀਟਿੰਗ ਵਿਚ ਹੋਏਗੀ, ਨਹੀਂ ਤਾਂ ਉਸ ਨੇ ਤੁਰੰਤ ਹੀ ਗੱਡੀ ਭੇਜ ਦੇਣੀ ਸੀ।

---

ਲਤਾ ਕਪੂਰ ਨੂੰ ਸਕਰਿਪਟ ਦਾ ਪਹਿਲਾ ਡਰਾਫਟ ਪਸੰਦ ਆ ਗਿਆ। ਉਸ ਨੂੰ ਸਿੱਧੇ ਹੀ ਚੰਨੀ ਹੌਂਡਾ ਨੂੰ 'ਵਿਗੜੀ ਹੋਈ ਕੁੜੀ' ਦਿਖਾਉਣ ਦੀ ਥਾਂ, ਉਸ ਦੇ ਵਿਗੜਨ ਵਿਚ ਉਸ ਦੇ ਮਾਪਿਆਂ ਨੂੰ ਕਸੂਰਵਾਰ ਠਹਿਰਾਉਣ ਦਾ 'ਦਾਨਿਸ਼ੀ ਐਂਗਲ' ਵੀ ਬਹੁਤ ਪਸੰਦ ਆਇਆ। "ਇਸ ਨਾਲ਼ ਇਸ ਵੈੱਬ ਸੀਰੀਜ਼ ਨੂੰ 'ਇੰਡੀਅਨ ਆਡੀਐਂਸ' ਲਈ ਇਕ ਨਵਾਂ ਨਜ਼ਰੀਆ ਵੀ ਮਿਲੇਗਾ," ਲਤਾ ਕਪੂਰ ਨੂੰ ਇਹ ਸੋਚਦਿਆਂ ਹੋਇਆਂ, ਸਕਰਿਪਟ ਦੇ ਇਸ ਡਰਾਫਟ ਵਿਚ ਕਿਸੇ ਹੱਦ ਤਕ 'ਨਿੱਜਤਾ ਜਿਹੀ' ਵੀ ਦਿਸੀ। ਉਹ ਚਾਹੁੰਦੀ ਸੀ ਕਿ ਉਸ ਦੀ ਵੈੱਬ ਸੀਰੀਜ਼ ਦੀ ਨਾਇਕਾ, ਖਲਨਾਇਕਾ ਬਣਨ ਦੀ ਥਾਂ ਨਾਇਕਾ ਹੀ ਦਿਸੇ ਤੇ ਦਰਸ਼ਕ ਉਸ ਨੂੰ ਦੇਖ ਕੇ ਇਹ ਮਹਿਸੂਸ ਕਰਨ ਕਿ ਨਾਇਕਾ ਨੂੰ ਖਲਨਾਇਕਾ ਬਣਨ ਵਾਲ਼ੇ ਪਾਸੇ ਧੱਕੇ ਜਾਣ ਵਿਚ ਕਾਫੀ ਹੱਦ ਤਕ ਉਸ ਦੇ ਮਾਪੇ ਹੀ ਜ਼ਿੰਮੇਵਾਰ ਸਨ।

"ਲਤਾ ਮੈਮ। ਕਿਸੇ ਮੁੰਡੇ ਨੂੰ ਭੇਜ ਦੇਣਾ, ਮੈਨੂੰ ਚਾਹ-ਪੱਤੀ ਤੇ ਕੁਝ ਨਮਕੀਨ ਲਿਆ ਦਊਗਾ। ਮੈਂ ਤਾਂ ਕੰਮ ਦੇ ਦਿਨੀਂ ਤੜਕੇ ਹੀ ਉੱਠ ਬਹਿਨਾਂ ਤੇ ਕਈ-ਕਈ ਦਿਨ ਘਰੋਂ ਨਹੀਂ ਨਿੱਕਲਦਾ। ਤੁਹਾਨੂੰ ਕਿਹੜਾ ਪਤਾ ਨਹੀਂ!"

"ਹਾਂ-ਹਾਂ ਮੈਨੂੰ ਸਾਰਾ ਹੀ ਪਤੈ ਦਾਨਿਸ਼ ਭਾਅ ਜੀ। ਦ ਬੁਆਏ ਵਿੱਲ ਬੀ ਐਟ ਯੋਅਰ ਡੋਰ, ਇਨ ਲੈੱਸ ਦੈਨ ਥਰਟੀ ਮਿਨੱਟਸ।" ਲਤਾ ਕਪੂਰ ਦੇ ਇਸ ਜੁਮਲੇ ਵਿਚ, ਉਸ ਦਾ ਫ਼ਿਲਮ ਲਾਈਨ ਦਾ ਸਾਰਾ ਹੀ ਤਜਰਬਾ ਬੋਲ ਰਿਹਾ ਸੀ। ਉਸ ਨੂੰ ਸਾਫ਼ ਪਤਾ ਲੱਗ ਗਿਆ ਸੀ ਕਿ ਦਾਨਿਸ਼ ਨੇ 'ਚਾਹ-ਪੱਤੀ ਤੇ ਨਮਕੀਨ' ਮੰਗਾਉਣ ਲਈ ਕਹਿ ਕੇ ਆਪਣੇ ਮਿਹਨਤਾਨੇ ਦੀ ਪਹਿਲੀ ਕਿਸ਼ਤ ਹੀ ਮੰਗੀ ਹੈ।

---

ਚੰਨੀ ਹੌਂਡਾ ਬੇਕਰੀ ਵਿਚ ਕੰਮ ਕਰ ਕੇ, ਕਮਾ ਕੇ ਆਪਣੇ ਮਾਪਿਆਂ ਦੇ 'ਨਾਜਾਇਜ਼ ਖ਼ਰਚੇ ਵੀ' ਚੁੱਕਣ ਲੱਗ ਪਈ ਤੇ ਸਬਰ ਸੰਤੋਖ ਸਿੰਘ ਉਰਫ਼ 'ਸੰਨੀ ਹੌਂਡਾ', 'ਵੀਕ ਐਂਡ' ਨੂੰ ਤਾਂ ਘਰ ਹੀ ਰਹਿੰਦਾ, ਕਿਉਂਕਿ ਉਨ੍ਹੀਂ ਦਿਨੀਂ ਸਟੈਲਾ ਵੀ ਘਰ ਹੀ ਹੁੰਦੀ ਸੀ। ਓਦਾਂ 'ਵੀਕ ਡੇਅਜ਼' ਦੌਰਾਨ ਜਦੋਂ ਸਟੈਲਾ ਆਪਣੇ ਕੰਮ 'ਤੇ ਜਾਂਦੀ ਤਾਂ ਉਹ ਵੀ ਉਸ ਦੇ ਨਾਲ਼ ਹੀ, ਏਦਾਂ ਬੂਹਿਉਂ ਬਾਹਰ ਹੋ ਜਾਂਦਾ, ਜਿੱਦਾਂ ਉਹ ਵੀ ਉਸ ਦੇ ਨਾਲ਼ ਹੀ ਕੰਮ ਕਰਦਾ ਹੋਵੇ। ਸਨਿੱਚਰਾਂ ਅਤੇ ਐਤਵਾਰਾਂ ਨੂੰ ਉਹ ਦੋਵੇਂ ਹੀ 'ਜੇਰ-ਪਰਾਂਦੇ' ਵਾਂਗ ਇਕੱਠੇ ਰਹਿੰਦੇ। ਜੇ ਸਟੈਲਾ ਆਪਣੇ ਕਮਰੇ ਵਿਚ ਵੜਦੀ ਤਾਂ ਸੰਨੀ ਵੀ ਉਸ ਦੇ ਮਗਰੇ ਹੀ, ਕਦੇ ਆਪਣੇ ਰਹੇ, ਪਰ ਹੁਣ ਉਸ ਦੇ ਹੋ ਗਏ ਕਮਰੇ ਅੰਦਰ ਜਾ ਵੜਦਾ। ਸਟੈਲਾ ਆਪਣੇ ਕਮਰੇ ਵਿਚ ਵੜਨ ਮਗਰੋਂ ਕਮਰੇ ਦਾ ਬੂਹਾ 'ਕਦੇ ਵੀ' ਬੰਦ ਨਾ ਕਰਦੀ, ਕਿਉਂਕਿ ਉਸ ਨੂੰ ਪਤਾ ਹੀ ਹੁੰਦਾ ਸੀ ਕਿ ਸੰਨੀ ਘਰ ਹੀ ਹੈ ਤੇ ਉਸ ਨੇ, ਉਸ ਦੇ ਮਗਰੇ ਹੀ, ਉਸ ਦੇ ਕਮਰੇ ਅੰਦਰ ਵੜਨਾ ਹੀ ਵੜਨਾ ਹੈ। ਅਸਲ ਵਿਚ ਉਸ ਨੂੰ ਵੀ ਉਸ ਕਮਰੇ ਵਿਚ ਰਹਿੰਦਿਆਂ, ਸੰਨੀ ਦੇ ਸਾਥ ਦਾ ਭੁਸ ਜਿਹਾ ਪੈ ਗਿਆ ਸੀ। ਹਾਂ, ਸੰਨੀ ਉਸ ਕਮਰੇ ਵਿਚ ਵੜਦਿਆਂ ਹੀ ਬੂਹਾ ਬੰਦ ਕਰਨਾ ਕਦੇ ਵੀ ਨਾ ਭੁੱਲਦਾ।

ਜਦੋਂ-ਕਦੇ ਸ਼ਰਾਬ ਦੀ ਭਾਨ ਉੱਤਰਦੀ ਤਾਂ ਕੁਲਵੰਤ ਕੌਰ 'ਸੁਬ੍ਹਹੀ' ਦੀ ਤਰਜ਼ 'ਤੇ ਦਿਨ ਦਾ ਪਹਿਲਾ 'ਪੈੱਗ' ਪੀ ਕੇ 'ਕੈਮ' ਹੋਣ ਲਈ ਬੈੱਡਰੂਮ ਤੋਂ ਵਾਸ਼ਰੂਮ ਤਕ ਤੇ ਫਿਰ ਵਾਸ਼ਰੂਮ ਤੋਂ ਆਪਣੇ ਕਮਰੇ ਦੀ ਕਲੋਜ਼ੈੱਟ ਤਕ ਦਾ ਸਫ਼ਰ ਕਰਦੀ, ਤੇ ਕਲੋਜ਼ੈੱਟ ਵਿਚ ਹੀ ਉਹ ਉੱਥੇ ਸੰਭਾਲ ਕੇ ਰੱਖੀ ਹੋਈ ਵਿਸਕੀ ਦੀ ਬੋਤਲ ਵਿਚੋਂ, ਉੱਥੇ ਹੀ ਲੁਕਾ ਕੇ ਰੱਖਿਆ ਹੋਇਆ ਗਲਾਸ ਭਰਦੀ ਤੇ ਗਟ-ਗਟ ਕਰ ਕੇ ਪੀ ਜਾਂਦੀ। ਵਿਸਕੀ ਦਾ ਗਲਾਸ ਪੀ ਕੇ, ਉਹ ਇਕ ਵਾਰ ਫਿਰ, ਬੋਤਲ ਆਪਣੇ ਮੱਥੇ ਦੇ ਬਰਾਬਰ ਚੁੱਕ ਕੇ ਬਹੁਤ ਹੀ ਧਿਆਨ ਨਾਲ਼ ਦੇਖਦੀ ਤੇ ਮਨੋ-ਮਨੀ ਹਿਸਾਬ ਲਾਉਂਦੀ ਕਿ ਉਸ ਬੋਤਲ ਨਾਲ਼ ਉਸ ਦਾ, ਉਹ ਦਿਨ ਤਾਂ ਨਿੱਕਲ ਜਾਊਗਾ, ਪਰ ਰਾਤ ਕੱਢਣ ਤੇ ਅਗਲਾ ਦਿਨ ਚੜ੍ਹਾਉਣ ਲਈ ਹੋਰ 'ਪ੍ਰਬੰਧ' ਕਰਨਾ ਪਊਗਾ। ਉਹ ਕਲੋਜ਼ੈੱਟ ਤੋਂ ਬਾਹਰ ਆਉਣ ਤੋਂ ਪਹਿਲਾਂ ਬੋਤਲ ਤੇ ਗਲਾਸ ਲੁਕਾਉਣਾ ਕਦੇ ਵੀ ਨਾ ਭੁੱਲਦੀ।

ਬੋਤਲ ਵਿਚ ਵਿਸਕੀ 'ਘੱਟ' ਲੱਗਣ 'ਤੇ ਉਸ ਨੂੰ ਆਪਣੇ 'ਅਗਿਆਕਾਰ ਸਾਹਿਬਜ਼ਾਦੇ' ਸਬਰ ਸੰਤੋਖ ਸਿੰਘ ਉਰਫ਼ 'ਸੰਨੀ' ਦਾ ਚੇਤਾ ਆਉਂਦਾ। ਉੱਥੋਂ ਸਿੱਧੀ ਉਹ, ਕਿਚਨ ਵਿਚ ਜਾਂਦੀ ਤੇ ਇਕ ਨਿੱਕੀ ਲੈਚੀ ਤੇ ਮਿਸ਼ਰੀ ਦਾ ਟੁਕੜਾ ਮੂੰਹ ਵਿਚ ਪਾ ਕੇ ਤੇ ਲਾਬੀ ਵਿਚ ਆ ਕੇ, ਸਟੈਲਾ ਦੇ ਕਮਰੇ ਦਾ ਬੂਹਾ ਖੜਕਾਉਣ ਤੋਂ ਬਗ਼ੈਰ ਹੀ ਸੰਨੀ ਨੂੰ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਬਜ਼ੁਰਗ ਹੋਣਾ ਅਤੇ ਸਿਆਣਾ ਹੋਣਾ ਦੋ ਵੱਖ-ਵੱਖ ਗੱਲਾਂ

ਤਰਜ਼-ਏ-ਜ਼ਿੰਦਗੀ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



*ਡਾ. ਅਰਵਿੰਦਰ ਸਿੰਘ ਭੱਲਾ ਆਪਣੇ ਲੇਖਾਂ ਜ਼ਰੀਏ ਬੜੀਆਂ ਮਹੀਨ ਗੱਲਾਂ ਅਤੇ ਵਿਚਾਰ ਅਕਸਰ ਛੋਂਹਦੇ ਰਹਿੰਦੇ ਹਨ। ਹਥਲੇ ਲੇਖ ਵਿੱਚ ਵੀ ਉਨ੍ਹਾਂ ਬੜੀ ਗੂੜ੍ਹੀ ਲਕੀਰ ਖਿੱਚੀ ਹੈ ਕਿ ਬਜ਼ੁਰਗ ਹੋਣਾ ਅਤੇ ਸਿਆਣਾ ਹੋਣਾ ਇੱਕ ਗੱਲ ਨਹੀਂ ਹੁੰਦੀ। ਉਹ ਲਿਖਦੇ ਹਨ, "ਸਾਲਾਂ ਜਾਂ ਦਹਾਕਿਆਂ ਤੱਕ ਪਸਰੀ ਹੋਈ ਉਮਰ ਕਿਸੇ ਵਿਅਕਤੀ ਦੀ ਸੂਝ-ਬੂਝ, ਦੂਰਦਰਸ਼ਤਾ, ਲਿਆਕਤ ਅਤੇ ਵਡੱਪਣ ਦਾ ਮਾਪਦੰਡ ਜਾਂ ਪ੍ਰਤੀਕ ਕਦੇ ਵੀ ਨਹੀਂ ਹੋ ਸਕਦੀ।" ਸਪਸ਼ਟ ਕਰ ਦਈਏ ਕਿ ਇਸ ਲੇਖ ਦਾ ਮਕਸਦ ਬਜ਼ੁਰਗਾਂ ਦਾ ਨਿਰਾਦਰ ਕਰਨਾ ਨਹੀਂ ਹੈ, ਸਗੋਂ ਬਜ਼ੁਰਗੀ ਅਤੇ ਸਿਆਣਪ ਦੇ ਨਜ਼ਰੀਏ ਤੋਂ ਨਿਖੇੜਾ ਕਰਨਾ ਹੈ। ਸਮਾਜ ਵਿੱਚ ਵਿਚਰਦਿਆਂ ਅਜਿਹੇ ਕਈ ਕਿਰਦਾਰ ਤੁਹਾਨੂੰ ਨਜ਼ਰੀਂ ਪੈ ਜਾਣਗੇ, ਜੋ ਲੱਗਦੇ ਤਾਂ ਬਜ਼ੁਰਗ ਹਨ, ਪਰ ਸਿਆਣਪ ਦਾ ਪੱਲਾ ਉਨ੍ਹਾਂ ਫੜ੍ਹਿਆ ਨਹੀਂ ਹੁੰਦਾ।*

ਦਾਨਿਸ਼ਵਰ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ ਕਿ ਜਦੋਂ ਕਿਸੇ ਇਨਸਾਨ ਦੀ ਉਮਰ ਵਧਦੀ ਹੈ ਤਾਂ ਲੋਕ ਅਕਸਰ ਉਸ ਨੂੰ ਤਜ਼ਰਬੇਕਾਰ, ਦੂਰ-ਅੰਦੇਸ਼, ਪੁਰਖ਼ਲੂਸ, ਜ਼ਹੀਨ ਅਤੇ ਦਾਨਾ ਸ਼ਖਸ ਸਮਝਦੇ ਹਨ, ਪਰ ਲੋਕਾਂ ਨੂੰ ਕਈ ਵਾਰ ਉਸ ਸਮੇਂ ਬੇਹੱਦ ਮਾਯੂਸੀ ਹੁੰਦੀ ਹੈ, ਜਦੋਂ ਵੱਡੀ ਉਮਰ ਦੇ ਲੋਕ ਵੀ ਬੇਹੱਦ ਨੀਵੇਂ ਦਰਜੇ ਦੀ ਸੋਚ ਰੱਖਣ ਦੇ ਨਾਲ-ਨਾਲ ਕਮਜ਼ਰਫ, ਝੂਠੇ, ਨਿੰਦਕ, ਜਾਲਸਾਜ਼, ਤਿਕੜਮਬਾਜ਼, ਪੱਖਪਾਤੀ, ਈਰਖਾਲੂ ਅਤੇ ਫ਼ਰੇਬੀ ਸਾਬਤ ਹੁੰਦੇ ਹਨ। ਅਕਸਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਵੱਡੀ ਉਮਰ ਦੇ ਲੋਕ ਇਹ ਸਮਝਣ ਦੇ ਵੀ ਆਦੀ ਹੋ ਜਾਂਦੇ ਹਨ ਕਿ ਜਿਵੇਂ ਇਸ ਕਾਇਨਾਤ ਵਿੱਚ ਉਨ੍ਹਾਂ ਤੋਂ ਵੱਧ ਕੋਈ ਹੋਰ ਸਿਆਣਾ, ਚੁਸਤ, ਚਲਾਕ ਅਤੇ ਦੂਰਦਰਸ਼ੀ ਹੈ ਹੀ ਨਹੀਂ! ਉਹ ਆਪਣੀ ਰਾਏ ਨੂੰ ਇੱਕ ਹੁਕਮ ਦੀ ਤਰ੍ਹਾਂ ਇਸ ਤਰ੍ਹਾਂ ਪੇਸ਼ ਕਰਦੇ ਹੋਏ ਦੂਸਰਿਆਂ ਕੋਲੋਂ ਇਹ ਉਮੀਦ ਰੱਖਦੇ ਹਨ ਕਿ ਲੋਕ ਉਨ੍ਹਾਂ ਦੇ ਵਿਚਾਰਾਂ ਨੂੰ ਸਹੀ ਠਹਿਰਾਉਣ ਦੇ ਨਾਲ-ਨਾਲ ਬਿਨਾਂ ਕਿਸੇ ਹੀਲ ਹੁੱਜਤ ਦੇ ਉਨ੍ਹਾਂ ਨੂੰ ਪ੍ਰਵਾਨ ਵੀ ਕਰਨ ਅਤੇ ਆਪਣੇ ਅਮਲਾਂ ਨੂੰ ਉਨ੍ਹਾਂ ਦੇ ਕਹੇ ਅਨੁਸਾਰ ਉਸੇ ਤਰ੍ਹਾਂ ਸੇਧ ਵੀ ਦੇਣ।

ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਜਿਹੇ 'ਅਖੌਤੀ ਰੋਸ਼ਨ ਦਿਮਾਗ' ਲੋਕ ਖ਼ੁਦ ਨੂੰ ਇੱਕ ਅਜਿਹੀ ਟੀਸੀ ਉੱਤੇ ਬਿਠਾ ਲੈਂਦੇ ਹਨ ਕਿ ਜਿੱਥੋਂ ਨਾ ਤਾਂ ਇਨ੍ਹਾਂ ਨੂੰ ਤਸਵੀਰ ਦਾ ਕੋਈ ਦੂਜਾ ਪਹਿਲੂ ਨਜ਼ਰ ਆਉਂਦਾ ਹੈ ਅਤੇ ਨਾ ਹੀ ਕਿਸੇ ਦੀ ਕੋਈ ਮੁਖ਼ਤਲਿਫ਼ ਰਾਏ ਪ੍ਰਵਾਨ ਹੁੰਦੀ ਹੈ। ਦਰਅਸਲ ਅਜਿਹੇ ਲੋਕ ਜ਼ਿੰਦਗੀ ਨੂੰ ਆਪਣੇ ਲਈ ਇੱਕ ਅਜਿਹਾ ਅਖਾੜਾ ਬਣਾ ਲੈਂਦੇ ਹਨ, ਜਿੱਥੇ ਚਿੱਤ ਵੀ ਇਨ੍ਹਾਂ ਦੀ ਹੁੰਦੀ ਹੈ ਅਤੇ ਪਟ ਵੀ ਇਨ੍ਹਾਂ ਦੀ ਹੁੰਦੀ ਹੈ। ਅਜਿਹੇ ਲੋਕ ਕਿਸੇ ਹੱਦ ਤੱਕ ਜ਼ਿਹਨੀ ਤੌਰ ਉੱਪਰ ਵੀ ਬੀਮਾਰ ਹੁੰਦੇ ਹਨ ਅਤੇ ਆਪਣੀ ਹੀ ਪਸੰਦ ਦੀਆਂ ਧਾਰਨਾਵਾਂ ਅਤੇ ਬਿਰਤਾਂਤ ਸਿਰਜਣ ਵਿੱਚ ਰੁਚਿਤ ਹੁੰਦੇ ਹਨ। ਅਜਿਹੇ ਲੋਕਾਂ ਦੀ ਇਹ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਲੋਕ ਅੰਨ੍ਹੇ ਭਗਤਾਂ ਵਾਂਗ ਹਰ ਸਮੇਂ ਬਿਨਾ ਕੋਈ ਸੁਆਲ ਕੀਤਿਆਂ ਇਨ੍ਹਾਂ ਦੀ ਹਰ ਜਾਇਜ਼ ਅਤੇ ਨਾਜਾਇਜ਼ ਗੱਲ ਨੂੰ ਸਿਰਫ ਤਸਲੀਮ ਹੀ ਨਾ ਕਰਨ, ਸਗੋਂ ਇਨ੍ਹਾਂ ਦੀ ਹਾਂ ਵਿੱਚ ਹਾਂ ਮਿਲਾ ਕੇ ਇਨ੍ਹਾਂ ਦੀ ਅਧੀਨਗੀ ਵੀ ਪ੍ਰਸੰਨਤਾ ਪੂਰਵਕ ਸਵੀਕਾਰ ਕਰਨ।

ਦਾਨਿਸ਼ਵਰ ਨੇ ਇਸ ਗੱਲ ਵੱਲ ਇਸ਼ਾਰਾ ਕਰਦਿਆਂ ਫ਼ੁਰਮਾਇਆ ਕਿ ਅਕਸਰ ਜਿੱਥੇ ਇੱਕ ਪਾਸੇ ਤਕੱਬਰ ਦੀ ਕਾਠੀ ਉੱਪਰ ਸਵਾਰ ਬੁੱਢੀ ਉਮਰੇ ਲੋਕ ਮਾਨਸਿਕ ਤੌਰ ਉੱਪਰ ਇਹ ਸਵੀਕਾਰ ਕਰਨ ਤੋਂ ਵੀ ਅਸਮਰਥ ਹੁੰਦੇ ਹਨ ਕਿ ਸਮੇਂ ਦੇ ਬੀਤਣ ਨਾਲ ਬਹੁਤ ਕੁਝ ਬਦਲ ਚੁੱਕਾ ਹੈ, ਉਥੇ ਦੂਜੇ ਪਾਸੇ ਨੌਜਵਾਨ ਪੀੜ੍ਹੀ ਇਸ ਗੱਲ ਦਾ ਇੰਤਜ਼ਾਰ ਕਰ ਰਹੀ ਹੁੰਦੀ ਹੈ ਕਿ ਕਦੋਂ ਉਨ੍ਹਾਂ ਨੂੰ ਅਜਿਹੇ ਲੋਕਾਂ ਤੋਂ ਨਿਜਾਤ ਮਿਲੇਗੀ ਅਤੇ ਕਦੋਂ ਉਨ੍ਹਾਂ ਨੂੰ ਵਕਤ ਦੀ ਵਾਗਡੋਰ ਸੰਭਾਲਣ ਦਾ ਮੌਕਾ ਮਿਲੇ ਤਾਂ ਜੋ ਉਹ ਆਪਣੀਆਂ ਤਰਜੀਹਾਂ, ਸੋਚ, ਸਰੋਕਾਰਾਂ ਅਤੇ ਪਸੰਦ-ਨਾਪਸੰਦ ਦੇ ਮੱਦੇਨਜ਼ਰ ਆਪਣੀ ਰਣਨੀਤੀ ਨੂੰ ਅਮਲ ਵਿੱਚ ਲਿਆਉਣ ਵਿੱਚ ਸਫ਼ਲ ਹੋਣ। ਜਦੋਂ ਵੱਖ-ਵੱਖ ਪੀੜ੍ਹੀਆਂ ਦੇ ਅੰਤਰ ਵਿਰੋਧ ਇੱਕ ਸਮੇਂ ਤੇ ਸੀਮਾ ਤੋਂ ਬਾਅਦ ਹੱਦੋਂ ਵੱਧ ਜਾਣ ਤਾਂ ਫਿਰ ਇੱਕ ਧਿਰ ਵੱਲੋਂ ਸਥਿਤੀ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਅਤੇ ਦੂਜੀ ਧਿਰ ਵੱਲੋਂ ਬਦਲਾਅ ਲਿਆਉਣ ਲਈ ਜ਼ੋਰ ਅਜ਼ਮਾਈ ਕੀਤੀ ਜਾਂਦੀ ਹੈ। ਵੱਖ-ਵੱਖ ਉਮਰ ਦੇ ਲੋਕਾਂ ਦੇ ਅੱਡੋ-ਅੱਡ ਵਿਚਾਰ, ਸੰਸਕਾਰ ਅਤੇ ਸਰੋਕਾਰ ਦਰਅਸਲ ਅਨੇਕਾਂ ਕਿਸਮਾਂ ਦੀਆਂ ਦੁਸ਼ਵਾਰੀਆਂ ਅਤੇ ਚਣੌਤੀਆਂ ਵੀ ਖੜੀਆਂ ਕਰਦੇ ਹਨ। ਹਰੇਕ ਉਮਰ ਦੇ ਵਿਅਕਤੀ ਨੂੰ ਆਪੋ ਆਪਣੀ ਸੋਚ ਅਤੇ ਦ੍ਰਿਸ਼ਟੀਕੋਣ ਦਾ ਮੁਨਾਸਿਬ ਲੱਗਣਾ ਬੇਸ਼ੱਕ ਬੇਹੱਦ ਸੁਭਾਵਿਕ ਜਿਹਾ ਵਰਤਾਰਾ ਮਹਿਸੂਸ ਹੁੰਦਾ ਹੈ, ਪਰ ਇਹ ਆਮ ਜਿਹਾ ਵਰਤਾਰਾ ਅਕਸਰ ਇਨਸਾਨੀ ਰਿਸ਼ਤਿਆਂ ਵਿੱਚ ਬੇਇੰਤਹਾ ਕੁੜੱਤਣ, ਕਸ਼ੀਦਗੀ ਅਤੇ ਨਫ਼ਰਤ ਵਧਾਉਣ ਦੇ ਨਾਲ-ਨਾਲ ਅਨੇਕਾਂ ਕਿਸਮਾਂ ਦੇ ਬਹੁਪਰਤੀ ਸਮੀਕਰਨਾਂ ਨੂੰ ਵੀ ਜਨਮ ਦਿੰਦਾ ਹੈ।

ਦਾਨਿਸ਼ਵਰ ਨੇ ਇਸ ਗੱਲ ਦੀ ਤਲਕੀਨ ਕੀਤੀ ਕਿ ਉਮਰ ਦੇ ਵੱਧਣ ਨਾਲ ਲੋਕਾਂ ਦੇ ਵਿਚਾਰਾਂ ਵਿੱਚ ਪੁਖਤਗੀ ਆਉਣੀ ਚਾਹੀਦੀ ਹੈ। ਸਿਆਣੀ ਉਮਰੇ ਲੋਕਾਂ ਨੂੰ ਖੁਦ ਨੂੰ ਨਾ ਤਾਂ ਨਾਤਜ਼ਰਬੇਕਾਰ ਅਤੇ ਨਾ ਹੀ ਹੋਛੇ ਸਿਧ ਕਰਨਾ ਚਾਹੀਦਾ, ਕਿਉਂਕਿ ਵਡੇਰੀ ਉਮਰ ਦੇ ਲੋਕਾਂ ਦੀ ਵਡਿਆਈ ਉਨ੍ਹਾਂ ਦੀ ਸੁਲਝੀ ਤੇ ਦਾਨੀ ਸੋਚ, ਸਾਬਤ ਕਦਮੀ ਅਤੇ ਦਿਆਲੂ ਤੇ ਦਰਗੁਜ਼ਰ ਕਰਨ ਵਾਲੇ ਸੁਭਾਅ ਵਿੱਚ ਛੁਪੀ ਹੁੰਦੀ ਹੈ। ਇੱਥੇ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਉਮਰ ਦਰਾਜ਼ ਲੋਕ ਵੀ ਜੇ ਬੱਚਿਆਂ ਵਰਗੀਆਂ ਹੀ ਹਰਕਤਾਂ ਕਰਨਗੇ ਤਾਂ ਫਿਰ ਨਵੀਂ ਪੀੜ੍ਹੀ ਦਾ ਰਾਹ ਦਸੇਰਾ ਕੌਣ ਬਣੇਗਾ?

ਦਾਨਿਸ਼ਵਰ ਨੇ ਇਹ ਵੀ ਫ਼ੁਰਮਾਇਆ ਕਿ ਬਜ਼ੁਰਗਾਂ ਨੂੰ ਆਪਣੇ ਗਿਆਨ ਅਤੇ ਅਨੁਭਵ ਦੇ ਸਹਾਰੇ ਵਿਚਰਨਾ ਚਾਹੀਦਾ ਹੈ, ਨਵੇਂ ਪੂਰਨੇ ਪਾਉਣੇ ਚਾਹੀਦੇ ਹਨ ਅਤੇ ਅਧਿਆਤਮਕ ਤੇ ਸੰਸਾਰਕ ਪੱਧਰ ਉਤੇ ਅਜਿਹੀ ਪਰਵਾਜ਼ ਭਰਨੀ ਚਾਹੀਦੀ ਹੈ ਕਿ ਜ਼ਮਾਨਾ ਉਨ੍ਹਾਂ ਦੀ ਉਚੇਰੀ ਉਡਾਣ ਦਾ ਕਾਇਲ ਹੋਵੇ। ਬਜ਼ੁਰਗ ਸਮੱਸਿਆਵਾਂ ਦੀ ਵਜ੍ਹਾ ਨਾ ਬਣਨ ਸਗੋਂ ਸਮੱਸਿਆਵਾਂ ਦਾ ਹੱਲ ਕੱਢਣ; ਉਹ ਅਜਿਹੀਆਂ ਪਰੰਪਰਾਵਾਂ ਦੇ ਧਾਰਨੀ ਬਣਨ ਕਿ ਉਨ੍ਹਾਂ ਨੂੰ ਦੇਖ ਕੇ ਨੌਜਵਾਨ ਪੀੜ੍ਹੀ ਉਨ੍ਹਾਂ ਦੇ ਨਕਸ਼ੇ ਕਦਮਾਂ ਉੱਤੇ ਚਲਣ ਦਾ ਯਤਨ ਕਰੇ ਅਤੇ ਬਜ਼ੁਰਗ ਆਪਣੀ ਸੂਝ-ਬੂਝ, ਲਿਆਕਤ, ਕਿਰਦਾਰ ਤੇ ਉਸਾਰੂ ਦ੍ਰਿਸ਼ਟੀਕੋਣ ਨਾਲ ਅਜਿਹੀ ਮਿਸਾਲ ਕਾਇਮ ਕਰਨ ਦੇ ਸਮਰੱਥ ਹੋਣ ਕਿ ਉਹ ਲੋਕਾਂ ਲਈ ਪ੍ਰੇਰਨਾ ਸਰੋਤ ਬਣ ਸਕਣ। ਹਰੇਕ ਬਜ਼ੁਰਗ ਨੂੰ ਆਪਣੀ ਉਮਰ ਦਾ ਅਹਿਸਾਸ ਹੋਣਾ ਵੀ ਬੇਹੱਦ ਜ਼ਰੂਰੀ ਹੈ ਤਾਂ ਕਿ ਉਹ ਹਰ ਮੁਹਾਜ਼ ਉਤੇ ਆਪਣੀ ਜਹਾਨਤ ਦਾ ਸਬੂਤ ਦਿੰਦੇ ਹੋਏ ਇਸ ਤਰ੍ਹਾਂ ਵਿਚਰੇ ਕਿ ਲੋਕਾਂ ਲਈ ਉਹ ਕਾਬਲੇ ਇਹਤਰਾਮ ਬਣੇ। ਕੇਵਲ ਦਿਨਾਂ, ਮਹੀਨਿਆਂ, ਸਾਲਾਂ ਜਾਂ ਦਹਾਕਿਆਂ ਤੱਕ ਪਸਰੀ ਹੋਈ ਉਮਰ ਕਿਸੇ ਵਿਅਕਤੀ ਦੀ ਸੂਝ-ਬੂਝ, ਦੂਰਦਰਸ਼ਤਾ, ਲਿਆਕਤ ਅਤੇ ਵਡੱਪਣ ਦਾ ਮਾਪਦੰਡ ਜਾਂ ਪ੍ਰਤੀਕ ਕਦੇ ਵੀ ਨਹੀਂ ਹੋ ਸਕਦੀ ਹੈ। ਕੋਈ ਸ਼ਖ਼ਸ ਸੌ ਵਰ੍ਹੇ ਬਿਤਾ ਕੇ ਵੀ ਬੱਚਿਆਂ ਵਾਂਗ ਵਿਚਰਦਾ ਹੈ ਅਤੇ ਕੋਈ ਜੋਬਨ ਰੁੱਤੇ ਵੀ ਅਜਿਹੀ ਸੋਚ ਦਾ ਮਾਲਕ ਬਣ ਜਾਂਦਾ ਹੈ ਕਿ ਜਿਸ ਅੱਗੇ ਜ਼ਮਾਨਾ ਸਿਰ ਝੁਕਾ ਵੀ ਫ਼ਖ਼ਰ ਮਹਿਸੂਸ ਕਰਦਾ ਹੈ।

ਦਾਨਿਸ਼ਵਰ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਸਿਰਫ ਆਪਣੇ ਸਫ਼ੈਦ ਕੇਸ, ਲੜਖੜਾਉਂਦੇ ਵਜੂਦ ਅਤੇ ਗੁਜ਼ਰੇ ਕੱਲ੍ਹ ਤੱਕ ਮਹਿਦੂਦ ਆਪਣੀ ਸੋਚ ਉੱਤੇ ਗਰੂਰ ਨਾ ਕਰੋ। ਸਮੇਂ ਦੀ ਨਬਜ਼ ਨੂੰ ਪਛਾਣਨ ਦਾ ਯਤਨ ਕਰੋ, ਤੰਗ ਨਜ਼ਰੀਏ ਦੀ ਕੈਦ ਤੋਂ ਖ਼ੁਦ ਨੂੰ ਰਿਹਾਅ ਕਰੋ, ਆਪਣੇ ਅਨੁਭਵ ਦੀ ਦਾਤ ਦਾ ਸਦ ਉਪਯੋਗ ਕਰੋ, ਲੋੜ ਅਨੁਸਾਰ ਆਪਣੇ ਜ਼ਾਵੀਏ ਵਿੱਚ ਪਰਿਵਰਤਨ ਲਿਆਉ, ਦੂਜਿਆਂ ਨੂੰ ਆਪਣੇ ਕਿਰਦਾਰ ਦੇ ਕਾਇਲ ਬਣਾਉਣ ਦੀ ਜੁਸਤਜੂ ਕਰੋ, ਕਮੀਆਂ-ਪੇਸ਼ੀਆਂ ਭਰਪੂਰ ਆਪਣੇ ਬੀਤੇ ਕੱਲ੍ਹ ਦੀ ਧੌਂਸ ਦੂਸਰਿਆਂ ਉੱਪਰ ਨਾ ਜਮਾਉ ਅਤੇ ਜੇਕਰ ਹੋ ਸਕੇ ਤਾਂ ਵਿਚਾਰਾਂ ਨਾਲ ਨਹੀਂ, ਸਗੋਂ ਪਿਆਰ ਨਾਲ ਦੂਜਿਆਂ ਨੂੰ ਜਿੱਤਣਾ ਸਿਖੋ। ਤੁਸੀਂ ਕਿੰਨੇ ਵਰ੍ਹਿਆਂ ਦੇ ਹੋ ਚੁੱਕੇ ਹੋ ਸ਼ਾਇਦ ਇਸ ਨਾਲ ਇੱਕ ਹੱਦ ਤੋਂ ਵੱਧ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਹੈ, ਮਗਰ ਜੇ ਤੁਹਾਡੇ ਵਿਚਾਰਾਂ ਵਿੱਚ ਵਿਸ਼ਾਲਤਾ, ਤਾਜ਼ਗੀ ਅਤੇ ਪੁਖਤਗੀ ਪਾਈ ਜਾਂਦੀ ਹੈ ਤਾਂ ਤੁਹਾਡਾ ਹਰ ਕੋਈ ਮੁਰੀਦ ਬਣੇਗਾ।

ਲਿਹਾਜ਼ਾ ਆਪਣੀ ਬਜ਼ੁਰਗੀ ਦਾ ਹਵਾਲਾ ਦੇ ਕੇ ਆਪਣਾ ਕੱਦ ਉੱਚਾ ਕਰਨ ਦੀ ਬਜਾਏ ਆਪਣੀ ਸੋਚ ਦੇ ਦਾਇਰਿਆਂ ਨੂੰ ਵਸੀਹ ਕਰਨ ਦਾ ਯਤਨ ਕਰਨ ਨੂੰ ਤਰਜੀਹ ਦੇਣ ਵਿੱਚ ਸਿਆਣਪ ਅਤੇ ਵਡਿਆਈ ਛੁਪੀ ਹੁੰਦੀ ਹੈ। ਹਮੇਸ਼ਾ ਇਹ ਕੋਸ਼ਿਸ਼ ਕਰੋ ਕਿ ਤੁਹਾਡੀ ਉਮਰ ਅਤੇ ਤੁਹਾਡੇ ਕਿਰਦਾਰ ਦੇ ਕੱਦ ਦਾ ਅੰਦਾਜ਼ਾ ਤੁਹਾਡੇ ਸੁਹਿਰਦ ਵਿਚਾਰਾਂ ਤੋਂ ਅਤੇ ਨੇਕ ਅਮਲਾਂ ਤੋਂ ਲੱਗੇ ਨਾ ਕਿ ਆਪਣੀ ਜਨਮ ਤਿਥੀ ਦਾ ਹਵਾਲਾ ਦੇ ਕੇ ਤੁਹਾਨੂੰ ਵਾਰ-ਵਾਰ ਲੋਕਾਂ ਤੋਂ ਇੱਜ਼ਤ ਉਧਾਰ ਮੰਗਣੀ ਪਵੇ। ਇੱਕ ਗੱਲ ਸਪੱਸ਼ਟ ਰੂਪ ਵਿੱਚ ਸਮਝ ਲੈਣੀ ਚਾਹੀਦੀ ਹੈ ਕਿ ਬਜ਼ੁਰਗ ਹੋਣਾ ਅਤੇ ਸਿਆਣੇ ਹੋਣਾ ਦੋ ਅਲੱਗ-ਅਲੱਗ ਗੱਲਾਂ ਹਨ। ਹਠ ਧਾਰਨ ਕਰਨ ਵਾਲੇ ਅਤੇ ਆਪਣੀ ਜ਼ਿੱਦ ਪੁਗਾਉਣ ਵਾਲੇ ਬੁਢਾਪੇ ਦੇ ਸ਼ਿਕਾਰ ਮਨੁੱਖ ਨਾਲੋਂ ਨਿਮਰ ਸੁਭਾਅ ਤੇ ਲਚਕਦਾਰ ਸੋਚ ਰੱਖਣ ਵਾਲਾ ਮਨੁੱਖ ਹੀ ਅਸਲ 'ਚ ਬਜ਼ੁਰਗ ਕਹਿਲਾਉਣ ਦਾ ਹੱਕਦਾਰ ਹੁੰਦਾ ਹੈ।

# ਨਜ਼ਰ ਦਾ ਪਾਸਕੂ

ਇਸ ਤਰ੍ਹਾਂ ਆਵਾਜ਼ ਮਾਰਦੀ, ਜਿਸ ਤਰ੍ਹਾਂ ਕਿਸੇ ਨੂੰ ਘਰ ਵਿਚ ਆਮ ਹੀ ਆਵਾਜ਼ ਮਾਰੀ ਜਾਂਦੀ ਹੈ, "ਸੰਨੀ! ਵੇ ਸੰਨੀ!! ਕਦੇ ਮਾਂ ਦੀ 'ਵਾਜ ਵੀ ਸੁਣ ਲਿਆ ਕਰ।"

"ਆਇਆ ਮੌਮ! ਜਸਟ ਵੇਟ।" ਸੰਨੀ ਦੀ ਇਹ ਆਵਾਜ਼, ਕੁਲਵੰਤ ਕੌਰ ਨੂੰ ਉਸ ਦੇ ਪਿਛਲੇ ਪਾਸਿਉਂ ਆਈ ਮਹਿਸੂਸ ਹੋਈ ਸੀ। ਉਸ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਉਹ ਤਾਂ ਸਟੈਲਾ ਦੇ ਕਮਰੇ ਅੱਗੇ ਹੀ, ਉਸ ਦੇ ਬੂਹੇ ਵੱਲ ਪਿੱਠ ਕਰੀ ਖੜ੍ਹੀ ਹੈ। ਸੰਨੀ ਵੱਲੋਂ ਉਸ ਦੀਆਂ ਹਾਕਾਂ ਦੇ ਜੁਆਬ, ਸਟੈਲਾ ਦੇ ਕਮਰੇ ਵਿਚੋਂ ਹੀ ਆਉਣੇ, ਕੁਲਵੰਤ ਕੌਰ ਲਈ ਹੁਣ ਕੋਈ ਅਚੰਭੇ ਵਾਲ਼ੀ ਗੱਲ ਨਹੀਂ ਰਹੇ ਸਨ।

"ਯਾਹ ਮੌਮ, ਬੋਲੋ ਕੀ ਕਹਿਣੈ?" ਉਸ ਨੂੰ ਹਾਕ ਮਾਰਨ ਤੋਂ ਤਕਰੀਬਨ ਅੱਧੇ ਕੁ ਘੰਟੇ ਮਗਰੋਂ ਸੰਨੀ ਨੇ ਸਟੈਲਾ ਦੇ ਕਮਰੇ 'ਚੋਂ ਬਾਹਰ ਆ ਕੇ ਕਿਹਾ ਤਾਂ ਸ਼ਰਾਬ ਦੇ ਨਸ਼ੇ ਦੀ ਭੰਨੀ-ਮਧੋਲ਼ੀ ਕੁਲਵੰਤ ਕੌਰ ਨੂੰ ਇਹ ਚੇਤਾ ਹੀ ਨਹੀਂ ਸੀ ਕਿ ਉਸ ਨੇ ਸੰਨੀ ਨੂੰ ਹਾਕ ਕਿਉਂ ਮਾਰੀ ਸੀ। "ਵੇ ਹੁਣ ਕੀ ਦੱਸਾਂ! ਮੇਰੀ ਤਾਂ ਮੱਤ ਹੀ ਮਾਰੀ ਹੋਈ ਆ, ਮੇਰੇ ਆਪਣੇ ਜਣਿਆਂ ਨੇ। ਤੂੰ ਵੀ ਕੋਈ ਕੰਮ-ਧੰਦਾ ਲੱਭ ਲੈ, ਤੇਰੀ ਭੈਣ ਦੀ ਕਮਾਈ ਨਾ਼ਲ ਹੀ ਘਰ ਨਹੀਂ ਚੱਲਣਾ। ਤੂੰ ਤਾਂ ਹਰ ਵੇ਼ਲੇ, ਸਟੈਲਾ ਦੀ ਕੱਛ 'ਚੋਂ ਨਹੀਂ ਨਿੱਕਲਦਾ?"

"ਓਹ ਮੌਮ! ਹੁਣ ਸਟੈਲਾ ਨੂੰ ਵਿਚ ਕਿਉਂ ਲਿਆਉਂਦੇ ਹੋ? ਤੁਸੀਂ ਕੰਮ ਦੱਸੋ, ਜਿਹੜਾ ਕਰਾਉਣੈ!" ਸੰਨੀ ਨੇ ਰਤਾ ਕੁ ਹਿਰਖ਼ ਕੇ ਕਿਹਾ। ਓਦਾਂ ਹੁਣ ਉਸ ਨੂੰ ਅਭਿਆਸ ਜਿਹਾ ਹੋ ਗਿਆ ਹੈ ਕਿ ਜਦੋਂ ਉਸ ਦੀ ਮਾਂ, ਉਸ ਨੂੰ ਉੱਠਦੇ ਸਾਰ ਆਵਾਜ਼ ਮਾਰਦੀ ਹੈ ਤਾਂ ਜ਼ਰੂਰ ਹੀ, ਜਾਂ ਤਾਂ ਉਸ ਦੀ ਸ਼ਰਾਬ ਨਹੀਂ ਲੱਭਦੀ ਹੁੰਦੀ ਜਾਂ ਫਿਰ ਮੁੱਕੀ ਹੋਈ ਹੁੰਦੀ ਹੈ। ਉਸ ਨੇ ਆਪਣੀ ਮਾਂ ਦੇ ਨਸ਼ੱਈ ਰਹਿਣ ਦਾ, ਕੁਝ-ਕੁਝ ਫ਼ਾਇਦਾ ਵੀ ਉਠਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ਰਾਬ ਦੀ ਤੋੜ ਮਹਿਸੂਸ ਕਰਦਿਆਂ ਕੁਲਵੰਤ ਕੌਰ, ਆਪ ਉੱਠਣਾ ਔਖਾ ਮਹਿਸੂਸ ਕਰਦਿਆਂ, ਸੰਨੀ ਨੂੰ ਆਪਣੇ ਪਰਸ ਵਿਚੋਂ 'ਪੈਸੇ' ਲੈਣ ਲਈ ਕਹਿ ਦਿੰਦੀ ਤਾਂ ਉਹ ਸ਼ਰਾਬ ਲਿਆਉਣ ਲਈ ਕੱਢੇ ਪੈਸਿਆਂ ਦੇ ਨਾ਼ਲ ਹੀ, ਆਪਣੇ ਜੇਬ ਖ਼ਰਚ ਲਈ ਵੀ ਕੁਝ ਨਾ ਕੁਝ ਕੱਢ ਹੀ ਲੈਂਦਾ। ਉਹ ਪਰਸ ਵਿਚੋਂ ਕੱਢੀ ਰਕਮ ਵਿਚੋਂ ਆਪਣੇ ਖ਼ਰਚਣ ਲਈ ਦਸ ਡਾਲਰ ਰੱਖ ਕੇ, ਬਾਕੀਆਂ ਦੀ ਵਿਸਕੀ ਲਿਆ ਕੇ ਆਪਣੀ ਮਾਂ ਨੂੰ ਉਸ ਦਾ 'ਫ਼ਰਮਾਬਰਦਾਰ' ਹੋਣ ਦਾ ਸਬੂਤ ਦੇ ਦਿੰਦਾ।

ਇੰਨੇ ਵਿਚ ਕੁਲਵੰਤ ਕੌਰ, ਖਾਣ ਲਈ ਇਹੋ ਜਿਹਾ ਕੁਝ ਬਣਾ ਦਿੰਦੀ, ਜੋ ਸਵੇਰੇ ਖਾਣ ਵਾ਼ਲੇ ਲਈ 'ਬ੍ਰੇਕਫਾਸਟ' ਹੁੰਦਾ ਤੇ ਦੁਪਹਿਰ ਨੂੰ ਖਾਣ ਵਾ਼ਲੇ ਲਈ 'ਲੰਚ' ਬਣ ਜਾਂਦਾ। ਇਸ ਦੌਰਾਨ ਹੀ ਉਹ ਕਲੋਜ਼ੈੱਟ ਅੰਦਰ ਜਾ ਕੇ ਇਕ ਗਲਾਸ ਵਿਸਕੀ ਹੋਰ ਪੀ ਲੈਂਦੀ ਤੇ ਆਪਣੇ ਬਿਸਤਰੇ 'ਤੇ ਜਾ ਲਿਟਦੀ।

ਹਰਪਾਲ ਸਿੰਘ ਸਵੇਰੇ ਚਾਹ ਦੇ ਨਾ਼ਲ ਕੁਝ ਬ੍ਰੈੱਡ ਬਗ਼ੈਰਾ ਖਾ ਕੇ ਬਾਹਰ ਨਿੱਕਲ ਜਾਂਦਾ ਤੇ ਘਰ ਦੇ ਨੇੜੇ ਹੀ ਇਕ ਪਾਰਕ ਵਿਚ ਤਾਸ਼ ਖੇਡਦੇ 'ਵਿਹਲੜ ਬੁੜ੍ਹਿਆਂ' ਨੂੰ 'ਆਹ ਪੱਤਾ ਜਾਂ ਔਹ ਸੁੱਟਣ' ਵਿਚ ਸਲਾਹਾਂ ਦਿੰਦਾ ਰਹਿੰਦਾ। ਉਂਝ ਉਹ ਘਰੋਂ ਸੈਰ ਕਰਨ ਦੇ ਬਹਾਨੇ ਹੀ ਨਿੱਕਲਦਾ ਹੁੰਦਾ ਸੀ। ਉਸ ਦੇ ਸਵੇਰੇ ਸਾਹਜਰੇ ਹੀ ਘਰੋਂ ਨਿੱਕਲ ਜਾਣ ਦੀ ਇਕ ਵਜ੍ਹਾ ਇਹ ਵੀ ਸੀ ਕਿ ਹੁਣ ਉਸ ਤੋਂ ਆਪਣੀ ਸ਼ਰਾਬਣ ਤੀਵੀਂ ਦੀਆਂ ਯੱਭਲੀਆਂ ਹੋਰ ਸਹਾਰੀਆਂ ਨਹੀਂ ਜਾਂਦੀਆਂ ਸਨ। ਜਿਸ ਤਰ੍ਹਾਂ ਕੁਲਵੰਤ ਕੌਰ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ ਸੀ, ਹਰਪਾਲ ਸਿੰਘ ਨੇ ਤਾਸ਼ ਖੇਡਣ ਵਾਲ਼ਿਆਂ ਨੂੰ ਸਲਾਹਾਂ ਦੇਣ ਦੀ ਆਦਤ ਪਾ ਲਈ ਹੋਈ ਸੀ। ਦੋਵੇਂ ਜੀਅ ਆਪੋ-ਆਪਣੇ ਨਸ਼ੇ ਵਿਚ ਗ਼ਲਤਾਨ ਸਨ ਤੇ ਔਲਾਦ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਬੇਪ੍ਰਵਾਹ ਹੀ ਸਨ!

ਚੰਨੀ ਨੇ ਜਿਸ ਦਿਨ ਤੋਂ ਸੰਨੀ ਨੂੰ ਸਟੈਲਾ ਨਾ਼ਲ 'ਫੜਿਆ' ਸੀ, ਉਸ ਨੇ ਇਹ ਗੱਲ ਆਪਣੇ ਮਾਪਿਆਂ ਨੂੰ ਦੱਸ ਕੇ ਸੰਨੀ ਨੂੰ, ਐਵੇਂ ਲੋਲੋ-ਪੋਪੋ ਕਰਨ ਵਰਗੀਆਂ ਝਿੜਕਾਂ ਪੁਆਉਣਾ ਠੀਕ ਸਮਝਣ ਦੀ ਥਾਂ, ਇਹ ਗੱਲ ਆਪਣੇ ਕੋਲ ਹੀ ਰੱਖ ਕੇ ਸੰਨੀ ਨੂੰ ਆਪਣੇ ਚਿਰਾਗ਼ ਦਾ ਜਿੰਨ ਬਣਾ ਲਿਆ ਸੀ। ਹੁਣ ਉਹ ਕੋਈ ਵਗਾਰ ਕਰਾਉਣ ਲਈ ਸੰਨੀ ਨੂੰ ਹੀ ਵਰਤਦੀ ਤੇ ਸੰਨੀ ਆਪਣੀ ਇਸ 'ਦੁਰਵਰਤੋਂ' ਨੂੰ ਆਪਣੇ 'ਧੰਨ ਭਾਗ' ਸਮਝਦਾ ਨਾ ਥੱਕਦਾ।

ਚੰਨੀ ਨੇ ਵੀਹ ਸਾਲਾਂ ਦੀ ਹੋਣ ਤੋਂ ਪਹਿਲਾਂ-ਪਹਿਲਾਂ ਹੀ ਬੇਕਰੀ ਤੋਂ ਲੈ ਕੇ, 'ਟੈਕਸ ਐਂਡ ਰਿਟਾਇਰਮੈਂਟ ਫਰਮ' ਤਕ ਦਾ ਕੰਮ ਸਾਰਾ ਕੰਮ ਕਰਨ ਦਾ ਅਨੁਭਵ ਤਾਂ ਹਾਸਲ ਕਰ ਹੀ ਲਿਆ ਸੀ, ਸਗੋਂ ਜਿਸਮਾਨੀ ਆਨੰਦ ਦਾ 'ਅੱਛਾ-ਖ਼ਾਸਾ' ਅਨੁਭਵ ਵੀ 'ਗ੍ਰਹਿਣ' ਕਰ ਲਿਆ ਸੀ। ਇੰਨੀ 'ਤਜਰਬਾਕਾਰ' ਹੋਣ ਦੇ ਨਾ਼ਲ-ਨਾ਼ਲ ਚੰਨੀ ਹੌਂਡਾ ਨੇ ਇਹ ਅਹਿਸਾਸ ਵੀ, ਬਹੁਤ ਧੜੱਲੇ ਨਾ਼ਲ ਕਮਾਇਆ ਹੋਇਆ ਸੀ ਕਿ ਉਹ 'ਹਾਲੇ ਵੀ ਕੁਆਰੀ' ਹੈ।

ਉਹ ਕਈ ਵਾਰੀ ਸੋਚਦੀ ਕਿ ਜਿਹੜੀਆਂ ਕੁੜੀਆਂ ਹੋਰ ਦਫ਼ਤਰਾਂ ਜਾਂ ਕੰਪਨੀਆਂ ਵਿਚ, ਭਾਵੇਂ ਕਿੰਨੇ ਵੀ ਉੱਚੇ ਅਹੁਦੇ ਉੱਤੇ ਕੰਮ ਕਰਦੀਆਂ ਹੋਣ, ਪਰ ਉਹ ਆਪਣੇ ਸਾਰੇ ਕੰਮ, ਆਪਣੇ ਜਿਸਮ ਦੀ ਮਦਦ ਨਾ਼ਲ ਹੀ ਤਾਂ ਕਰਦੀਆਂ ਹਨ। ਹਰ ਕੰਮ ਵਿਚ ਮਨ ਤਾਂ ਲਾਉਣਾ ਹੀ ਪੈਂਦਾ ਹੈ, ਪਰ ਤਨ ਦੀ ਵਰਤੋਂ ਵੀ ਕੀਤੀ ਹੀ ਜਾਂਦੀ ਹੈ। 'ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥' ਅਜੇ ਕੱਲ੍ਹ ਹੀ ਤਾਂ ਗੁਰੂ-ਘਰ ਅੱਗਿਉਂ ਲੰਘਦਿਆਂ ਇਹ ਗੁਰ-ਬੋਲ, ਉਸ ਦੇ ਕੰਨੀਂ ਪਏ ਸਨ। ਇੰਨੀ ਛੋਟੀ ਉਮਰ ਵਿਚ ਹੀ ਉਹ, ਇਹ ਤਾਂ ਸਮਝ ਹੀ ਗਈ ਸੀ ਕਿ 'ਇਹ ਮਾਨਸ ਜਨਮ ਅਮੋਲ ਹੈ' ਜਾਂ 'ਮਾਨਸ ਜਨਮ ਦੁਲੰਭ ਹੈ' ਦੇ ਕੀ ਅਰਥ ਹਨ।

ਹੁਣ ਉਸ ਨੂੰ ਇਹ ਵੀ ਸਮਝ ਆ ਗਿਆ ਸੀ ਕਿ 'ਇਸ ਜਗ ਮਹਿ ਪੁਰਖੁ ਏਕ ਹੈ ਹੋਰ ਸਗਲੀ ਨਾਰਿ ਸਵਾਈ।' ਗੁਰਬਾਣੀ ਹੀ ਤਾਂ ਕਹਿੰਦੀ ਏ, 'ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥' ਇਕ ਦਿਨ ਉਸ ਨੇ ਆਪ, ਗੁਰੂ-ਘਰ ਵਿਚ 'ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰੁ,' ਸ਼ਬਦ ਦਾ ਕੀਰਤਨ ਕੀਤਾ ਸੀ ਤੇ ਗ੍ਰੰਥੀ ਬਾਬੇ ਨੇ ਇਸ ਸ਼ਬਦ ਦੇ ਅਰਥ ਕਰਦਿਆਂ ਕਿਹਾ ਸੀ, "ਹਰ ਮਰਦ-ਔਰਤ ਤੋਂ ਭੁੱਲਾਂ ਹੁੰਦੀਆਂ ਨੇ, ਜਿਸ ਕੋ਼ਲੋਂ ਕਦੇ ਵੀ ਕੋਈ ਭੁੱਲ ਨਹੀਂ ਹੁੰਦੀ, ਉਹ ਗੁਰੂ ਹੈ, ਉਹ ਕਰਤਾਰ ਹੈ।"

ਉਸ ਨੂੰ ਲੱਗਦਾ ਕਿ ਗੁਰੂ-ਘਰ ਵਿਚ ਹੀ ਹੋਏ ਸੁਣੇ ਸ਼ਬਦ 'ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥' ਦੇ ਅਰਥ ਵੀ, ਉਸ ਨੂੰ ਹੁਣ ਸਮਝ ਆਉਣੇ ਸ਼ੁਰੂ ਹੋ ਗਏ ਸਨ।

---

ਇਸ ਪੜਾਅ 'ਤੇ ਆ ਕੇ ਦਾਨਿਸ਼ ਨੇ ਆਪਣਾ ਸਿਰ ਆਪਣੇ ਹੱਥਾਂ ਵਿਚ ਬੋਚ ਲਿਆ ਤੇ ਉਹ ਵਿਚਾਰਾਂ ਵਿਚ ਪੈ ਗਿਆ। ਉਹ ਸੋਚਣ ਲੱਗਿਆ ਕਿ ਚੰਨੀ ਹੌਂਡਾ ਨੂੰ ਅਮਰੀਕਾ ਵਿਚ ਰੁਜ਼ਗਾਰ ਤਾਂ ਇਸ ਤਰ੍ਹਾਂ ਮਿਲੀ ਜਾਂਦੇ ਸਨ, ਜਿਸ ਤਰ੍ਹਾਂ ਅੰਨ੍ਹੇ ਦੇ ਪੈਰ ਹੇਠ ਬਟੇਰੇ ਆਈ ਜਾਂਦੇ ਹੋਣ, ਪਰ ਉਸ ਦੇ ਬਾਪ ਹਰਪਾਲ ਸਿੰਘ ਹੌਂਡਾ ਦੀ, ਇੰਜੀਨੀਅਰ ਵਜੋਂ ਯੋਗਤਾ, ਉਸ ਵੱਲੋਂ ਪੱਗ ਬੰਨ੍ਹਣੀ ਛੱਡਣ ਮਗਰੋਂ ਵੀ ਉਸ ਦੇ ਕੰਮ ਨਹੀਂ ਆ ਰਹੀ ਸੀ। ਫੇਰ ਉਸ ਨੂੰ ਕਿਸੇ ਵੱਲੋਂ ਦੱਸੀ ਹੋਈ ਉਹ ਗੱਲ ਯਾਦ ਆ ਗਈ ਕਿ ਅਮਰੀਕਾ ਅਤੇ ਕੈਨੇਡਾ ਦੀਆਂ ਸਰਕਾਰਾਂ ਵੱਲੋਂ ਵਿਦਿਆਰਥੀਆਂ ਨੂੰ ਕੁਝ ਘੰਟੇ ਕੰਮ ਲਾਜ਼ਮੀ ਦੇਣ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹੋ ਵਜ੍ਹਾ ਹੈ ਕਿ ਜਹਾਨ ਦੇ ਹਰ ਮੁਲਕ ਦੇ ਮੁੰਡੇ-ਕੁੜੀਆਂ, ਪੜ੍ਹਨ ਦੇ ਬਹਾਨੇ ਇਨ੍ਹਾਂ ਮੁਲਕਾਂ ਵੱਲ ਭੱਜੇ ਜਾ ਰਹੇ ਹਨ। ਇਸੇ ਲਈ ਚੰਨੀ ਆਪਣੀ ਸਹੂਲਤ ਅਨੁਸਾਰ ਇਕ ਕੰਮ ਛੱਡ ਕੇ ਦੂਜਾ ਫੜੀ ਜਾ ਰਹੀ ਸੀ, ਕਰੀ ਜਾ ਰਹੀ ਸੀ।

ਜੇਬ-ਖ਼ਰਚ ਕਮਾਉਣ ਖ਼ਾਤਰ ਇਨ੍ਹਾਂ ਕੰਮਾਂ ਵਿਚ ਪਈ ਹੋਈ ਚੰਨੀ ਨੂੰ ਕੁਝ ਸਮਾਂ ਬਾਅਦ, ਇਸ ਕਮਾਈ ਦਾ ਚਸਕਾ ਜਿਹਾ ਹੀ ਲੱਗ ਗਿਆ। ਉਸ ਦੇ ਪਰਿਵਾਰ ਵੱਲੋਂ ਅਮਰੀਕਾ ਵਿਚ ਵਸੇਬਾ ਕਰ ਲੈਣ ਮਗਰੋਂ ਚੰਨੀ ਨੇ ਆਪਣਾ 'ਸਟੂਡੈਂਟ' ਵਾਲਾ ਸਟੇਟੱਸ ਬਰਕਰਾਰ ਰੱਖਣ ਲਈ ਤੇ ਕੰਮ ਮਿਲਦੇ ਰੱਖਣ ਲਈ, ਦੋ ਸਾਲ ਲਈ ਨਰਸਿੰਗ ਦੇ ਕੋਰਸ ਵਿਚ ਵੀ ਦਾਖ਼ਲਾ ਲੈ ਲਿਆ ਸੀ। ਬਾਈ ਸਾਲ ਦੀ ਉਮਰ ਵਿਚ ਮਾਡਲਿੰਗ ਦੀਆਂ ਕੁਝ ਅਸਾਈਨਮੈਂਟਸ ਕਰ ਕੇ, ਕੁਝ ਲੋਕਾਂ ਦੀਆਂ ਨਜ਼ਰਾਂ ਵਿਚ ਆ ਗਈ ਚੰਨੀ ਦੀ ਮੁਲਾਕਾਤ 'ਤਿੰਨ ਕਾਟੀ ਫ਼ਿਲਮਾਂ' (ਥ੍ਰੀ ਐਕਸ ਫ਼ਿਲਮਾਂ) ਯਾਨੀ 'ਗੰਦੀਆਂ ਫ਼ਿਲਮਾਂ' ਵਿਚ ਕੰਮ ਦੁਆਉਣ ਵਾ਼ਲੇ ਇਕ ਏਜੰਟ ਨਾ਼ਲ ਹੋ ਗਈ। ਤਕਰੀਬਨ ਹਰ ਤੀਜੇ ਹਿੰਦੁਸਤਾਨੀ ਵਾਂਗ ਹੀ, ਚੰਨੀ ਦੇ ਮਨ ਵਿਚ ਵੀ ਫ਼ਿਲਮਾਂ ਵਿਚ ਕੰਮ ਕਰਨ ਦੇ ਕੀੜੇ ਨੇ ਆਂਡੇ ਦਿੱਤੇ ਹੋਏ ਸਨ। ਉਸ ਨੇ ਇਨ੍ਹਾਂ ਫ਼ਿਲਮਾਂ ਵਿਚ ਕੰਮ ਕਰਨ ਦਾ ਤਜਰਬਾ ਹਾਸਲ ਕਰਨ ਮਗਰੋਂ, ਭਾਰਤ ਜਾ ਕੇ ਇੰਡੀਅਨ ਫ਼ਿਲਮ ਇੰਡਸਟਰੀ ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਇਰਾਦਾ ਵੀ ਕੀਤਾ ਹੋਇਆ ਸੀ। ਉਸ ਨੂੰ ਲੱਗਿਆ ਕਿ ਇਨ੍ਹਾਂ 'ਗੰਦੀਆਂ' ਤੇ 'ਅਸ਼ਲੀਲ' ਫ਼ਿਲਮਾਂ ਵਿਚ ਕੰਮ ਕਰ ਕੇ ਉਸ ਨੂੰ ਹਿੰਦੀ ਫ਼ਿਲਮਾਂ ਵਿਚ ਕੰਮ ਹਾਸਲ ਕਰਨਾ ਹੋਰ ਸੌਖਾ ਹੋ ਜਾਵੇਗਾ, ਕਿਉਂਕਿ ਇਸ ਤਰ੍ਹਾਂ ਕਰਨ ਨਾ਼ਲ ਉਹ, ਕੈਮਰੇ ਦੇ ਸਾਹਮਣੇ 'ਅਦਾਕਾਰੀ' ਕਰਨ ਦਾ ਡਰ ਮਨੋਂ ਲਾਹ ਚੁੱਕੀ ਹੋਵੇਗੀ।

ਚੰਨੀ ਨੂੰ ਲੱਗਿਆ ਕਿ ਉਹ ਸਮਾਂ ਦੂਰ ਨਹੀਂ, ਜਦੋਂ ਉਹ ਹਿੰਦੀ ਫ਼ਿਲਮਾਂ ਦੀ ਹੀਰੋਇਨ ਬਣਨ ਖ਼ਾਤਰ 'ਗੇਟ ਵੇ ਆਫ ਇੰਡੀਆ' ਵਿਚੋਂ ਲੰਘ ਕੇ ਮੁੰਬਈ ਪਹੁੰਚ ਜਾਵੇਗੀ। ਕੁਝ ਹੀ ਅਸ਼ਲੀਲ ਫ਼ਿਲਮਾਂ ਵਿਚ ਕੰਮ ਕਰ ਕੇ, ਉਸ ਨੂੰ 'ਮੁੰਬਈ ਤਾਂ ਆਹ ਪਿਆ' ਲੱਗਣ ਲੱਗ ਪਿਆ ਸੀ। ਅਸਲ ਵਿਚ 'ਪੋਰਨ ਫ਼ਿਲਮ ਇੰਡਸਟਰੀ' ਯਾਨੀ 'ਗੰਦੀਆਂ ਫ਼ਿਲਮਾਂ ਬਣਾਉਣ ਵਾ਼ਲੀਆਂ ਕੰਪਨੀਆਂ' ਨੇ 22 ਕੁ ਸਾਲਾਂ ਦੀ ਉਮਰ ਵਿਚ ਹੀ ਚਾਰੇ ਪਾਸੇ ਆਪਣਾ ਰੌ਼ਲਾ ਜਿਹਾ ਪੁਆ ਚੁੱਕੀ 'ਚੰਨੀ ਹੌਂਡਾ' ਨੂੰ ਆਪਣੀ ਛੱਤਰੀ ਉੱਤੇ ਉਤਾਰਨ ਖ਼ਾਤਰ, ਆਪਣੇ 'ਏਜੰਟ' ਉਸ ਦੇ ਮਗਰ ਲਾਏ ਹੋਏ ਸਨ। ਚੰਨੀ ਨੂੰ ਮਿਲਿਆ ਪਹਿਲਾ ਏਜੰਟ ਵੀ ਅਚਾਨਕ ਹੀ ਜਾਂ ਸੰਜੋਗੀਂ ਹੀ ਨਹੀਂ ਮਿਲ ਗਿਆ ਸੀ। ਇਹ ਏਜੰਟ 'ਛੱਜੂ ਦਾ ਚੁਬਾਰਾ' ਯਾਨੀ 'ਪੈਂਟਹਾਊਸ' ਵਰਗੀ ਇਕ ਮਸ਼ਹੂਰ ਕੰਪਨੀ ਦਾ ਬੰਦਾ ਸੀ ਤੇ ਇਸ ਕੰਪਨੀ ਨੇ ਚੰਨੀ ਨੂੰ ਆਪਣੇ ਪਰਾਂ ਹੇਠ ਲੈਣ ਲਈ ਆਪਣੇ ਗੱਲੇ ਦਾ ਮੂੰਹ ਵੀ ਖੁੱਲ੍ਹਾ ਹੀ ਰੱਖਿਆ ਹੋਇਆ ਸੀ।

ਉਸ ਏਜੰਟ ਨੇ ਇਸ ਕੰਮ ਲਈ ਚੰਨੀ ਨੂੰ 'ਟਿਕਾਉਣ' ਖ਼ਾਤਰ, ਉਸ ਨੂੰ 'ਆਫਰ' ਹੀ ਇੰਨੀ ਦਿੱਤੀ, ਜੋ ਚੰਨੀ ਲਈ ਠੁਕਰਾਉਣੀ ਸੌਖੀ ਨਹੀਂ ਸੀ।

⇒ ਬਾਕੀ ਅਗਲੇ ਅੰਕ ਵਿੱਚ

# ਕੌਮਾਂਤਰੀ ਮਾਂ ਬੋਲੀ ਦਿਹਾੜਾ 2025

# International Mother Language Day 2025

A Joint Celebration by Punjabi Community In The US Midwest

## Organizing Committee for Celebration of the International Mother Language (Punjabi) Day

## At 5 PM on April 6th, 2025

**National India Hub:** 930 National Parkway, Schaumburg, IL 60173

Chief Guest



Mr. Somnath Ghosh
Hon'ble Consul General (Chicago)

Chief Patron




Darshan Singh Dhaliwal
Parvasi Bhartiya Divas Sanman Awardee

Chief Coordinator



Dr. Harjinder Singh Khaira

Coordinator



Raj Lally Batala

Grand Sponsor



J.P. Khaira




Gulzar Singh Multani



Bhupinder S. Dhaliwal



Lucky Sahota



Happy Heer



Parminder Singh Goldi

*Convener*


Ms. Kamlesh Kapoor

*Jt. Coordinator*

Rajinder Singh Mago
Kuljeet Dyalpuri
Gurmukh Singh Bhullar
Charandeep Singh
Jasmeet Singh
Ms. Jasbir Kaur Mann
P.S. Mann
Aman Kullar
Jigerdeep Singh Dhillon
Narinder Sra
Rajinder Dayal
Surjit Singh Sallan
Harjinder Singh Jindi
Amardev Singh Bandesha

*Media Supporters*

Punjabi Parwaz
Punjab Times
PTC Punjabi
Daily Ajit Jalandhar



Amarik Singh Chicago



Dr. Vikram Gill



P.S. Mann




Darshan Singh Grewal



Brij Sharma



Sarvan Singh Mishvaka



Paul Singh Khalil



Kamlesh Kapoor



Davinder Singh Rangi



Jaskaran Singh Dhaliwal



Harjinder Singh Jindi



Surjit Singh Sallan

### ਪੰਜਾਬੀ ਸਾਹਿਤ ਦਾ ਸਤਿਕਾਰ Glory of Punjabi Literature



Dr. Atamjit
Sahitya Academy Award & Sangeet Natak Academy Award



Ravinder Singh Sahra



Kashish Hoshiarpuri



Sajid Chaudhary



Abid Rasheed



Rakind Kaur



Gurleen Kaur



Gulam Mustafa Anjum



Tahira Rida



Amrit Pal Kaur



Gurbakhsh Rahi

### ਬੇਨਤੀ ਕਰਤਾ ਸੰਸਥਾਵਾਂ Organizing Associations

Punjabi Cultural Society Chicago
ਕਲਮਾਂ ਦੇ ਅੰਗ ਸੰਗ
PAO
Guru Ladho Re Sewa Society of Wisconsin Inc
SWERA Women Support Group ਸਵੇਰਾ SIKH WOMEN ERA
Sukhanwar Chicago A Literary and Cultural Organization
PCS of Michigan
Global Punjabi Milaap
Dheean Pukardian inc A 501 (C) (3) Charity

*Also a big thank to the following sports organizations for their unwavering support and co-operation:*

Punjab Sports Club Chicago; Punjabi Sports & Cultural Club; Sher-e-Punjab Sports Club Chicago; Sher-e-Punjab Sports & Cultural Club Chicago; Sant Baba Prem Singh Sports Club South Bend; Punjabi American Youth Club Indiana